ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 12 | Issue 39 | 5 October to 11 October 2022 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com

# ਸਿੱਖ ਬੁੱਧੀਜੀਵੀ ਤੇ ਕੌਮੀ ਘੱਟਗਿਣਤੀ ਕਮਿਸ਼ਨ ਆਲ ਇੰਡੀਆ ਗੁਰਦੁਆਰਾ ਐਕਟ ਬਣਾਉਣ ਦੇ ਹੱਕ ਵਿਚ

## ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੀਤਾ ਸਮਰਥਨ, ਕਿਹਾ ਕਿ ਸ਼੍ਰੋਮਣੀ ਕਮੇਟੀ ਵਿਚ ਹੁਣ ਕੇਂਦਰ ਦੀ ਦਖਲਅੰਦਾਜ਼ੀ ਨਹੀਂ ਰਹੇਗੀ

## ਹਰਿਆਣਾ ਕਮੇਟੀ ਕਾਨੂੰਨ ਨੂੰ ਮਾਨਤਾ ਸ਼੍ਰੋਮਣੀ ਕਮੇਟੀ ਦੇ 102 ਸਾਲਾ ਇਤਿਹਾਸ ਅਤੇ ਸਾਡੀ ਰੂਹ ’ਤੇ ਹਮਲਾ : ਐਡਵੋਕੇਟ ਧਾਮੀ

ਜਲੰਧਰ/ਏ.ਟੀ.ਨਿਊਜ਼ :- ਹਰਿਆਣਾ ਸਿੱਖ ਗੁਰਦੁਆਰਾ ਐਕਟ, 2014 ਦੀ ਮਾਨਤਾ ਨੂੰ ਬਰਕਰਾਰ ਰੱਖਣ ਵਾਲੇ ਸੁਪਰੀਮ ਕੋਰਟ ਦੇ ਫੈਸਲੇ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਹੈਰਾਨੀ ਦਾ ਪ੍ਰਗਟਾਵਾ ਕਰ ਰਹੇ ਹਨ ਅਤੇ ਉਨ੍ਹਾਂ ਨੇ ਕੇਂਦਰ ਸਰਕਾਰ ਵਿਰੁਧ ਮੋਰਚਾ ਵੀ ਸ਼ੁਰੂ ਕਰ ਦਿੱਤਾ ਹੈ। ਹਾਲੇ ਤੱਕ ਉਨ੍ਹਾਂ ਨੂੰ ਸੰਗਤਾਂ ਤੇ ਪੰਥਕ ਜਥੇਬੰਦੀਆਂ ਦਾ ਸਹਿਯੋਗ ਨਹੀਂ ਮਿਲ ਰਿਹਾ। ਪਰ ਉੱਘੇ ਸਿੱਖ ਬੁੱਧੀਜੀਵੀਆਂ ਦਾ ਵੱਡਾ ਵਰਗ ਇਸ ਨੂੰ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਵਿੱਚ ਕੇਂਦਰ ਸਰਕਾਰ ਦੀ ਦਖਲਅੰਦਾਜ਼ੀ ਨੂੰ ਖਤਮ ਕਰਨ ਦਾ ਮੌਕਾ ਦੱਸ ਰਿਹਾ ਹੈ ਅਤੇ ਪੰਜਾਬ ਸਰਕਾਰ ਨੂੰ ਕੰਟਰੋਲ ਵਾਪਸ ਦਿਵਾਉਣ ਦਾ ਮੌਕਾ ਸਮਝਦਾ ਹੈ। ਸੀਨੀਅਰ ਐਡਵੋਕੇਟ ਐਚ ਐਸ ਫੂਲਕਾ ਨੇ ਫੇਸਬੁੱਕ ਲਾਈਵ ’ਤੇ ਕਿਹਾ ਕਿ ਜਦੋਂ ਹਰਿਆਣਾ ਨੂੰ ਵੱਖਰੀ ਕਮੇਟੀ ਮਿਲੀ ਹੈ ਅਤੇ ਚੰਡੀਗੜ੍ਹ ਅਤੇ ਹਿਮਾਚਲ ਪ੍ਰਦੇਸ਼ ਐਸਜੀਪੀਸੀ ਹਾਊਸ ਵਿਚ ਸਿਰਫ਼ ਇਕ-ਇਕ ਮੈਂਬਰ ਭੇਜ ਰਹੇ ਹਨ, ਹੁਣ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅੰਤਰਰਾਜੀ ਰੱਖਣ ਦਾ ਕੋਈ ਮਤਲਬ ਨਹੀਂ ਹੈ। ਇਸ ਨਾਲ ਕੇਂਦਰ ਤੋਂ ਖਹਿੜਾ

### ਸ਼੍ਰੋਮਣੀ ਕਮੇਟੀ ਕੇਂਦਰ ਵਿਰੁਧ ਮੋਰਚਾ ਲਗਾਉਣ ਦੀ ਤਿਆਰੀ ਵਿਚ



ਛੁਟੇਗਾ। ਰਾਜ ਸਰਕਾਰ ਸ਼੍ਰੋਮਣੀ ਕਮੇਟੀ ਦੀ ਚੋਣ ਕਰਵਾਉਣ ਦੀ ਹੱਕਦਾਰ ਬਣਾਈ ਜਾ ਸਕੇਗੀ। ਇਸ ਸੰਬੰਧੀ ਸਾਨੂੰ ਆਲ ਇੰਡੀਆ ਗੁਰਦੁਆਰਾ ਐਕਟ ਲਈ ਸੰਘਰਸ਼ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਿੱਖ ਗੁਰਦੁਆਰਾ ਐਕਟ, 1925 ਵਿੱਚ ਪੰਜਾਬ ਅਸੈਂਬਲੀ ਦੁਆਰਾ ਪਾਸ ਕੀਤਾ ਗਿਆ ਸੀ ਅਤੇ ਹੁਣ ਇਸ ਨੂੰ ਪੰਜਾਬ ਅਸੈਂਬਲੀ ਦੇ ਅਧੀਨ ਲਿਆਂਦਾ ਜਾਣਾ ਚਾਹੀਦਾ ਹੈ, ਜਿੱਥੇ ਸਰਕਾਰ ਚਾਹੇ ਕਿਸੇ ਵੀ ਪਾਰਟੀ ਦੀ ਹੋਵੇ, ਸਿੱਖਾਂ ਨੂੰ ਸੁਣਨਾ ਪਏਗਾ ਅਤੇ ਕੰਮ ਕਰਵਾਉਣਾ ਬਹੁਤ ਸੌਖਾ ਹੋਵੇਗਾ।

(ਬਾਕੀ ਸਫ਼ਾ 30 ’ਤੇ)

### ਕੌਮੀ ਘੱਟਗਿਣਤੀ ਕਮਿਸ਼ਨ ਦਾ ਪੱਖ

ਕੌਮੀ ਘੱਟਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਨੇ ਕਿਹਾ ਹੈ ਕਿ ‘ਆਲ ਇੰਡੀਆ ਗੁਰਦੁਆਰਾ ਬਿਲ’ ’ਤੇ ਸਿੱਖ ਭਾਈਚਾਰੇ ਵਿੱਚ ਚਰਚਾ ਹੋਣੀ ਚਾਹੀਦੀ ਹੈ ਅਤੇ ਫਿਰ ਇਸ ਨੂੰ ਪਾਸ ਕਰਵਾਉਣ ਲਈ ਯਤਨ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਇਹ ਵੀ ਕਿਹਾ ਹੈ ਕਿ ਸਮਾਂ ਆਉਣ ’ਤੇ ਕੌਮੀ ਘੱਟਗਿਣਤੀ ਕਮਿਸ਼ਨ ਇਸ ਮੁੱਦੇ ’ਤੇ ਦੇਸ਼ ਭਰ ਦੇ ਸਿੱਖ ਨੁਮਾਇੰਦਿਆਂ ਦੀ ਮੀਟਿੰਗ ਵੀ ਬੁਲਾ ਸਕਦੀ ਹੈ। ਭਾਵੇਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) 1950 ਤੋਂ ਇਹ ਮੰਗ ਕਰਦੀ ਆ ਰਹੀ ਹੈ ਕਿ ਆਲ ਇੰਡੀਆ ਗੁਰਦੁਆਰਾ ਐਕਟ ਪਾਸ ਕੀਤਾ ਜਾਵੇ ਪਰ ਜਦੋਂ 1998-99 ਵਿੱਚ ਵਾਜਪਾਈ ਸਰਕਾਰ ਨੇ ਬਿੱਲ ਦਾ ਖਰੜਾ ਭੇਜਿਆ ਤਾਂ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਦਾ ਸਮਾਂ ਆਇਆ। ਇਸ ਦੀ ਬਾਦਲ ਦਲ ਵਲੋਂ ਸਹੀ ਪੈਰਵੀ ਨਹੀਂ ਕੀਤੀ ਗਈ ਅਤੇ ਉਹ ਇਸ ਡਰੋਂ ਚੁੱਪ ਹੋ ਗਏ ਕਿ ਇਹ ਐਕਟ ਬਣਨ ਕਾਰਨ ਸੱਤਾ ਦਾ ਸੰਤੁਲਨ ਅਰਥਾਤ ਗੁਰਦੁਆਰਾ ਪ੍ਰਬੰਧ ਉਨ੍ਹਾਂ ਦੇ ਹੱਥੋਂ ਖਿਸਕ ਸਕਦਾ ਹੈ। ਬਾਅਦ ਵਿੱਚ, ਇਸ ਮੁੱਦੇ ਨੂੰ ਛੱਡ ਦਿੱਤਾ ਗਿਆ ਸੀ।

ਇਸ ਮੁੱਦੇ ਨੂੰ ਖਾਲਸਾ ਪੰਥ ਵਿੱਚ ਵਿਚਾਰਿਆ ਜਾਣਾ ਚਾਹੀਦਾ ਹੈ ਅਤੇ ਫਿਰ ਅਸੀਂ ਤੈਅ ਸਮੇਂ ਵਿੱਚ ਦੇਸ਼ ਭਰ ਦੇ ਪ੍ਰਤੀਨਿਧੀਆਂ ਦੀ ਮੀਟਿੰਗ ਵੀ ਬੁਲਾਵਾਂਗੇ ਅਤੇ ਸਰਕਾਰ ਨੂੰ ਸਿਫਾਰਸ਼ਾਂ ਭੇਜ ਸਕਦੇ ਹਾਂ। ਬਿੱਲ ਦਾ ਖਰੜਾ 1999 ਵਿੱਚ ਪਹਿਲਾਂ ਹੀ ਭੇਜਿਆ ਜਾ ਚੁੱਕਾ ਹੈ ਅਤੇ ਜੇਕਰ ਕੋਈ ਸੋਧਾਂ ਦੀ ਲੋੜ ਹੈ ਤਾਂ ਇਨ੍ਹਾਂ ਦਾ ਸੁਝਾਅ ਦਿੱਤਾ ਜਾਵੇ। ਕਮਿਊਨਿਟੀ ਦੇ ਅੰਦਰਲੇ ਅੰਦਰੂਨੀ ਕਲੇਸ਼ ਖਤਮ ਹੋਣੇ ਚਾਹੀਦੇ ਹਨ ਅਤੇ ਸਮੁੱਚੇ ਵਿਕਾਸ ਲਈ ਭਾਈਚਾਰੇ ਵਿੱਚ ਇਕਸੁਰਤਾ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਆਲ ਇੰਡੀਆ ਐਕਟ

(ਬਾਕੀ ਸਫ਼ਾ 30 ’ਤੇ)

### ਮਾਮਲਾ ਗੈਂਗਸਟਰ ਟੀਨੂੰ ਦੇ ਪੁਲਿਸ ਹਿਰਾਸਤ ਵਿਚੋਂ ਫ਼ਰਾਰ ਹੋਣ ਦਾ

# ਆਈਜੀਪੀ ਛੀਨਾ ਦੀ ਅਗਵਾਈ ’ਚ ਚਾਰ ਮੈਂਬਰੀ ਐੱਸਆਈਟੀ ਬਣੀ

## ਮਾਨਸਾ ਦੇ ਸੀਆਈਏ ਇੰਚਾਰਜ ਪ੍ਰਿਤਪਾਲ ਸਿੰਘ ਨੂੰ ਤੁਰੰਤ ਮੁਅੱਤਲ ਕਰਕੇ ਗ੍ਰਿਫ਼ਤਾਰ ਕੀਤਾ : ਡੀਜੀਪੀ

- ਟੀਨੂੰ, ਮੂਸੇਵਾਲਾ ਕਤਲ ਕੇਸ ਵਿੱਚ ਚਾਰਜਸ਼ੀਟ ਕੀਤੇ 24 ਮੁਲਜ਼ਮਾਂ ਵਿੱਚੋਂ ਇੱਕ
- ਦੀਪਕ ਟੀਨੂੰ ਦੇ ਫਰਾਰ ਹੋਣ ਤੋਂ ਵਿਰੋਧੀ ਧਿਰ ਨੇ ਪੰਜਾਬ ਸਰਕਾਰ ਨੂੰ ਘੇਰਿਆ



ਚੰਡੀਗੜ੍ਹ/ਏ.ਟੀ.ਨਿਊਜ਼ :- ਡੀਜੀਪੀ ਪੰਜਾਬ ਗੌਰਵ ਯਾਦਵ ਨੇ ਮਾਨਸਾ ਵਿੱਚ ਗੈਂਗਸਟਰ ਦੀਪਕ ਟੀਨੂੰ ਦੇ ਪੁਲਿਸ ਹਿਰਾਸਤ ਵਿੱਚੋਂ ਫ਼ਰਾਰ ਹੋਣ ਦੀ ਸਾਰੀ ਸਾਜ਼ਿਸ਼ ਦਾ ਪਰਦਾਫਾਸ਼ ਕਰਨ ਅਤੇ ਇਸ ਮਾਮਲੇ ਦੀ ਪ੍ਰਭਾਵਸ਼ਾਲੀ ਅਤੇ ਤੇਜ਼ੀ ਨਾਲ ਜਾਂਚ ਨੂੰ ਯਕੀਨੀ ਬਣਾਉਣ ਲਈ ਇੱਕ ਚਾਰ ਮੈਂਬਰੀ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਦਾ ਗਠਨ ਕੀਤਾ ਹੈ।ਐੱਸਆਈਟੀ ਵਿੱਚ ਪਟਿਆਲਾ ਰੇਂਜ ਦੇ ਆਈਜੀਪੀ ਐੱਮਐੱਸ ਛੀਨਾ ਨੂੰ ਚੇਅਰਮੈਨ ਵਜੋਂ ਸ਼ਾਮਲ ਕੀਤਾ ਗਿਆ ਹੈ, ਜਦੋਂ ਕਿ ਤਿੰਨ ਮੈਂਬਰਾਂ ਵਿੱਚ ਏਆਈਜੀ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐੱਫ) ਉਪਿੰਦਰਜੀਤ ਸਿੰਘ, ਐੱਸਐੱਸਪੀ ਮਾਨਸਾ ਗੌਰਵ ਤੂਰਾ ਅਤੇ ਡੀਐਸਪੀ ਏਜੀਟੀਐਫ ਬਿਕਰਮਜੀਤ ਸਿੰਘ ਬਰਾੜ ਸ਼ਾਮਲ ਹਨ। ਸਟੇਸ਼ਨ ਹਾਊਸ ਅਫਸਰ (ਐੱਸਐੱਚਓ) ਪੁਲਿਸ ਥਾਣਾ ਸਿਟੀ-1 ਮਾਨਸਾ ਵੱਲੋਂ ਐੱਸਆਈਟੀ ਨੂੰ ਪੂਰਾ ਸਹਿਯੋਗ ਹੋਵੇਗਾ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਪੂਰੇ ਜ਼ੋਰਾਂ ’ਤੇ ਚੱਲ ਰਹੀ ਹੈ ਅਤੇ ਪੁਲਿਸ ਦੀਆਂ ਕਈ ਟੀਮਾਂ ਫਰਾਰ ਹੋਏ ਗੈਂਗਸਟਰ ਨੂੰ ਫੜਨ ਲਈ ਛਾਪੇਮਾਰੀ ਕਰ ਰਹੀਆਂ ਹਨ। ਸਰਗਰਮ ਪਹੁੰਚ ਅਪਣਾਉਂਦਿਆਂ ਪੰਜਾਬ ਪੁਲਿਸ ਵੱਲੋਂ ਮਾਨਸਾ ਦੇ ਸੀਆਈਏ ਇੰਚਾਰਜ ਪ੍ਰਿਤਪਾਲ ਸਿੰਘ ਨੂੰ ਤੁਰੰਤ ਮੁਅੱਤਲ ਕਰਕੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਅਤੇ ਡਿਊਟੀ ਵਿੱਚ ਕੁਤਾਹੀ ਕਰਨ ਦੇ ਦੋਸ਼ ਵਿੱਚ ਉਸ ਵਿਰੁੱਧ ਐੱਫਆਈਆਰ ਦਰਜ ਕੀਤੀ ਗਈ ਸੀ। ਡੀ.ਜੀ.ਪੀ. ਨੇ ਕਿਹਾ ਕਿ ਐਸ.ਆਈ.ਟੀ. ਇਸ ਮਾਮਲੇ ਦੀ ਰੋਜ਼ਾਨਾ ਅਧਾਰ ’ਤੇ ਜਾਂਚ ਕਰੇਗੀ ਅਤੇ ਦੋਸ਼ੀ ਪਾਏ ਜਾਣ ਵਾਲੇ ਕਿਸੇ ਵੀ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਜਾਵੇਗਾ ਅਤੇ ਪੁਲਿਸ ਵੱਲੋਂ ਉਨ੍ਹਾਂ ਖ਼ਿਲਾਫ਼ ਸਬੰਧਤ ਅਦਾਲਤ ਵਿੱਚ ਰਿਪੋਰਟ ਪੇਸ਼ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਸਿੱਧੂ ਮੂਸੇਵਾਲਾ ਕਤਲ ਕਾਂਡ ਦਾ

(ਬਾਕੀ ਸਫ਼ਾ 30 ’ਤੇ)

### ਅੰਦਰ ਪੜ੍ਹੋ



6

ਤਾਜਪੋਸ਼ੀ ਤੋਂ ਬਾਅਦ ਅੰਮ੍ਰਿਤਪਾਲ ਦੀਆਂ ਸਰਗਰਮੀਆਂ ਖ਼ੁਫ਼ੀਆ ਏਜੰਸੀਆਂ ਦੇ ਨਿਸ਼ਾਨੇ ਉਪਰ



13

ਨਸ਼ੇ ਕਾਰਨ ਸਭ ਤੋਂ ਵੱਧ ਮੌਤਾਂ ਦੇ ਮਾਮਲੇ ’ਚ ਪੰਜਾਬ ਭਾਰਤ ’ਚ ਤੀਜੇ ਸਥਾਨ ’ਤੇ

# ਸਵੱਛਤਾ ਸਰਵੇਖਣ ’ਚ ਭਾਰਤ ਵਿਚੋਂ ਪੰਜਾਬ ਦਾ ਪੰਜਵਾਂ ਸਥਾਨ

ਚੰਡੀਗੜ੍ਹ/ਏ.ਟੀ.ਨਿਊਜ਼ -ਸਥਾਨਕ ਸਰਕਾਰਾਂ ਬਾਰੇ ਮੰਤਰੀ ਡਾ. ਇੰਦਰਬੀਰ ਸਿੰਘ ਨਿੱਜਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਵੱਛਤਾ ਸਰਵੇਖਣ-2022 ’ਚ ਪੰਜਾਬ ਨੇ 5ਵਾਂ ਸਥਾਨ ਹਾਸਲ ਕੀਤਾ ਹੈ। ਉਨ੍ਹਾਂ ਕਿਹਾ ਕਿ ਉੱਤਰੀ ਜ਼ੋਨ ਵਿਚ ਪੰਜਾਬ ਨੇ ਪਹਿਲਾ ਸਥਾਨ ਹਾਸਲ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਪੰਜਾਬ 7ਵੇਂ ਸਥਾਨ ’ਤੇ ਸੀ ਤੇ ਇਸ ਸਾਲ 5ਵੇਂ ਸਥਾਨ ’ਤੇ ਪਹੁੰਚ ਗਿਆ ਹੈ। ਉਨ੍ਹਾਂ ਦੱਸਿਆ ਕਿ ਸਵੱਛਤਾ ਸਰਵੇਖਣ ਦੌਰਾਨ ਪੰਜਾਬ ਨੇ ਦੇਸ਼ ਭਰ ਵਿਚੋਂ 2935 ਅੰਕ ਹਾਸਲ ਕੀਤੇ ਹਨ। ਉਨ੍ਹਾਂ ਕਿਹਾ ਕਿ ਸ਼ਹਿਰ ਦੀ ਆਬਾਦੀ ਦੇ ਹਿਸਾਬ ਨਾਲ ਮੂਨਕ, ਨਵਾਂਸ਼ਹਿਰ ਤੇ ਗੋਬਿੰਦਗੜ੍ਹ ਨੇ ਸਾਫ਼ ਸੁਥਰੇ ਸ਼ਹਿਰਾਂ ਵਜੋਂ ਪਹਿਲਾ ਦਰਜਾ ਹਾਸਲ ਕੀਤਾ ਹੈ। ਇਸ ਤੋਂ ਇਲਾਵਾ ਘੱਗਾ, ਬਰੇਟਾ, ਭੀਖੀ, ਦਸੂਹਾ, ਕੁਰਾਲੀ, ਨੰਗਲ ਤੇ ਫ਼ਾਜ਼ਿਲਕਾ ਨੂੰ ਵੀ ਸਵੱਛਤਾ ਸਰਵੇਖਣ ਸਮਾਰੋਹ ’ਚ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਨੂੰ ਸਾਫ਼ ਸੁਥਰਾ ਵਾਤਾਵਰਨ ਮੁਹੱਈਆ ਕਰਵਾਉਣ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ, ਜਿਸ ਦੇ ਸਿੱਟੇ ਵਜੋਂ ਸੂਬੇ ਨੇ ਪੰਜਾਬ ਸਰਕਾਰ ਦੀਆਂ ਸ਼ਹਿਰੀ ਸਥਾਨਕ ਇਕਾਈਆਂ ਵੱਲੋਂ ਕਰਵਾਏ ਸਫ਼ਾਈ ਸਰਵੇਖਣ ’ਚ ਪੁਰਸਕਾਰ ਜਿੱਤਿਆ ਹੈ।

### ਮੂਨਕ, ਨਵਾਂਸ਼ਹਿਰ ਤੇ ਗੋਬਿੰਦਗੜ੍ਹ ਸਾਫ ਸੁਥਰੇ ਸ਼ਹਿਰਾਂ ’ਚ ਹੋਏ ਸ਼ਾਮਲ

**ਸਵੱਛਤਾ ਪੱਖੋਂ ਸੂਬੇ ’ਚੋਂ ਫ਼ਿਰੋਜ਼ਪੁਰ ਨੂੰ ਪਹਿਲਾ ਦਰਜਾ**

ਪੰਜਾਬ ’ਚ ਸਵੱਛਤਾ ਪੱਖੋਂ ਫ਼ਿਰੋਜ਼ਪੁਰ ਨੇ ਪਹਿਲਾ ਸਥਾਨ ਤੇ ਦੇਸ਼ ’ਚੋਂ 64ਵਾਂ ਸਥਾਨ ਹਾਸਲ ਕੀਤਾ ਹੈ। ਇਸ ਸਬੰਧੀ ਡਿਪਟੀ ਕਮਿਸ਼ਨਰ ਸ੍ਰੀਮਤੀ ਅੰਮ੍ਰਿਤ ਸਿੰਘ ਨੇ ਦੱਸਿਆ ਕਿ

(ਬਾਕੀ ਸਫ਼ਾ 30 ’ਤੇ)


Certificate Course in
DATA ANALYTICS
Eligibility : B.Tech, M.Tech, BCA, MCA, BSc, MSc, MBA
Mentors are industry expert from USA and India
100% Placement assistance for high growth tech jobs
100% fee waiver / scholarship from Sikh Education Council and Startup Farms IT Limited.
Support and mentorship for projects and case siudy solutions
Training experience certificate by Startup Farms It Ltd
Total Seats : 50
Course Duration : 6 Months
Selection criteria : Interview
EXPERTS FROM USA & INDIA
SRI GURU GRANTH SAHIB WORLD UNIVERSITY
FATEHGARH SAHIB, PUNJAB
Admission Helpline
70096-48231, 62805-38113


TRANS-ALLIANCE
TOGETHER WE SAVE
FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS
FUEL CARDS
NO CREDIT - NO PROBLEM
BEST CUSTOMER SERVICE
FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE
TOGETHER WE SAVE
YOU BREAK DOWN
WE SHOW UP
24-HOUR ROADSIDE ASSISTANCE
TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST
FUEL MANAGEMENT
DAILY FUEL RATES IN PHONE APP
CALL FOR MORE INFO
(855)641-6955, (888)795-7035

# 1984 ਦਾ ਸਾਲ ਆਧੁਨਿਕ ਭਾਰਤੀ ਇਤਿਹਾਸ ਵਿੱਚ 'ਸਭ ਤੋਂ ਕਾਲ਼ੇ' ਸਾਲਾਂ ਵਿੱਚੋਂ ਇੱਕ ਹੈ : ਅਮਰੀਕੀ ਸੈਨੇਟਰ

## ਭਾਰਤ 'ਚ ਨਸਲੀ ਸਮੂਹਾਂ ਦਰਮਿਆਨ ਹਿੰਸਕ ਘਟਨਾਵਾਂ 'ਚ ਖ਼ਾਸ ਤੌਰ 'ਤੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ

ਫਰੀਮਾਂਟ/ਏ.ਟੀ.ਨਿਊਜ਼ :- ਅਮਰੀਕੀ ਸੈਨੇਟਰ ਪੈਟ ਟੂਮੀ ਨੇ ਕਿਹਾ ਕਿ ਸੰਨ 1984 ਦੇ ਸਿੱਖ ਵਿਰੋਧੀ ਦੰਗੇ ਆਧੁਨਿਕ ਭਾਰਤੀ ਇਤਿਹਾਸ ਦੇ 'ਸਭ ਤੋਂ ਕਾਲੇ' ਸਾਲਾਂ ਵਿੱਚੋਂ ਇੱਕ ਹੈ ਨਾਲ ਹੀ ਉਸਨੇ ਸਿੱਖਾਂ ਵਿਰੁੱਧ ਕੀਤੇ ਭਾਰਤੀ ਹਕੂਮਤ ਦੇ ਅੱਤਿਆਚਾਰਾਂ ਨੂੰ ਯਾਦ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ ਤਾਂ ਜੋ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਇਆ ਜਾ ਸਕੇ।

31 ਅਕਤੂਬਰ, 1984 ਨੂੰ ਜਦੋਂ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦਾ ਉਸਦੇ ਸਿੱਖ ਅੰਗ ਰੱਖਿਅਕਾਂ ਵਲੋਂ ਕਤਲ ਕੀਤੇ ਜਾਣ ਤੋਂ ਬਾਅਦ ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਹਿੰਸਾ ਭੜਕ ਗਈ। ਇਸ ਸਮੇਂ ਭਾਰਤ ਭਰ ਵਿੱਚ 3,000 ਤੋਂ ਵੱਧ ਸਿੱਖ ਮਾਰੇ ਗਏ ਅਤੇ ਸੱਭ ਤੋਂ ਵੱਧ ਕਤਲੇਆਮ ਰਾਸ਼ਟਰੀ ਰਾਜਧਾਨੀ ਦਿੱਲੀ ਵਿਚ ਕੀਤਾ ਗਿਆ।

'1984 ਆਧੁਨਿਕ ਭਾਰਤੀ ਇਤਿਹਾਸ ਦੇ ਸਭ ਤੋਂ ਕਾਲੇ ਸਾਲਾਂ ਵਿੱਚੋਂ ਇੱਕ ਦੀ ਨਿਸ਼ਾਨਦੇਹੀ ਕਰਦਾ ਹੈ। ਸੈਨੇਟਰ ਪੈਟ ਟੂਮੀ ਨੇ ਸੈਨੇਟ ਦੇ ਫਲੋਰ 'ਤੇ ਆਪਣੇ ਭਾਸ਼ਣ ਵਿੱਚ ਕਿਹਾ ਕਿ ਦੁਨੀਆ ਨੇ ਭਾਰਤ ਵਿੱਚ ਨਸਲੀ




ਸਮੂਹਾਂ ਵਿੱਚ ਕਈ ਹਿੰਸਕ ਘਟਨਾਵਾਂ ਨੂੰ ਦੇਖਿਆ, ਜਿਸ ਵਿੱਚ ਕਈ ਖਾਸ ਤੌਰ 'ਤੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ ਸੀ। 'ਅਸੀਂ ਇੱਥੇ ਉਸ ਦੁਖਾਂਤ ਨੂੰ ਯਾਦ ਕਰਨ ਲਈ ਆਏ ਹਾਂ ਜੋ 1 ਨਵੰਬਰ, 1984 ਨੂੰ ਪੰਜਾਬ ਸੂਬੇ ਵਿੱਚ ਸਿੱਖਾਂ ਅਤੇ ਕੇਂਦਰ ਭਾਰਤ ਸਰਕਾਰ ਦਰਮਿਆਨ ਦਹਾਕਿਆਂ ਤੋਂ ਚੱਲ ਰਹੇ ਨਸਲੀ ਤਣਾਅ ਤੋਂ ਬਾਅਦ ਸ਼ੁਰੂ ਹੋਇਆ ਸੀ।

ਪੈਨਸਿਲਵੇਨੀਆ ਤੋਂ ਸੈਨੇਟਰ ਨੇ ਕਿਹਾ ਕਿ ਅਕਸਰ ਅਜਿਹੇ ਮਾਮਲਿਆਂ ਵਿੱਚ, ਅਧਿਕਾਰਤ ਅੰਦਾਜ਼ੇ ਪੂਰੀ ਕਹਾਣੀ ਨਹੀਂ ਦੱਸਦੇ, ਪਰ ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ 30,000 ਤੋਂ ਵੱਧ ਸਿੱਖ ਮਰਦਾਂ, ਔਰਤਾਂ ਅਤੇ ਬੱਚਿਆਂ ਨੂੰ ਭਾਰਤ ਭਰ ਵਿੱਚ ਵਿਰੋਧੀ ਭੀੜ ਦੁਆਰਾ ਜਾਣਬੁੱਝ ਕੇ ਨਿਸ਼ਾਨਾ ਬਣਾਇਆ ਗਿਆ, ਬਲਾਤਕਾਰ ਕੀਤਾ ਗਿਆ, ਕਤਲ ਕੀਤਾ ਗਿਆ ਅਤੇ ਉਜਾੜ ਦਿੱਤਾ ਗਿਆ।

ਭਵਿੱਖ ਵਿੱਚ ਮਨੁੱਖੀ ਅਧਿਕਾਰਾਂ ਦੇ ਘਾਣ ਨੂੰ ਰੋਕਣ ਲਈ, ਸਾਨੂੰ ਉਨ੍ਹਾਂ ਦੇ ਪੁਰਾਣੇ ਰੂਪਾਂ ਨੂੰ ਪਛਾਣਨਾ ਚਾਹੀਦਾ ਹੈ। ਸਾਨੂੰ ਸਿੱਖਾਂ ਵਿਰੁੱਧ ਕੀਤੇ ਗਏ ਅੱਤਿਆਚਾਰਾਂ ਨੂੰ ਯਾਦ ਰੱਖਣਾ ਚਾਹੀਦਾ ਹੈ ਤਾਂ ਜੋ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਠਹਿਰਾਇਆ ਜਾ ਸਕੇ ਅਤੇ ਇਸ ਤਰ੍ਹਾਂ ਦੀ ਦੁਖਾਂਤ ਸਿੱਖ ਕੌਮ ਜਾਂ ਵਿਸ਼ਵ ਭਰ ਦੇ ਹੋਰ ਭਾਈਚਾਰਿਆਂ ਵਿਰੁੱਧ ਨਾ ਦੁਹਰਾਈ ਜਾਵੇ।

ਸੈਨੇਟਰ ਟੂਮੀ, ਜੋ ਕਿ ਅਮਰੀਕਨ ਸਿੱਖ ਕਾਂਗਰੇਸ਼ਨਲ ਕਾਕਸ ਦੇ ਮੈਂਬਰ ਹਨ ਨੇ ਸਿੱਖ ਧਰਮ ਦੀ ਪ੍ਰਮੁੱਖਤਾ ਨੂੰ ਬਿਆਨ ਕਰਦੇ ਕਿਹਾ ਕਿ ਭਾਰਤ ਦੇ ਸੂਬਾ ਪੰਜਾਬ ਆਪਣੇ ਲਗਭਗ 600 ਸਾਲਾਂ ਦੇ ਇਤਿਹਾਸ ਨੂੰ ਖੋਜ ਰਿਹਾ ਹੈ। ਵਿਸ਼ਵ ਪੱਧਰ 'ਤੇ ਲਗਭਗ 30 ਮਿਲੀਅਨ ਪੈਰੋਕਾਰਾਂ ਅਤੇ ਅਮਰੀਕਾ ਵਿੱਚ 700,000 ਦੇ ਨਾਲ, ਸਿੱਖ ਧਰਮ ਵਿਸ਼ਵ ਦੇ ਪ੍ਰਮੁੱਖ ਧਰਮਾਂ ਵਿੱਚੋਂ ਇੱਕ ਹੈ।

ਇਤਿਹਾਸਕ ਤੌਰ 'ਤੇ, ਸਿੱਖਾਂ ਨੇ ਆਪਣੀ ਉਦਾਰਤਾ ਅਤੇ ਭਾਈਚਾਰੇ ਦੀ ਡੂੰਘੀ ਭਾਵਨਾ ਦਾ ਪ੍ਰਦਰਸ਼ਨ ਕਰਦੇ ਹੋਏ, ਸਾਰੇ ਧਾਰਮਿਕ, ਸੱਭਿਆਚਾਰਕ ਅਤੇ ਨਸਲੀ ਪਿਛੋਕੜ ਵਾਲੇ ਵਿਅਕਤੀਆਂ ਦੀ ਸੇਵਾ ਕਰਨ ਲਈ ਵਚਨਬੱਧਤਾ ਦਾ ਪ੍ਰਦਰਸ਼ਨ ਕੀਤਾ ਹੈ।

ਸੈਨੇਟਰ ਨੇ ਕਿਹਾ, 'ਕੋਵਿਡ-19 ਮਹਾਂਮਾਰੀ ਦੇ ਦੌਰਾਨ, ਪੈਨਸਿਲਵੇਨੀਆ ਅਤੇ ਸੰਯੁਕਤ ਰਾਜ ਵਿੱਚ ਸਿੱਖ ਭਾਈਚਾਰਿਆਂ ਨੇ ਹਜ਼ਾਰਾਂ ਲੋੜਵੰਦ ਪਰਿਵਾਰਾਂ ਨੂੰ ਕਰਿਆਨੇ, ਮਾਸਕ ਅਤੇ ਹੋਰ ਸਪਲਾਈ ਦੇਣ ਲਈ ਇਕੱਠੇ ਹੋ ਕੇ ਉਨ੍ਹਾਂ ਦੀ ਨਸਲ, ਲਿੰਗ, ਧਰਮ, ਜਾਂ ਨਸਲ ਦੀ ਕੋਈ ਪ੍ਰਵਾਹ ਨਹੀਂ ਕੀਤੀ। ਸ੍ਰੀ ਟੂਮੇ ਨੇ ਕਿਹਾ ਕਿ ਉਨ੍ਹਾਂ ਨੇ ਨਿੱਜੀ ਤੌਰ 'ਤੇ ਸਿੱਖਾਂ ਦੀ ਭਾਵਨਾ ਨੂੰ ਦੇਖਿਆ ਹੈ ਅਤੇ ਸਿੱਖ ਪਰੰਪਰਾ ਨੂੰ ਚੰਗੀ ਤਰ੍ਹਾਂ ਸਮਝਿਆ ਹੈ ਜੋ ਬਰਾਬਰੀ, ਸਤਿਕਾਰ ਅਤੇ ਸ਼ਾਂਤੀ 'ਤੇ ਆਧਾਰਿਤ ਹੈ।

ਅੱਗੇ ਉਸ ਨੇ ਕਿਹਾ ਕਿ ਇਹ ਸਪੱਸ਼ਟ ਹੈ ਕਿ ਸਿੱਖ ਭਾਈਚਾਰੇ ਦੀ ਮੌਜੂਦਗੀ ਅਤੇ ਯੋਗਦਾਨ ਨੇ ਦੇਸ਼ ਭਰ ਵਿੱਚ ਉਨ੍ਹਾਂ ਦੇ ਆਂਢ-ਗੁਆਂਢ ਨੂੰ ਭਰਪੂਰ ਸਹਿਯੋਗ ਦਿੱਤਾ ਹੈ।

# ਕੈਲੀਫੋਰਨੀਆ ਵਾਸੀਆਂ ਨੂੰ ਸੜਕ ਪਾਰ ਕਰਨ ਦੀ ਹੋਵੇਗੀ ਖੁੱਲ੍ਹ

## ਗਵਰਨਰ ਨੇ 'ਦ ਫ਼ਰੀਡਮ ਟੂ ਵਾਕ ਐਕਟ' 'ਤੇ ਕੀਤੇ ਦਸਤਖ਼ਤ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਕੈਲੀਫੋਰਨੀਆ ਵਿਚ ਇਕ ਅਜਿਹਾ ਕਾਨੂੰਨ ਹੋਂਦ ਵਿਚ ਆ ਗਿਆ ਹੈ ਜਿਸ ਤਹਿਤ ਕੈਲੀਫੋਰਨੀਆ ਵਾਸੀਆਂ ਨੂੰ ਸੜਕਾਂ ਪਾਰ ਕਰਨ ਦੀ ਖੁੱਲ੍ਹ ਦਿੱਤੀ ਗਈ ਹੈ ਤੇ ਜੁਰਮਾਨਾ ਵਸੂਲਣ ਲਈ ਛੇਤੀ ਕੀਤਿਆਂ ਉਨਾਂ ਦੀ ਟਿਕਟ ਨਹੀਂ ਕੱਟੀ ਜਾਵੇਗੀ। ਪੁਲਿਸ ਅਧਿਕਾਰੀ ਮਾੜੀ ਮੋਟੀ ਕੁਤਾਹੀ 'ਤੇ ਜੁਰਮਾਨਾ ਨਹੀਂ ਵਸੂਲ ਸਕਣਗੇ। ਗਵਰਨਰ ਗੈਵਿਨ ਨਿਊਸੋਮ ਨੇ 'ਦ ਫਰੀਡਮ ਟੂ ਵਾਕ ਐਕਟ' ਉਪਰ ਦਸਤਖਤ ਕਰ ਦਿੱਤੇ ਹਨ। ਇਹ ਜਾਣਕਾਰੀ ਅਸੈਂਬਲੀ ਮੈਂਬਰ ਫਿਲ ਟਿੰਗ ਵੱਲੋਂ ਦਿੱਤੀ ਗਈ ਹੈ ਜਿਨ੍ਹਾਂ ਨੇ ਇਹ ਬਿੱਲ ਸਪਾਂਸਰ ਕੀਤਾ ਸੀ। ਇਹ ਨਵਾਂ ਕਾਨੂੰਨ 1 ਜਨਵਰੀ,2023 ਤੋਂ ਲਾਗੂ ਹੋ ਜਾਵੇਗਾ ਜਿਸ ਤਹਿਤ ਕੋਈ ਵੀ ਪੁਲਿਸ ਅਧਿਕਾਰੀ ਓਦੋਂ ਤੱਕ ਕਿਸੇ ਕੋਲੋਂ ਜੁਰਮਾਨਾ ਵਸੂਲਣ ਦਾ ਫੁਰਮਾਨ ਜਾਰੀ ਨਹੀਂ ਕਰ ਸਕੇਗਾ ਜਦੋਂ ਤੱਕ ਪੈਦਲ ਜਾ ਰਿਹਾ ਵਿਅਕਤੀ ਫੌਰੀ ਕਿਸੇ ਸੰਭਾਵੀ ਹਾਦਸੇ ਲਈ ਖਤਰਾ ਨਾ ਖੜ੍ਹਾ ਕਰੇ। ਟਿੰਗ ਨੇ ਕਿਹਾ ਹੈ ਕਿ 'ਜੈਵਾਕਿੰਗ ਲਾਅ'


ਸੈਕਰਾਮੈਂਟੋ ਵਿਚ ਪੈਦਲ ਸੜਕ ਪਾਰ ਕਰਦੇ ਹੋਏ ਲੋਕ

ਜਬਰਦਸਤੀ ਕੈਲੀਫੋਰਨੀਆ ਵਿਚ ਥੋਪਿਆ ਗਿਆ ਸੀ ਜਿਸ ਤਹਿਤ ਜੇਕਰ ਕੋਈ ਵਿਅਕਤੀ ਲਾਲ ਬੱਤੀ ਤੋਂ ਪਹਿਲਾਂ ਲਾਈਟ ਦੇ ਜਗਣ-ਬੁਝਣ ਸਮੇਂ ਸੜਕ ਪਾਰ ਕਰਦਾ ਹੈ ਤਾਂ ਉਸ ਦੀ ਟਿਕਟ ਕੱਟੀ ਜਾ ਸਕਦੀ ਹੈ ਅਰਥਾਤ ਉਸ ਕੋਲੋਂ ਜੁਰਮਾਨਾ ਲਿਆ ਜਾਂਦਾ ਹੈ। ਟਿੰਗ ਨੇ ਕਿਹਾ ਹੈ ਕਿ ਨਵਾਂ ਕਾਨੂੰਨ ਪੁਲਿਸ ਨੂੰ ਵਧੀਕੀ ਕਰਨ ਤੋਂ ਰੋਕੇਗਾ। ਉਨਾਂ ਕਿਹਾ ਹੈ ਕਿ ਪੁਲਿਸ ਟਿਕਟ ਕੱਟਣ ਲੱਗਿਆਂ ਸਿਆਹਫਿਆਮ ਲੋਕਾਂ ਨਾਲ ਵਿਤਕਰਾ ਕਰਦੀ ਹੈ। ਉਨਾਂ ਕਿਹਾ ਹੈ ਕਿ 'ਕੈਲੀਫੋਰਨੀਆ ਰੇਸੀਕਲ ਐਂਡ ਆਈਡੈਂਟਿਟੀ ਪ੍ਰੋਫਾਲਿੰਗ ਐਕਟ' ਤੋਂ ਪਤਾ ਲੱਗਦਾ ਹੈ ਕਿ 2018-2020 ਦਰਮਿਆਨ ਕਾਲੇ ਲੋਕਾਂ ਕੋਲੋਂ ਗੋਰਿਆਂ ਦੀ ਤੁਲਨਾ ਵਿਚ ਸਾਢੇ 4 ਗੁਣਾਂ ਵਧ ਜੁਰਮਾਨਾ ਵਸੂਲਿਆ ਗਿਆ ਹੈ।

# ਟੋਰਾਂਟੋ ਸਿੱਖ ਯੂਥ ਵੱਲੋਂ ਕਰਵਾਏ ਜਾ ਰਹੇ ਨੇ ਅੰਤਰਰਾਸ਼ਟਰੀ ਗੱਤਕਾ ਮੁਕਾਬਲੇ

ਟੋਰਾਂਟੋ/ਏ.ਟੀ.ਨਿਊਜ਼ :- ਟੋਰਾਂਟੋ ਸਿੱਖ ਯੂਥ ਵਲੋਂ ਅੰਤਰਰਾਸ਼ਟਰੀ ਗੱਤਕਾ ਮੁਕਾਬਲੇ ਕਰਵਾਏ ਜਾ ਰਹੇ ਹਨ ਜੋ ਕਿ ਸਿੱਖ ਨੌਜਵਾਨਾਂ ਵਲੋਂ ਬਹੁਤ ਹੀ ਸ਼ਲਾਘਾਯੋਗ ਕਾਰਜ ਕੀਤਾ ਜਾ ਰਿਹਾ ਹੈ, ਕਿਉਂਕਿ ਅਜਿਹੇ ਕਾਰਜ ਜਾਂ ਯਤਨ ਸਾਡੇ ਬੱਚਿਆਂ ਨੂੰ ਗੁਰਸਿੱਖੀ ਵਿੱਚ ਪਰਪੱਕ ਰੱਖਣ ਲਈ ਬਹੁਤ ਜਰੂਰੀ ਹਨ।

ਅੰਤਰਰਾਸ਼ਟਰੀ ਗੱਤਕਾ ਮੁਕਾਬਲੇ 8 ਅਕਤੂਬਰ 2022 ਦਿਨ ਸ਼ਨੀਵਾਰ ਸਵੇਰੇ 11 ਤੋਂ 9 ਵਜੇ ਤੱਕ ਓਂਟਾਰੀਓ ਖਾਲਸਾ ਦਰਬਾਰ ਡਿਕਸੀ ਗੁਰਦੁਆਰਾ ਵਿਖੇ ਹੋਣਗੇ। ਜਿਨ੍ਹਾਂ ਵਿੱਚ ਇੰਟਰਨੈਸ਼ਨਲ ਅਤੇ ਉਤਰੀ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਤੋਂ ਗੱਤਕੇ ਦੀਆਂ ਟੀਮਾਂ ਹਿੱਸਾ ਲੈਣਗੀਆਂ। ਜੇਤੂ ਰਹਿਣ ਵਾਲਿਆਂ ਨੂੰ ਕੁੱਲ £10,000 ਤੋਂ ਵੱਧ ਇਨਾਮ ਵੰਡੇ ਜਾਣਗੇ। ਇਸ ਸਾਲ ਇਹ ਮੁਕਾਬਲੇ ਮੀਰੀ ਪੀਰੀ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਯਾਦ ਵਿਚ ਕਰਵਾਏ ਜਾ ਰਹੇ ਹਨ।ਇੰਟਰਨੈਸ਼ਨਲ ਅਤੇ ਉੱਤਰੀ ਅਮਰੀਕਾ ਦੇ ਉੱਚ ਚੋਟੀ ਦੇ ਖਿਡਾਰੀ ਕੈਲੀਫ਼ੋਰਨੀਆ ਦੇ ਸ਼ਹਿਰ ਸਲਮਾ, ਫਰੀਮਾਂਟ, ਅਤੇ ਯੂਬਾ ਸਿਟੀ, ਨਿਊਯਾਰਕ, ਇੰਡੀਆਨਾ, ਡੀ.ਸੀ., ਟੋਰਾਂਟੋ, ਸਰੀ ਬੀ.ਸੀ., ਕੈਲਗਿਰੀ, ਮਾਂਟਰੀਅਲ, ਇੰਡੀਆ ਅਤੇ ਨਿਊਜਰਸੀ ਤੋਂ ਇਸ ਟੂਰਨਾਮੈਂਟ ਵਿਚ ਹਿੱਸਾ ਲੈਣਗੇ। ਵਿਸ਼ੇਸ਼ ਤੌਰ 'ਤੇ ਫਰੀ ਸੋਟੀ ਅਤੇ ਕ੍ਰਿਪਾਨਾਂ ਘੁਮਾਉਣ ਦੇ ਮੁਕਾਬਲੇ ਹੋਣਗੇ। ਵਿਦੇਸ਼ੀ ਧਰਤੀ 'ਤੇ ਇਹ ਸਭ ਤੋਂ ਵੱਡਾ ਗੱਤਕਾ ਮੁਕਾਬਲਾ ਪ੍ਰੋਗਰਾਮ ਹੋਵੇਗਾ। ਆਪ ਜੀ ਨੇ ਸਮੇਂ ਸਿਰ ਪਹੁੰਚ ਕੇ ਪ੍ਰਦਰਸ਼ਨ ਦਾ ਅਨੰਦ ਮਾਨਣਾ ਹੈ ਜੀ। ਇਨ੍ਹਾਂ ਗਤਕਾ ਮੁਕਾਬਿਲਆਂ ਵਿਚ ਕੋਈ ਐਂਟਰੀ ਫੀਸ ਨਹੀਂ ਹੋਵੇਗੀ। ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਹੋਰ ਜਾਣਕਾਰੀ ਲਈ ਭਾਈ ਜਸਦੇਵ ਸਿੰਘ ਜੀ ਨਾਲ ਫੋਨ 416-835-1909 ਅਤੇ ਵੈਬਸਾਈਟ www.yudh.net 'ਤੇ ਸੰਪਰਕ ਕਰਕੇ ਪ੍ਰਾਪਤ ਕੀਤੀ ਜਾ ਸਕਦੀ ਹੈ।

# ਅਮਰੀਕਾ ਵਿਚ ਪੰਜਾਬੀ ਪਰਿਵਾਰ ਨੂੰ ਅਗਵਾ ਕਰਨ ਵਾਲਾ ਸ਼ੱਕੀ ਦੋਸ਼ੀ ਹਸੂਸ ਮੈਨੂਅਲ ਸਲਗਾਡੋ ਗ੍ਰਿਫ਼ਤਾਰ

## ਦੋਸ਼ੀ ਵਲੋਂ ਆਪਣੀ ਜਾਨ ਲੈਣ ਦੀ ਕੋਸ਼ਿਸ਼, ਹਾਲਤ ਗੰਭੀਰ, ਹਸਪਤਾਲ ਦਾਖਲ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਬੀਤੇ ਦਿਨ ਇਕ ਹਥਿਆਰਬੰਦ ਵਿਅਕਤੀ ਵੱਲੋਂ ਅਗਵਾ ਕੀਤੇ ਪੰਜਾਬੀ ਮੂਲ ਦੇ ਅਮਰੀਕੀ ਪਰਿਵਾਰ ਨੂੰ ਲੱਭਣ ਲਈ ਖੂਫੀਆਂ ਏਜੰਸੀਆਂ ਆਪਣੇ ਪੱਧਰ 'ਤੇ ਪੂਰੀ ਕੋਸ਼ਿਸ਼ ਕਰ ਰਹੀਆਂ ਹਨ ਪਰ ਮਰਸਡ ਕਾਉਂਟੀ ਖੂਫੀਆਂ ਏਜੰਸੀਆਂ ਨੂੰ ਸੂਚਨਾ ਮਿਲੀ ਕਿ ਅਗਵਾ ਵਿਅਕਤੀਆਂ ਦੇ ਏ ਟੀ ਐਮ ਕਾਰਡਾਂ ਵਿੱਚੋਂ ਇੱਕ ਦੀ ਵਰਤੋਂ ਐਟਵਾਟਰ ਸਿਟੀ ਵਿੱਚ ਇੱਕ ਬੈਂਕ ਵਿੱਚ ਸਥਿਤ ਇੱਕ ਏ ਟੀ ਐਮ ਵਿੱਚ ਕੀਤੀ ਗਈ ਸੀ। ਖੂਫੀਆ ਵਿਭਾਗ ਨੇ ਇੱਕ ਬੈਂਕ ਟ੍ਰਾਂਜੈਕਸ਼ਨ ਕਰਨ ਵਾਲੇ ਇੱਕ ਵਿਅਕਤੀ ਦੀ ਫੋਟੋ ਸੀ ਸੀ ਟੀ ਵੀ ਕੈਮਰੇ ਰਾਹੀਂ ਪ੍ਰਾਪਤ ਕੀਤੀ, ਇਹ ਵਿਅਕਤੀ ਅਸਲ ਵਿਚ ਅਗਵਾ ਕਰਨ ਵਾਲੇ ਵਿਅਕਤੀ ਵਰਗਾ ਹੀ ਸੀ। ਸਥਾਨਕ ਲਾਅ ਇਨਫੋਰਸਮੈਂਟ ਤੇ ਖੂਫੀਆ ਏਜੰਸੀਆਂ ਮਿਲ ਕੇ ਕੰਮ ਕਰ ਰਹੀਆਂ ਹਨ, ਇਸੇ ਦੌਰਾਨ ਸ਼ੈਰਿਫ ਦੇ ਦਫਤਰ ਨੂੰ ਅਜਿਹੀ ਜਾਣਕਾਰੀ ਪ੍ਰਾਪਤ ਹੋਈ ਜਿਸ ਦੌਰਾਨ ਇੱਕ ਵਿਅਕਤੀ ਹਸੂਸ ਮੈਨੁਅਲ ਸਲਗਾਡੋ (48-ਸਾਲ) ਦੀ ਇਸ ਜਾਂਚ ਵਿੱਚ ਲੋੜੀਂਦੇ ਵਿਅਕਤੀ ਦੇ ਤੌਰ 'ਤੇ ਪਛਾਣ ਕਰ ਲਈ ਗਈ। ਦਿਲਚਸਪ ਗੱਲ ਇਹ ਹੋਈ ਕਿ ਜਦੋਂ ਮੈਨੁਅਲ ਸਲਗਾਡੋ ਨੂੰ ਏਜੰਸੀਆਂ ਵਲੋਂ ਹਿਰਾਸਤ ਵਿੱਚ ਲੈਣ ਦੀ ਕੋਸ਼ਿਸ਼ ਕੀਤੀ ਗਈ ਤਾਂ ਸਲਗਾਡੋ ਨੇ ਆਪਣੀ ਜਾਨ ਲੈਣ ਦੀ ਕੋਸ਼ਿਸ਼ ਕੀਤੀ। ਇਸ ਵੇਲੇ ਉਸਨੂੰ ਡਾਕਟਰੀ ਸਹਾਇਤਾ ਦਿੱਤੀ ਜਾ ਰਹੀ ਹੈ ਅਤੇ ਉਸਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਵਰਨਣਯੋਗ ਹੈ ਕਿ ਅਗਵਾ ਜਾਂ ਲਾਪਤਾ ਹੋਏ ਪਰਿਵਾਰ ਦਾ ਕੈਲੀਫੋਰਨੀਆ ਦੀ ਸੈਂਟਰਲ ਵੈਲੀ ਦੀ ਮਰਸਡ ਕਾਊਂਟੀ ਵਿਚ ਆਪਣਾ ਕਾਰੋਬਾਰ ਹੈ ਜਿਥੋਂ ਪਰਿਵਾਰ ਨੂੰ ਜਬਰਨ ਕਿਤੇ ਲਿਜਾਇਆ ਗਿਆ ਹੈ ਤੇ ਪਰਿਵਾਰ ਦੀ ਅਜੇ ਵੀ ਕੋਈ ਉੱਘ-ਸੁੱਘ ਨਹੀਂ ਲੱਗੀ।ਸ਼ੈਰਿਫ ਦਾ ਦਫਤਰ ਤੋਂ ਪ੍ਰਾਪਤ ਖਬਰ ਮੁਤਾਬਕ ਲਾਅ ਇੰਨਫੋਰਸਮੈਂਟ ਏਜੰਸੀਆਂ ਰਲ ਕੇ 8 ਮਹੀਨਿਆਂ ਦੀ ਆਰੂਹੀ, ਉਸ ਦੇ ਮਾਤਾ-ਪਿਤਾ ਜਸਲੀਨ ਕੌਰ (27), ਜਸਦੀਪ ਸਿੰਘ (36) ਅਤੇ ਉਸ ਦੇ ਚਾਚਾ ਅਮਨਦੀਪ ਸਿੰਘ (39) ਦੀ ਸਰਗਰਮੀ ਨਾਲ ਭਾਲ ਕਰ ਰਹੀਆਂ ਹਨ।ਸ਼ੈਰਿਫ ਦੇ ਦਫਤਰ ਨੇ ਕਿਹਾ ਕਿ ਅਸੀਂ ਕਿਸੇ ਵੀ ਜਾਣਕਾਰੀ ਲਈ ਜਨਤਾ ਦੀ ਮਦਦ ਮੰਗਦੇ ਹਾਂ ਜੋ ਪਰਿਵਾਰ ਦੇ ਟਿਕਾਣੇ ਦਾ ਪਤਾ ਲਗਾਉਣ ਵਿੱਚ ਸਾਡੀ ਮਦਦ ਕਰ ਸਕੇ। ਜੇਕਰ ਤੁਹਾਡੇ ਕੋਲ ਇਸ ਘਟਨਾ ਜਾਂ ਪੀੜਤਾਂ ਦੇ ਟਿਕਾਣੇ ਬਾਰੇ ਕੋਈ ਜਾਣਕਾਰੀ ਹੈ, ਤਾਂ 209.385.7547 'ਤੇ ਕਾਲ ਕਰਨ ਲਈ ਕਿਹਾ ਗਿਆ ਹੈ। ਪੁਲਿਸ ਨੇ ਦੋਸ਼ੀ ਦੀ ਤਸਵੀਰ ਵੀ ਜਾਰੀ ਕਰ ਦਿੱਤੀ ਹੈ।

# ਅਮਰੀਕਾ ਦੀ ਯੂਨੀਵਰਸਿਟੀ ਵਿੱਚ ਸਜਾਈਆਂ ਗਈਆਂ ਦਸਤਾਰਾਂ, ਸਿੱਖਾਂ ਬਾਰੇ ਸਾਂਝੀ ਕੀਤੀ ਗਈ ਜਾਣਕਾਰੀ

## ਸਟੇਟ ਯੂਨੀਵਰਸਿਟੀ ਵਿਖੇ 'ਸਿੱਖਸ ਇਨ ਅਮਰੀਕਾ' ਪ੍ਰੋਗਰਾਮ ਦਾ ਆਯੋਜਨ








ਡੇਟਨ, ਅਮਰੀਕਾ/ਏ.ਟੀ.ਨਿਊਜ਼ : ਸਿੱਖ ਧਰਮ ਦੀ ਵਿਲੱਖਣਤਾ ਦਰਸਾਉਣ ਅਤੇ ਵਿਦਿਆਰਥੀਆਂ, ਅਧਿਕਾਰੀਆਂ ਤੇ ਨਗਰ ਵਾਸੀਆਂ ਨੂੰ ਸਿੱਖ ਸਭਿਆਚਾਰ ਦੇ ਗੌਰਵਮਈ ਵਿਰਸੇ ਤੋਂ ਜਾਣੂ ਕਰਾਉਣ, ਸਿੱਖ ਪਛਾਣ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਅਮਰੀਕਾ ਦੇ ਓਹਾਈਓ ਦੇ ਸੂਬੇ ਦੀ ਰਾਈਟ ਸਟੇਟ ਯੂਨੀਵਰਸਿਟੀ, ਡੇਟਨ ਵਿਖੇ 'ਸਿੱਖਸ ਇਨ ਅਮਰੀਕਾ ਐਂਡ ਰਾਈਟ ਸਟੇਟ ਯੂਨੀਵਰਸਿਟੀ' ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਹ ਪ੍ਰੋਗਰਾਮ ਮੌਜੂਦਾ, ਸਾਬਕਾ ਸਿੱਖ ਵਿਦਿਆਰਥੀਆਂ ਅਤੇ ਯੂਨੀਵਰਸਿਟੀ ਸੈਂਟਰ ਆਫ ਇੰਟਰਨੈਸ਼ਨਲ ਐਜੂਕੇਸ਼ਨ (ਯੂ.ਸੀ.ਆਈ.ਈ.) ਦੇ ਸਹਿਯੋਗ ਨਾਲ ਆਯੋਜਿਤ ਕੀਤਾ ਗਿਆ ਸੀ।

ਯੂਨੀਵਰਸਿਟੀ ਵਿਖੇ ਸਾਲ 1979 ਤੋਂ ਕੰਮ ਕਰ ਰਹੇ ਪ੍ਰੋਫੈਸਰ ਡਾ. ਕੁਲਦੀਪ ਸਿੰਘ ਰਤਨ ਨੇ ਆਪਣੇ ਉਦਘਾਟਨੀ ਭਾਸ਼ਣ ਵਿਚ ਮਹਿਮਾਨਾਂ ਦਾ ਸਵਾਗਤ ਕੀਤਾ ਅਤੇ ਅਜਿਹੇ ਸਮਾਗਮ ਕਰਵਾਉਣ ਦਾ ਕਾਰਨ ਦੱਸਿਆ। ਉਨ੍ਹਾਂ ਕਿਹਾ ਕਿ ਅਮਰੀਕਾ ਵਿੱਚ 11 ਸਤੰਬਰ 2001 (9/11) ਦੇ ਹਮਲੇ ਤੋਂ ਬਾਅਦ ਹਰ ਟੀਵੀ ਚੈਨਲ ਵਲੋਂ ਓਸਾਮਾ ਬਿਨ ਲਾਦੇਨ ਦੀਆਂ ਪੱਗ ਅਤੇ ਦਾਹੜੀ ਵਾਲੀਆਂ ਤਸਵੀਰਾਂ ਨੂੰ ਦਿਖਾਇਆ ਜਾ ਰਿਹਾ ਸੀ, ਜਿਸ ਕਾਰਨ 9/11 ਤੋਂ ਬਾਅਦ ਸਾਡੇ ਬਾਰੇ ਲੋਕਾਂ ਦਾ ਨਜ਼ਰੀਆ ਥੋੜ੍ਹਾ ਬਦਲ ਗਿਆ। ਅਸੀਂ ਉਸ ਤੋਂ ਚਾਰ ਦਿਨ ਬਾਅਦ ਐਰੀਜ਼ੋਨਾ ਵਿਖੇ ਬਲਬੀਰ ਸਿੰਘ ਸੋਢੀ ਨੂੰ ਗੁਆ ਦਿੱਤਾ, ਕਿਉਂਕਿ ਆਮ ਲੋਕਾਂ ਨੂੰ ਸਿੱਖਾਂ ਬਾਰੇ ਪਤਾ ਨਹੀਂ ਸੀ। ਇਹੀ ਕਾਰਨ ਹੈ ਕਿ ਸਿੱਖਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਅਜਿਹੇ ਪ੍ਰੋਗਰਾਮਾਂ ਦਾ ਆਯੋਜਿਤ ਕਰਨਾ ਬਹੁਤ ਜ਼ਰੂਰੀ ਹੋ ਗਿਆ।

ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀ ਅਤੇ ਕਮਿਊਨਿਟੀ ਕਾਰਕੁਨ ਸਮੀਪ ਸਿੰਘ ਗੁਮਟਾਲਾ ਨੇ ਵੀਡੀਓ ਅਤੇ ਸਲਾਈਡਾਂ ਦੀ ਵਰਤੋਂ ਕਰਕੇ ਸਿੱਖਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਗੁਰੂ ਗ੍ਰੰਥ ਸਾਹਿਬ, 10 ਗੁਰੂ ਸਾਹਿਬਾਨ, ਸਿੱਖ ਕਕਾਰਾਂ (ਕੇਸ, ਕੰਗਾ, ਕੜਾ, ਕਿਰਪਾਨ ਅਤੇ ਕਛਹਿਰਾ), ਦਸਤਾਰ, ਲੰਗਰ, ਅਮਰੀਕਾ ਵਿੱਚ ਸਿੱਖਾਂ ਦੀ ਆਮਦ ਆਦਿ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਮਹਿਮਾਨਾਂ ਵਲੋਂ ਪੁੱਛੇ ਗਏ ਸਵਾਲਾਂ ਦੇ ਜਵਾਬ ਦਿੱਤੇ।

ਗੁਮਟਾਲਾ ਨੇ ਅਗਸਤ 2000 ਵਿੱਚ ਅਮਰੀਕਾ ਪਹੁੰਚਣ ਦੇ ਸਮੇਂ ਦੇ ਆਪਣੇ ਅਨੁਭਵ ਨੂੰ ਸਾਂਝਾ ਕਰਦਿਆਂ ਦੱਸਿਆ ਕਿ ਕਿਵੇਂ 9/11 ਤੋਂ ਬਾਅਦ ਸਿੱਖ ਵਿਦਿਆਰਥੀਆਂ ਲਈ ਸਥਿਤੀ ਬਦਲ ਗਈ, ਜਦੋਂ ਕਈ ਦਿਨਾਂ ਤੱਕ ਪੰਜਾਬ ਵਿੱਚ ਸਾਡੇ ਪਰਿਵਾਰਕ ਮੈਂਬਰ ਸਾਡੀ ਸੁਰੱਖਿਆ ਨੂੰ ਲੈ ਕੇ ਚਿੰਤਤ ਸਨ। ਇਸ ਲਈ ਉਸ ਤੋਂ ਬਾਅਦ ਯੂਨੀਵਰਸਿਟੀ ਵਿੱਚ ਸਿੱਖ ਭਾਈਚਾਰੇ ਅਤੇ ਹੋਰ ਵਿਭਿੰਨ ਸੱਭਿਆਚਾਰਾਂ ਬਾਰੇ ਤਜਰਬੇ ਸਾਂਝੇ ਕਰਨ ਲਈ ਅਜਿਹੇ ਸਮਾਗਮਾਂ ਦਾ ਆਯੋਜਨ ਕਰਨਾ ਬਹੁਤ ਮਹੱਤਵਪੂਰਨ ਹੋ ਗਿਆ।

ਯੂਨੀਵਰਸਿਟੀ ਵਿਖੇ ਇੰਜੀਨੀਅਰਿੰਗ ਵਿੱਚ ਮਾਸਟਰਜ਼ ਕਰ ਰਹੇ ਵਿਦਿਆਰਥੀ ਹਰਰੂਪ ਸਿੰਘ ਅਤੇ ਹਰਸ਼ਦੀਪ ਸਿੰਘ ਨੇ ਦਸਿਆ ਕਿ ਇਹ ਬਹੁਤ ਹੀ ਜਾਣਕਾਰੀ ਭਰਪੂਰ ਪ੍ਰੋਗਰਾਮ ਸੀ। ਉਨ੍ਹਾਂ ਸਮਾਗਮ ਦੇ ਆਯੋਜਨ ਵਿੱਚ ਸਹੂਲਤ ਕਰਨ ਲਈ ਯੂਨੀਵਰਸਿਟੀ ਦੇ ਸਟਾਫ ਮੈਂਬਰਾਂ, ਹੋਰ ਵਿਦਿਆਰਥੀ ਸੰਸਥਾਵਾਂ ਅਤੇ ਯੂ.ਸੀ.ਆਈ.ਈ. ਦਾ ਧੰਨਵਾਦ ਕੀਤਾ। ਉਨਾਂ ਕਿਹਾ ਕਿ ਇਸ ਸਮਾਗਮ ਨੇ ਸਾਡੀ ਯੂਨੀਵਰਸਿਟੀ ਦੇ ਭਾਈਚਾਰੇ ਨੂੰ ਇਕੱਠੇ ਹੋਣ, ਸਿੱਖ ਧਰਮ ਬਾਰੇ ਹੋਰ ਜਾਨਣ, ਸਮਝਣ ਅਤੇ ਸਿੱਖ ਸਭਿਆਚਾਰ ਦੇ ਗੌਰਵਮਈ ਵਿਰਸੇ ਤੋਂ ਜਾਣੂ ਕਰਾਉਣ ਲਈ ਇੱਕ ਵਧੀਆ ਮੌਕਾ ਪ੍ਰਦਾਨ ਕੀਤਾ। ਆਏ ਹੋਏ ਮਹਿਮਾਨਾਂ ਨੇ, ਜਿਸ ਵਿੱਚ ਵੱਖ-ਵੱਖ ਮੁਲਕਾਂ ਦੇ ਵਿਦਿਆਰਥੀ ਸ਼ਾਮਲ ਸਨ, ਨੇ ਉਤਸ਼ਾਹ ਨਾਲ ਹਿੱਸਾ ਲਿਆ।

ਮਹਿਮਾਨਾਂ ਨੇ ਦਸਤਾਰ ਬੰਨ੍ਹਣ ਦਾ ਵੀ ਅਨੁਭਵ ਕੀਤਾ। ਉਨ੍ਹਾਂ ਨੂੰ ਡੇਟਨ ਦੇ ਸਿੱਖ ਭਾਈਚਾਰੇ ਦੇ ਮੈਂਬਰਾਂ ਨਾਲ ਗੱਲਬਾਤ ਕਰਨ ਦਾ ਮੌਕਾ ਵੀ ਮਿਲਿਆ। ਦਸਤਾਰ ਸਜਾਉਣ ਤੋਂ ਬਾਅਦ ਵਿਦਿਆਰਥੀ ਬਹੁਤ ਹੀ ਮਾਨ ਮਹਿਸੂਸ ਕਰ ਰਹੇ ਸਨ ਅਤੇ ਯੂਨੀਵਰਸਿਟੀ ਵਿੱਚ ਦਸਤਾਰ ਪਹਿਨ ਕੇ ਘੁੰਮਦੇ ਰਹੇ ਅਤੇ ਆਪਣੀਆਂ ਕਲਾਸਾਂ ਵਿੱਚ ਵੀ ਗਏ। ਉਨ੍ਹਾਂ ਇਸ ਦੀ ਮਹੱਤਤਾ, ਵੱਖ-ਵੱਖ ਰੰਗਾਂ ਅਤੇ ਦਸਤਾਰ ਬੰਨਣ ਦੇ ਵੱਖ-ਵੱਖ ਸਟਾਈਲ ਆਦਿ ਬਾਰੇ ਕਈ ਦਿਲਚਸਪ ਸਵਾਲ ਵੀ ਪੁੱਛੇ। ਮਿਸ਼ੇਲ ਸਟ੍ਰੀਟਰ, ਡਾਇਰੈਕਟਰ ਯੂ.ਸੀ.ਆਈ.ਈ. ਨੇ ਸਿੱਖ ਵਿਦਿਆਰਥੀਆਂ ਨੂੰ ਇਸ ਪ੍ਰੋਗਰਾਮ ਨੂੰ ਆਯੋਜਿਤ ਅਤੇ ਕਾਮਯਾਬ ਕਰਨ ਲਈ

ਵਧਾਈ ਦਿੱਤੀ। ਉਹਨਾਂ ਕਿਹਾ ਕਿ ਇਸ ਨੇ ਅਮਰੀਕੀ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਇਕੱਠੇ ਹੋ ਕੇ ਸਿੱਖ ਵਿਰਸੇ ਬਾਰੇ ਜਾਨਣ ਦਾ ਮੌਕਾ ਦਿੱਤਾ। ਇਸ ਪ੍ਰੋਗਰਾਮ ਵਿੱਚ ਪ੍ਰਦਰਸ਼ਨੀ ਵੀ ਲਗਾਈ ਗਈ ਜਿਸ ਵਿੱਚ ਦਸਤਾਰ, ਲੰਗਰ, ਮੂਲ ਮੰਤਰ, ਸਿੱਖ ਧਰਮ ਦੇ ਤਿੰਨ ਥੰਮ (ਕਿਰਤ ਕਰਨੀ,

ਵੰਡ ਕੇ ਛੱਕਣਾ ਅਤੇ ਨਾਮ ਜਪਣਾ) ਅਤੇ ਅਮਰੀਕਾ ਦੀ ਫੌਜ ਵਿੱਚ ਸਿੱਖਾਂ ਬਾਰੇ ਜਾਣਕਾਰੀ ਦਿੱਤੀ ਗਈ। ਰਾਈਟ ਸਟੇਟ ਦੇ ਸਾਬਕਾ ਵਿਦਿਆਰਥੀ ਲ਼ੈਫਟੀਨੈਂਟ ਕਰਨਲ ਡਾ. ਤੇਜਦੀਪ ਸਿੰਘ ਰਤਨ ਜੋ ਕਿ ਇਸ ਸਮੇਂ ਫੌਜ ਵਿੱਚ ਹਨ, ਬਾਰੇ ਵੀ ਦੱਸਿਆ ਗਿਆ। ਇਸ ਤੋਂ ਇਲਾਵਾ, ਸਿੱਖ ਇਤਿਹਾਸ ਅਤੇ ਪਰੰਪਰਾ ਨਾਲ ਸੰਬੰਧਤ ਕਿਤਾਬਾਂ, ਕੜੇ, ਕੰਘੇ ਵੀ ਪ੍ਰਦਰਸ਼ਿਤ ਕੀਤੇ ਗਏ। ਮਹਿਮਾਨਾਂ ਨੇ ਪੰਜਾਬੀ ਖਾਣੇ ਦਾ ਆਨੰਦ ਮਾਨਿਆ।

ਪ੍ਰੋਗਰਾਮ ਵਿੱਚ ਯੂਨੀਵਰਸਿਟੀ ਦੇ ਵਿਦਿਆਰਥੀ ਨਵਰਤਨ ਸਿੰਘ, ਗੁਰਵੀਰ ਸਿੰਘ, ਅਰਵੀਰ ਸਿੰਘ, ਮਨਪ੍ਰੀਤ ਸਿੰਘ ਅਤੇ ਸਿੱਖ ਭਾਈਚਾਰੇ ਦੇ ਮੈਂਬਰ ਵੀ ਸ਼ਾਮਲ ਹੋਏ।

## ਅਮਰੀਕਾ 'ਚ ਇਕ ਘਰ ਉਪਰ ਛੋਟਾ ਜਹਾਜ਼ ਡਿੱਗ ਕੇ ਤਬਾਹ, 3 ਵਿਅਕਤੀਆਂ ਦੀ ਮੌਤ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਮਿਨੇਸੋਟਾ ਦੇ ਇਕ ਘਰ ਉਪਰ ਇਕ ਛੋਟਾ ਜਹਾਜ਼ ਡਿੱਗ ਕੇ ਤਬਾਹ ਹੋ ਗਿਆ ਜਿਸ ਵਿਚ ਸਵਾਰ 3 ਵਿਅਕਤੀਆਂ ਦੀ ਮੌਤ ਹੋ ਗਈ। ਹਰਮਨਟਾਊਨ ਦੀ ਪੁਲਿਸ ਨੇ ਕਿਹਾ ਹੈ ਕਿ ਡੂਲੂਥ ਇੰਟਰਨੈਸ਼ਨਲ ਹਵਾਈ ਅੱਡੇ ਦੇ ਕੰਟਰੋਲ ਟਾਵਰ ਤੋਂ ਜਹਾਜ਼ ਅੱਧੀ ਰਾਤ ਤੋਂ ਪਹਿਲਾਂ ਗਾਇਬ ਹੋ ਗਿਆ ਤੇ ਹਵਾਈ ਅੱਡੇ ਦੇ ਦੱਖਣ ਵਿਚ ਤਕਰੀਬਨ ਇਕ ਕਿਲੋਮੀਟਰ ਦੀ ਦੂਰੀ 'ਤੇ ਇਕ ਘਰ ਉਪਰ



ਤਬਾਹ ਹੋ ਕੇ ਆ ਡਿੱਗਾ। ਜਹਾਜ਼ ਐਰੋਵੀਡ ਰੋਡ ਦੇ 5100 ਬਲਾਕ ਵਿਚ ਮਕਾਨ ਦੀ ਦੂਸਰੀ ਮੰਜਿਲ ਨਾਲ ਟਕਰਾ ਕੇ ਪਿਛਲੇ ਪਾਸੇ ਜਾ ਡਿੱਗਾ। ਹਾਦਸੇ ਕਾਰਨ ਘਰ ਵਿਚ ਮੌਜੂਦ ਦੋ ਲੋਕ ਜ਼ਖਮੀ ਵੀ ਹੋਏ ਹਨ। ਹਾਦਸੇ ਵਿਚ ਮਾਰੇ ਗਏ ਵਿਅਕਤੀਆਂ ਦੀ ਪਛਾਣ 32 ਸਾਲਾ ਐਲੀਸਾ ਸ਼ਮਿਡਟ, ਉਸ ਦਾ ਭਰਾ 31 ਸਾਲਾ ਮੈਥੀਊ ਸ਼ਮਿਡਟ ਤੇ 32 ਸਾਲਾ ਟਾਈਲਰ ਫਰੈਟਲੈਂਡ ਵਜੋਂ ਹੋਈ ਹੈ।

## ਓਕਲੈਂਡ ਦੇ ਇਕ ਸਕੂਲ ਵਿਚ ਹੋਈ ਗੋਲੀਬਾਰੀ ਗੈਂਗ ਹਿੰਸਾ ਦਾ ਸਿੱਟਾ : ਪੁਲਿਸ ਦਾ ਦਾਅਵਾ



ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਓਕਲੈਂਡ (ਕੈਲੀਫੋਰਨੀਆ) ਦੇ ਇਕ ਸਕੂਲ ਵਿਚ ਹੋਈ ਗੋਲੀਬਾਰੀ ਜਿਸ ਵਿਚ 2 ਵਿਦਿਆਰਥੀਆਂ ਸਮੇਤ 6 ਲੋਕ ਜ਼ਖ਼ਮੀ ਹੋ ਗਏ ਸਨ, ਦੇ ਮਾਮਲੇ ਵਿਚ ਪੁਲਿਸ ਅਜੇ ਤੱਕ ਦੋਸ਼ੀਆਂ ਦੀ ਸ਼ਨਾਖਤ ਨਹੀਂ ਕਰ ਸਕੀ ਜਦ ਕਿ ਉਸ ਨੇ ਦਾਅਵਾ ਕੀਤਾ ਹੈ ਕਿ ਇਹ ਗੋਲੀਬਾਰੀ ਗੈਂਗ ਹਿੰਸਾ ਦਾ ਸਿੱਟਾ ਹੈ। ਪੂਰਬੀ ਓਕਲੈਂਡ ਦੇ ਕਿੰਗ ਇਸਟੇਟ ਕੈਂਪਸ ਵਿਚ ਬੀਤੇ ਦਿਨ ਹੋਈ ਗੋਲੀਬਾਰੀ ਵਿਚ 30 ਤੋਂ ਵਧ ਗੋਲੀਆਂ ਚਲਾਈਆਂ ਗਈਆਂ ਸਨ। ਮਾਮਲੇ ਦੀ ਜਾਂਚ ਕਰ ਰਹੇ ਅਧਿਕਾਰੀਆਂ ਨੇ ਕਿਹਾ ਹੈ ਕਿ ਵੀਡੀਓ ਦੀ ਜਾਂਚ ਪੜਤਾਲ ਉਪਰੰਤ ਘੱਟੋ-ਘੱਟ 2 ਹਮਲਾਵਰ ਗੋਲੀਆਂ ਚਲਾਉਂਦੇ ਹੋਏ ਨਜ਼ਰ ਆਏ ਹਨ ਪ੍ਰੰਤੂ ਇਨ੍ਹਾਂ ਦੀ ਅਜੇ ਸ਼ਨਾਖਤ ਨਹੀਂ ਹੋ ਸਕੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Editor: Malkeet Singh Manager: Pardeep Singh Asst. Editor: Balwinderpal Singh, Sarbjeet Kaur Sarb Online Interview Host: Balraj Pannu Proof Editor: Prabhjot Kaur
Designer: Anil Kumar Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.
All legal disputes must be handled in the courts of State of Punjab in India.

# ਸਮੁੰਦਰੀ ਤੂਫਾਨ ਨੇ ਫਲੋਰਿਡਾ ਝੰਬਿਆ

## ਹਜ਼ਾਰਾਂ ਲੋਕ ਹੋਏ ਘਰੋਂ ਬੇਘਰ, ਬਿਜਲੀ ਸਪਲਾਈ ਠੱਪ





ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਅਮਰੀਕਾ ਦੇ ਇਤਿਹਾਸ ਵਿਚ ਖਤਰਨਾਕ ਸਮੁੰਦਰੀ ਤੂਫਾਨਾਂ ਵਿਚੋਂ ਇਕ ਤੂਫਾਨ ਨੇ ਫਲੋਰਿਡਾ ਖੇਤਰ ਨੂੰ ਬੁਰੀ ਤਰ੍ਹਾਂ ਝੰਬ ਸੁੱਟਿਆ ਹੈ। ਭਾਰੀ ਬਾਰਿਸ਼ ਤੇ ਤੇਜ਼ ਹਵਾਵਾਂ ਨੇ ਜਨ ਜੀਵਨ ਉਪਰ ਵਿਆਪਕ ਅਸਰ ਪਾਇਆ ਹੈ। ਖੇਤਰ ਵਿਚਲੇ ਹਜ਼ਾਰਾਂ ਲੋਕ ਆਪਣਾ ਘਰ ਬਾਹਰ ਛੱਡ ਕੇ ਸੁਰੱਖਿਅਤ ਥਾਵਾਂ ਉਪਰ ਪਨਾਹ ਲੈਣ ਲਈ ਮਜਬੂਰ ਹੋਏ ਹਨ। ਮੌਸਮ ਵਿਭਾਗ ਨੇ ਭਵਿੱਖਬਾਣੀ ਕੀਤੀ ਹੈ ਕਿ ਤੂਫਾਨ ਦੇ ਕਾਰੋਲੀਨਾ ਤੇ ਜਾਰਜੀਆ ਵੱਲ ਵਧਣ ਦੀ ਸੰਭਾਵਨਾ ਹੈ। ਇਸ ਖੇਤਰ 'ਚ 75 ਮੀਲ ਪ੍ਰਤੀ ਘੰਟਾ ਦੀ ਰਫਤਾਰ ਨਾਲ ਹਵਾਵਾਂ ਚੱਲ ਰਹੀਆਂ ਹਨ। ਨੈਸ਼ਨਲ ਹੁਰੀਕੇਨ ਸੈਂਟਰ ਅਨੁਸਾਰ ਖਤਰਨਾਕ ਹੜ੍ਹ ਆਉਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਫਲੋਰਿਡਾ ਦੇ ਗਵਰਨਰ ਰੌਨ ਡੇਸਨਟਿਸ ਨੇ ਕਿਹਾ ਹੈ ਕਿ ਕੋਸਟ ਗਾਰਡ ਹੈਲੀਕਾਪਟਰ ਤੂਫਾਨ ਵਿਚ ਫਸੇ ਲੋਕਾਂ ਨੂੰ ਕੱਢਣ ਦਾ ਕੰਮ ਕਰ ਰਹੇ ਹਨ। ਹੜ੍ਹ ਦੇ ਪਾਣੀ ਤੋਂ ਬਚਣ ਲਈ ਲੋਕ ਆਪਣੇ ਘਰਾਂ ਦੀਆਂ ਛੱਤਾਂ ਉਪਰ ਚੜ੍ਹੇ ਹੋਏ ਹਨ। ਉਨ੍ਹਾਂ ਕਿਹਾ ਹੈ ਕਿ ਤੂਫਾਨ ਦਾ ਅਸਰ ਬਹੁਤ ਵੱਡੀ ਪੱਧਰ ਉਪਰ ਹੋਇਆ ਹੈ ਜਿਸ ਕਾਰਨ ਨੁਕਸਾਨ ਵੀ ਬਹੁਤ ਵੱਡੀ ਪੱਧਰ 'ਤੇ ਹੋਇਆ ਹੈ। ਗਵਰਨਰ ਅਨੁਸਾਰ ਇਸ ਤਰਾਂ ਦਾ ਭਿਆਨਕ ਤੂਫਾਨ ਤੇ ਹੜ ਅਸੀਂ ਪਹਿਲਾਂ ਕਦੇ ਨਹੀਂ ਵੇਖਿਆ। ਹੁਣ ਤੱਕ ਤੂਫਾਨ ਤੇ ਹੜ੍ਹ ਕਾਰਨ 14 ਲੋਕਾਂ ਦੀ ਮੌਤ ਹੋ ਚੁੱਕੀ ਹੈ। ਫਲੋਰਿਡਾ ਵਿਚ 19 ਲੱਖ ਤੋਂ ਵਧ ਘਰ ਤੇ ਕਾਰੋਬਾਰੀ ਅਦਾਰਿਆਂ ਨੂੰ ਬਿਜਲੀ ਦੀ ਸਪਲਾਈ ਠੱਪ ਪਈ ਹੈ।

## ਅਮਰੀਕਾ 'ਚ ਸਮੁੰਦਰੀ ਤੂਫਾਨ ਆਪਣੇ ਪਿੱਛੇ ਛੱਡ ਗਿਆ ਤਬਾਹੀ ਦਾ ਮੰਜਰ, ਫਲੋਰਿਡਾ 'ਚ 76 ਮੌਤਾਂ

ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਈਆਨ ਸਮੁੰਦਰੀ ਤੂਫਾਨ ਆਪਣੇ ਪਿਛੇ ਤਬਾਹੀ ਛੱਡ ਗਿਆ ਹੈ। ਫਲੋਰਿਡਾ ਸਮੇਤ ਸਮੁੰਦਰੀ ਤੂਫਾਨ ਨਾਲ ਪ੍ਰਭਾਵਿਤ ਹੋਰ ਖੇਤਰਾਂ ਵਿਚ ਜਿਧਰ ਵੀ ਨਜ਼ਰ ਮਾਰੋ, ਤਬਾਹ ਹੋਏ ਮਕਾਨ, ਤਬਾਹ ਹੋਏ ਕਾਰੋਬਾਰੀ ਅਦਾਰੇ ਤੇ ਟੁੱਟੇ ਭੱਜੇ ਸਮਾਨ ਤੋਂ ਇਲਾਵਾ ਹੋਰ ਕੁਝ ਦਿਖਾਈ ਨਹੀਂ ਦੇ ਰਿਹਾ। ਬੇਘਰੇ ਹੋਏ ਲੋਕ ਆਪਣੀ ਜਿੰਦਗੀ ਮੁੜ ਸ਼ੁਰੂ ਕਰਨ ਲਈ ਜੱਦੋ-ਜਹਿਦ ਕਰ ਰਹੇ ਹਨ। ਫਲੋਰਿਡਾ ਵਿਚ ਹੁਣ ਤੱਕ 76 ਮੌਤਾਂ ਦੀ ਪੁਸ਼ਟੀ ਹੋ ਚੁੱਕੀ ਹੈ। ਉੱਤਰੀ ਕਰੋਲੀਨਾ ਵਿਚ 4 ਲੋਕਾਂ ਦੀ ਮੌਤ ਹੋਈ ਹੈ। ਫਿਜ਼ੀਸੀਅਨ ਡਾ. ਬੇਨ ਅਬੋ ਜੋ ਬਚਾਅ ਮਿਸ਼ਨ ਵਿਚ ਸ਼ਾਮਿਲ ਹਨ, ਨੇ ਕਿਹਾ ਹੈ ਕਿ ਪਾਈਨ ਟਾਪੂ 'ਤੇ ਕੁਝ ਲੋਕ ਆਪਣਾ ਸਭ ਕੁਝ ਗਵਾ ਚੁੱਕੇ ਹਨ ਪ੍ਰੰਤੂ ਉਹ ਉਨ੍ਹਾਂ ਦੀ ਮਦਦ ਲਈ ਹਰ ਸੰਭਵ ਯਤਨ ਕਰ ਰਹੇ ਹਨ। ਉਨ੍ਹਾਂ ਕਿਹਾ



ਹੈ ਕਿ ਸਮੁੰਦਰੀ ਤੂਫਾਨ ਸੈਨੀਬੈਲ ਟਾਪੂ ਨੂੰ ਫਲੋਰਿਡਾ ਨਾਲ ਜੋੜਦੀ ਇਕੋ ਇਕ ਸੜਕ ਨੂੰ ਆਪਣੇ ਨਾਲ ਵਹਾਅ ਕੇ ਲੈ ਗਿਆ ਹੈ ਜਿਸ ਕਾਰਨ ਰਾਹਤ ਕਾਰਜਾਂ ਵਿਚ ਮੁਸ਼ਕਿਲ ਆ ਰਹੀ ਹੈ। ਇਸੇ ਦੌਰਾਨ ਗਵਰਨਰ ਰੌਨ ਡੇਸੇਨਟਿਸ ਦੇ ਦਫਤਰ ਨੇ ਕਿਹਾ ਹੈ ਕਿ ਦੱਖਣ-ਪੱਛਮੀ ਤੇ ਕੇਂਦਰੀ ਫਲੋਰਿਡਾ ਵਿਚੋਂ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜਿਆ ਗਿਆ ਹੈ। ਇਕੱਲੀ ਲੀ ਕਾਊਂਟੀ ਵਿਚੋਂ 800 ਤੋਂ ਵੱਧ ਲੋਕਾਂ ਨੂੰ ਬਚਾਇਆ ਗਿਆ ਹੈ। ਬਚ ਗਏ ਲੋਕਾਂ ਦੀ ਭਾਲ ਕੀਤੀ ਜਾ ਰਹੀ ਹੈ ਜਦਕਿ ਰਾਹਤ ਟੀਮਾਂ ਨੂੰ ਹੋਰ ਲਾਸ਼ਾਂ ਮਿਲੀਆਂ ਹਨ। ਫਲੋਰਿਡਾ ਵਿਚ ਤਕਰੀਬਨ 7 ਲੱਖ ਘਰਾਂ, ਕਾਰੋਬਾਰੀ ਅਦਾਰਿਆਂ ਤੇ ਹੋਰ ਖਪਤਕਾਰਾਂ ਦੀ ਬਿਜਲੀ ਬਹਾਲੀ ਲਈ ਯਤਨ ਕੀਤੇ ਜਾ ਰਹੇ ਹਨ। ਲੋਕਾਂ ਨੂੰ ਸਾਫ ਪੀਣ ਵਾਲਾ ਪਾਣੀ ਨਹੀਂ ਮਿਲ ਰਿਹਾ।




# ਸੈਕਰਾਮੈਂਟੋ ਵਿੱਚ ਕਰਵਾਏ ਗਏ ਇੰਟਰਨੈਸ਼ਨਲ ਕਬੱਡੀ ਕੱਪ 'ਚ 25 ਹਜ਼ਾਰ ਡਾਲਰ ਦਾ ਇਨਾਮ ਕੈਨੇਡਾ ਟੀਮ ਨੇ ਜਿੱਤਿਆ, ਅਮਰੀਕਾ ਦੂਜੇ ਤੇ ਪੰਜਾਬ ਤੀਜੇ ਸਥਾਨ 'ਤੇ ਰਿਹਾ





ਸੈਕਰਾਮੈਂਟੋ/ਹੁਸਨ ਲੜੋਆ ਬੰਗਾ :- ਕਈ ਮਹੀਨਿਆਂ ਤੋਂ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸੈਕਰਾਮੈਂਟੋ ਵਲੋਂ ਕੀਤੀਆਂ ਤਿਆਰੀਆਂ ਨੂੰ ਉਸ ਵੇਲੇ ਸਫਲਤਾ ਮਿਲੀ ਜਦੋਂ ਬਰਾਡਸ਼ਾਅ ਰੋਡ ਸਥਿਤ ਰੋਡ ਗੁਰਦੁਆਰਾ ਸਾਹਿਬ ਦੀਆਂ ਗਰਾਊਂਡਾਂ ਵਿੱਚ ਇਤਿਹਾਸਕ ਇਕੱਠ ਦੇਖਣ ਨੂੰ ਮਿਲਿਆ। ਇਸ ਵਾਰ ਇੰਟਰਨੈਸ਼ਨਲ ਕਬੱਡੀ ਕੱਪ ਕੈਨੇਡਾ ਨੇ 42-34 ਦੇ ਫਰਕ ਨਾਲ ਜਿੱਤਿਆ ਤੇ ਵੱਡੀ ਰਕਮ 25 ਹਜ਼ਾਰ ਡਾਲਰ ਦਾ ਇਨਾਮ ਜਿੱਤਿਆ ਜਿਸ ਨੂੰ ਚੜ੍ਹਦਾ ਪੰਜਾਬ ਰੋਜਵਿਲ ਨੇ ਸਪਾਂਸਰ ਕੀਤਾ ਸੀ।

ਇਸ ਦੌਰਾਨ ਅਮਰੀਕਾ ਦੀ ਟੀਮ ਨੂੰ ਦੂਜੇ ਥਾਂ 'ਤੇ ਸਬਰ ਕਰਨਾ ਪਿਆ ਜਿਸਦਾ 22 ਹਜ਼ਾਰ ਡਾਲਰ ਦਾ ਇਨਾਮ ਸਿਲਾਨੋ ਕਾਊਂਟੀ ਬ੍ਰਦਰਜ਼ ਨੇ ਸਪਾਂਸਰ ਕੀਤਾ ਸੀ ਅਤੇ ਪੰਜਾਬ ਦੀ ਤੀਜੇ ਵਾਲੀ ਟੀਮ ਨੂੰ 18 ਹਜ਼ਾਰ ਦਾ ਇਨਾਮ ਜਿਸਨੂੰ ਮਨੀਤ ਦਿਓਲ ਤੇ ਚੌਥੇ ਥਾਂ 'ਤੇ ਰਹਿਣ ਵਾਲੀ ਟੀਮ ਨਾਰਵੇ ਨੂੰ 16 ਹਜ਼ਾਰ ਡਾਲਰ ਦਾ ਇਨਾਮ ਸੁਖਚੈਨ ਗਿੱਲ ਤੇ ਰਾਜਾ ਕੂਨਰ ਵਲੋਂ ਸਪਾਂਸਰ ਕੀਤਾ ਗਿਆ ਸੀ। ਇਸ ਕਬੱਡੀ ਕੁੰਭ ਦੌਰਾਨ ਅੰਡਰ 21 ਨੌਜਵਾਨਾਂ ਦੇ ਕਬੱਡੀ ਮੈਚ ਵੀ ਹੋਏ। ਕੁੜੀਆਂ ਦੀ ਕਬੱਡੀ ਦਾ ਸ਼ੋਅ ਮੈਚ ਅਮਰੀਕਾ ਤੇ ਨਾਰਵੇ ਦੀਆਂ ਟੀਮਾਂ ਦਰਮਿਆਨ ਹੋਇਆ ਜਿਸ ਵਿਚ ਅਮਰੀਕਾ ਦੀ ਟੀਮ ਜੇਤੂ ਰਹੀ। ਕਬੱਡੀ ਦੌਰਾਨ ਬੈਸਟ ਰੇਡਰ ਕਮਲ ਨਵਾਂ ਪਿੰਡ ਅਤੇ ਬੈਸਟ ਜਾਫੀ ਅਰਸ਼ ਚੋਹਲਾ ਸਾਹਿਬ ਅਤੇ ਹੁਸ਼ਿਆਰ ਬਾਓਂਪੁਰ ਦੋਨੋਂ ਰਹੇ। ਇਸ ਮੌਕੇ ਕਰੀਬ 20 ਸਿਰਕੱਢ ਖਿਡਾਰੀਆਂ ਤੇ ਨਾਮਵਰ ਸ਼ਖਸੀਅਤਾਂ ਨੂੰ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸਕਰਾਮੈਂਟੋ ਵਲੋਂ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਕਬੱਡੀ ਫੈਡਰੇਸ਼ਨ ਵਲੋਂ ਪਹੁੰਚੇ ਸੁਰਿੰਦਰ ਸਿੰਘ ਅਟਵਾਲ, ਕੈਨੇਡਾ ਤੋਂ ਕਬੱਡੀ ਦੇ ਸਪਾਂਸਰ, ਉੱਘੇ ਬਿਜਨਸਮੈਨ ਅਮੋਲਕ ਗਾਖਲ, ਇਕਬਾਲ ਗਾਖਲ, ਮੱਖਣ ਸਿੰਘ ਬੈਂਸ ਮੱਲਾ ਬੇਦੀਆਂ, ਤੀਰਥ ਗਾਖਲ ਨਰਿੰਦਰ ਥਾਂਦੀ ਚਾਰਟਰ ਅਮਰੀਕਾ, ਅਟਾਰਨੀ ਜਸਪ੍ਰੀਤ ਸਿੰਘ, ਜਸਪਾਲ ਸੈਣੀ ਤੇ ਹੋਰ ਸੈਂਕੜੈ ਸ਼ਖਸੀਅਤਾਂ ਹਾਜ਼ਰ ਸਨ। ਹਜ਼ਾਰਾਂ ਦੀ ਤਦਾਦ ਵਿੱਚ ਪਹੁੰਚੇ ਦਰਸ਼ਕਾਂ ਨੇ ਕਬੱਡੀ ਮੈਚਾਂ ਦਾ ਆਨੰਦ ਮਾਣਿਆ। ਇਸ ਕਬੱਡੀ ਟੂਰਨਾਮੈਂਟ ਦੌਰਾਨ ਇੰਟਰਨੈਸ਼ਨਲ ਰੈਫਰੀਆਂ ਤੋਂ ਇਲਾਵਾ ਕੁਮੈਂਟੇਟਰਾਂ 'ਚ ਬੀਬੀ ਆਸ਼ਾ ਸ਼ਰਮਾ, ਮੱਖਣ ਅਲੀ, ਸੁਰਜੀਤ ਕਕਰਾਲੀ, ਲੱਖਾ ਸਿਧਵਾਂ, ਰਾਜਵਿੰਦਰ ਰੰਡਿਆਲਾ, ਸਵਰਨਾ ਮੱਲ੍ਹਾ, ਇਕਬਾਲ ਗਾਲਿਬ ਨੇ ਕੁਮੈਂਟਰੀ ਕੀਤੀ। ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸਕਰਾਮੈਂਟੋ ਦੇ ਪ੍ਰਬੰਧਕਾਂ 'ਚ ਮੁੱਖ ਤੌਰ 'ਤੇ ਪ੍ਰਗਟ ਸਿੰਘ ਸੰਧੂ, ਗੁਰਮੀਤ ਵੜੈਚ, ਰਣਧੀਰ ਸਿੰਘ ਨਿੱਝਰ, ਬਿੱਟੂ ਰੰਧਾਵਾ, ਨਰਿੰਦਰ ਥਾਂਦੀ, ਤਰਲੋਚਨ ਅਟਵਾਲ, ਗੋਲਡੀ ਲਾਲੀ, ਸ਼ੇਰੂ ਭਾਟੀਆ, ਭੁਪਿੰਦਰ ਸੰਘੇੜਾ, ਹੈਪੀ ਔਲਖ, ਗੁਰਜੀਤ ਦਿਓਲ, ਪਿੰਦੀ ਸੰਧੂ, ਹੈਪੀ ਬਰਿਆਨਾ, ਲਾਡਾ ਢਿਲੋਂ, ਪੰਮਾ ਲੱਧੜ, ਪਿਆਰਾ ਸੰਧੂ, ਬਲਵਿੰਦਰ ਸੰਧੂ ਆਦਿ ਵਲੋਂ ਕਈ ਮਹੀਨਿਆਂ ਤੋਂ ਕੀਤੀ ਜਾ ਰਹੀ ਮਿਹਨਤ ਰੰਗ ਲਿਆਈ। ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਸਕਰਾਮੈਂਟੋ ਵਲੋਂ ਅਗਲੇ ਵਰ੍ਹੇ ਇਸੇ ਸਥਾਨ 'ਤੇ 1 ਅਕਤੂਬਰ ਨੂੰ ਇੰਟਰਨੈਸ਼ਲ ਕਬੱਡੀ ਕੱਪ ਕਰਵਾਉਣ ਦਾ ਐਲਾਨ ਕੀਤਾ ਗਿਆ। ਪ੍ਰਬੰਧਕਾਂ ਵਲੋਂ ਮੁਫਤ ਲੰਗਰ, ਪੀਜੇ ਤੇ ਸੋਢੇ ਪਾਣੀ ਦਾ ਪ੍ਰਬੰਧ ਸਲਾਹੁਣਯੋਗ ਸੀ।

## ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਨੇ ਵਿਸ਼ੇਸ਼ ਮੀਟਿੰਗ ਰਾਹੀਂ ਪਾਲ ਸਿੰਘ ਪੁਰੇਵਾਲ ਨੂੰ ਦਿੱਤੀ ਸ਼ਰਧਾਂਜਲੀ



ਸਿੱਖ ਕੌਂਸ਼ਲ ਸੈਂਟਰਲ ਕੈਲੇਫੋਰਨੀਆਂ ਦੇ ਮੈਂਬਰ ਮੀਟਿੰਗ ਦੌਰਾਨ।

ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):- ਸਿੱਖ ਕੌਂਸਲ ਆਫ ਸੈਂਟਰਲ ਕੈਲੀਫੋਰਨੀਆ ਦੇ ਮੁੱਖ ਮੈਂਬਰਾਂ ਦੀ ਇਕ ਵਿਸ਼ੇਸ਼ ਮੀਟਿੰਗ 'ਗੁਰਦੁਆਰਾ ਗੁਰੂ ਰਵਿਦਾਸ ਜੀ' ਸੈਲਮਾ ਵਿਖੇ ਸੰਸਥਾ ਦੇ ਜਨਰਲ ਸਕੱਤਰ ਸ. ਸੁਖਦੇਵ ਸਿੰਘ ਚੀਮਾ ਦੀ ਪ੍ਰਧਾਨਗੀ ਹੇਠ ਹੋਈ, ਜਿਸ ਦੀ ਸ਼ੁਰੂਆਤ ਮੂਲ ਮੰਤਰ ਦੇ ਜਾਪ ਨਾਲ ਹੋਈ। ਇਸ ਉਪਰੰਤ ਸੁਖਦੇਵ ਸਿੰਘ ਚੀਮਾ ਨੇ ਮੂਲ ਨਾਨਕਸ਼ਾਹੀ ਸਿੱਖ ਕੈਲੰਡਰ ਦੇ ਸਿਰਜਣਹਾਰ/ ਲੇਖਕ/ ਆਰਕੀਟੈਕਟ ਅਤੇ 1999 ਵਿੱਚ ਸ਼੍ਰੋਮਣੀ ਕਮੇਟੀ ਵੱਲੋਂ ਅਪਣਾਏ ਗਏ ਸ. ਪਾਲ ਸਿੰਘ ਪੁਰੇਵਾਲ ਦੀ 22 ਸਤੰਬਰ 2022 ਨੂੰ ਅਚਾਨਕ ਹੋਈ ਮੌਤ ਦੀ ਜਾਣਕਾਰੀ ਸਾਂਝੀ ਕੀਤੀ। ਜਿਸ 'ਤੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ਅਤੇ ਸਿੱਖ ਕੌਂਸਲ ਵੱਲੋਂ ਸਵਰਗੀ ਸ. ਪਾਲ ਸਿੰਘ ਪੁਰੇਵਾਲ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਵਾਹਿਗੁਰੂ ਜਾਪ ਕੀਤਾ ਗਿਆ। ਇਸ ਉਪਰੰਤ ਸੈਂਟਰਲ ਕੈਲੇਫੋਰਨੀਆ ਦੇ ਗੁਰੂਘਰਾਂ ਨਾਲ ਸੰਬੰਧਤ ਏਜੰਡਿਆਂ 'ਤੇ ਵਿਚਾਰਾਂ ਅਤੇ ਸੁਝਾਵਾਂ ਦਾ ਸੈਸ਼ਨ ਚੱਲਿਆ। ਇਸੇ ਦੌਰਾਨ ਆਉਣ ਵਾਲੇ ਦਿਨਾਂ ਵਿੱਚ ਗੁਰਪੁਰਬ ਮਨਾਉਣ ਅਤੇ ਸਮੁੱਚੇ ਅਮਰੀਕਨ ਭਾਈਚਾਰੇ ਨੂੰ ਸਿੱਖ ਇਤਿਹਾਸ ਬਾਰੇ ਜਾਣਕਾਰੀ ਦੇਣ ਲਈ ਪ੍ਰਸਤਾਵ ਵੀ ਰੱਖਿਆ ਗਿਆ। ਇਸ ਸਮੇਂ ਇਹ ਪ੍ਰਸਤਾਵ ਸਭ ਦੀ ਸਹਿਮਤੀ ਨਾਲ ਪਾਸ ਕੀਤਾ ਗਿਆ ਕਿ ਸਿੱਖ ਕੌਂਸਲ ਆਫ ਕੈਲੀਫੋਰਨੀਆ ਵੱਲੋਂ ਇਸ ਸਾਲ ਦਸੰਬਰ ਮਹੀਨੇ ਵਿੱਚ ਵਿਸ਼ੇਸ਼ ਪ੍ਰੋਗਰਾਮ ਕਰਵਾਇਆ ਜਾਵੇਗਾ, ਜਿਸ ਵਿੱਚ ਸਿੱਖ ਕੌਮ ਦੇ ਮਹਾਨ ਬੁਲਾਰਿਆਂ ਨੂੰ ਬੁਲਾਇਆ ਜਾਵੇਗਾ।

ਮੀਟਿੰਗ ਵਿੱਚ ਕੌਂਸਲ ਦੇ ਨਿਯਮਤ ਕੰਮਕਾਜ ਤੋਂ ਇਲਾਵਾ ਆਗਾਮੀ ਗੁਰਪੁਰਬਾਂ ਬਾਰੇ ਵੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸੇ ਮੀਟਿੰਗ ਦੌਰਾਨ ਸੰਸਥਾ ਦੇ ਮੈਂਬਰ ਸ. ਅਮਰੀਕ ਵਿਰਕ ਦੀ ਸਿਹਤ ਸੁਧਾਰ ਦੇ ਲਈ ਅਰਦਾਸ ਕੀਤੀ ਗਈ। ਅੰਤ ਮੈਂਬਰਸ਼ਿਪ ਅਤੇ ਸੰਸਥਾ ਦੇ ਲੇਖੇ-ਜੋਖੇ ਤੋਂ ਬਾਅਦ ਇਹ ਮੀਟਿੰਗ ਸਰਬੱਤ ਦੇ ਭਲੇ ਦੀ ਅਰਦਾਸ ਨਾਲ ਸਮਾਪਤ ਹੋਈ।

## ਅਸੀਂ ਉਂਕਾਰ ਦੇ ਬੱਚੇ, ਅਸੀਂ ਊੜੇ ਦੇ ਜਾਏ ਹਾਂ ਅਸੀਂ ਪੈਂਤੀ ਦਾ ਛੱਟਾ ਦੇਣ, ਇਸ ਧਰਤੀ 'ਤੇ ਆਏ ਹਾਂ





ਵਿਸ਼ੇਸ਼ ਰਿਪੋਰਟ
ਗੁਰਮੀਤ ਸਿੰਘ ਪਲਾਹੀ
9815802070

ਪੰਜਾਬ ਭਵਨ ਸਰੀ ਕੈਨੇਡਾ ਦੇ ਸੱਦੇ ਉਤੇ, ਸੁੱਖੀ ਬਾਠ ਦੀ ਅਗਵਾਈ ਵਿੱਚ ਦੋ ਦਿਨਾਂ ਸਾਲਾਨਾ ਸੰਮੇਲਨ-4 ਪਹਿਲੀ ਅਤੇ ਦੋ ਅਕਤੂਬਰ 2022 ਨੂੰ ਆਯੋਜਿਤ ਕੀਤਾ ਗਿਆ, ਜਿਸਦੇ ਉਦਘਾਟਨੀ ਸਮਾਰੋਹ ਦੀ ਪ੍ਰਧਾਨਗੀ ਡਾ. ਸਾਧੂ ਸਿੰਘ, ਸੁੱਖੀ ਬਾਠ, ਡਾ. ਸਤੀਸ਼ ਵਰਮਾ, ਡਾ. ਸਾਹਿਬ ਸਿੰਘ ਅਤੇ ਪ੍ਰਿੰਸੀਪਲ ਗੁਰਮੀਤ ਸਿੰਘ ਪਲਾਹੀ ਨੇ ਕੀਤੀ। ਸਮਾਗਮ 'ਚ ਉਦਘਾਟਨੀ ਸ਼ਬਦ ਬੋਲਦਿਆਂ ਡਾ. ਸਤੀਸ਼ ਵਰਮਾ ਨੇ ਪੰਜਾਬ ਭਵਨ ਦੇ ਉਦਮ ਨਾਲ ਕਰਵਾਏ ਜਾ ਰਹੇ ਪ੍ਰਵਹਿ ਸੰਚਾਰ ਦੀ ਗੱਲ ਕੀਤੀ। ਡਾ. ਸਾਧੂ ਸਿੰਘ ਨੇ ਆਰੰਭਕ ਸ਼ਬਦਾਂ 'ਚ ਕਿਹਾ ਕਿ ਇਹੋ ਜਿਹੇ ਸਮਾਗਮ, ਗੋਸ਼ਟੀਆਂ, ਸਮੇਂ ਦੀ ਲੋੜ ਹਨ। ਡਾ. ਸਾਹਿਬ ਸਿੰਘ ਨੇ ਸਾਂਝ ਦੇ ਪੁਲ ਉਸਾਰਨ ਲਈ ਸੁੱਖੀ ਬਾਠ ਦੇ ਪੰਜਾਬ ਭਵਨ ਦੇ ਉਦਮ ਦੀ ਸ਼ਲਾਘਾ ਕੀਤੀ।

ਦੋ ਦਿਨਾਂ ਸੰਮੇਲਨ ਦੌਰਾਨ ਪੰਜ ਸੈਸ਼ਨ ਕਰਵਾਏ ਗਏ, ਜਿਨ੍ਹਾਂ ਵਿੱਚ ਵੱਖੋ-ਵੱਖਰੇ ਵਿਦਵਾਨਾਂ ਨੇ ਆਪਣੇ ਵਿਚਾਰ ਪੇਸ਼ ਕੀਤੇ ਜਾਂ ਪੇਪਰ ਪੜ੍ਹੇ। 'ਗੁਰਮਿਤ ਦੇ ਚਾਨਣ ਵਿੱਚ' ਵਿਸ਼ੇ ਉਤੇ ਬਲਿਹਾਰੀ ਕੁਦਰਿਤ ਵਸਿਆ (ਗਿਆਨ ਸਿੰਘ ਸੰਧੂ), ਗੁਰਮਿਤ, ਬੁੱਧਮਤ ਅਤੇ ਸੂਫੀਵਾਦ ਦਾ ਸਾਂਝਾ ਧਰਾਤਲ (ਇੰਦਰਜੀਤ ਸਿੰਘ ਧਾਮੀ), ਗੁਰੂ ਨਾਨਕ ਦੀ ਵਿਸ਼ਵ ਚੇਤਨਾ(ਬਲਵਿੰਦਰ ਕੌਰ ਬਰਾੜੀ), ਸੁਚੱਜੀ ਜੀਵਨ ਜਾਚ (ਗੁਰਦੀਸ਼ ਕੌਰ ਗਰੇਵਾਲ) ਅਤੇ ਮਨੁ ਤੂੰ ਜੋਤਿ ਸਰੂਪ ਹੈਂ ਆਪਣਾ ਮੂਲ ਪਛਾਣੁ(ਹਰਪ੍ਰੀਤ ਸਿੰਘ) ਨੇ ਪੇਪਰ ਪੜ੍ਹੇ ਅਤੇ ਗੁਰਮਿਤ ਦੇ ਵਿਚਾਰ ਬਿੰਦੂ ਅਤੇ ਅਜੋਕੇ ਸਮੇਂ ਦੇ ਸੰਦਰਭ 'ਚ ਇਸ ਦੇ ਪ੍ਰਭਾਵ ਸਬੰਧੀ ਵਿਆਖਿਆ ਕੀਤੀ। ਕੌਮਾਂਤਰੀ ਪੰਜਾਬੀ ਸਮਾਜ ਦਾ ਸੰਕਲਪ ਵਿਸ਼ੇ ਉਤੇ ਡਾ. ਸਤੀਸ਼ ਵਰਮਾ, ਡਾ. ਸਾਹਿਬ ਸਿੰਘ, ਸਰਬਜੀਤ ਸਿੰਘ ਸੋਹੀ ਅਤੇ ਪ੍ਰੋ: ਪ੍ਰਿਥੀਪਾਲ ਸੋਹੀ ਨੇ ਆਪਣੇ ਵਿਚਾਰ ਪੇਸ਼ ਕਰਦਿਆਂ ਕੌਮਾਂਤਰੀ ਪੰਜਾਬੀ ਸਮਾਜ ਦੀ ਸਿਰਜਨਾ ਉਤੇ ਜ਼ੋਰ ਦਿੱਤਾ, ਜਿਸ ਵਿੱਚ ਪੰਜਾਬੀ, ਪੰਜਾਬੀਅਤ ਦੇ ਨਰੋਏ ਸੰਕਲਪ ਨੂੰ ਦ੍ਰਿੜਤਾ ਨਾਲ ਅੱਗੇ ਵਧਣ ਅਤੇ ਡਿਜ਼ਟਲ ਟੈਕਨਾਲੋਜੀ ਦੀ ਵਰਤੋਂ ਕਰਦਿਆਂ ਸਮੁੱਚੀ ਦੁਨੀਆ 'ਚ ਵੱਸਦੇ ਸਮੁੱਚੇ ਪੰਜਾਬੀਆਂ, ਜਿਹਨਾ ਦੀ ਗਿਣਤੀ 13 ਤੋਂ 14 ਕਰੋੜ ਆਂਕੀ ਗਈ ਹੈ, ਨੂੰ ਇੱਕ ਲੜੀ 'ਚ ਪਰੋਣ ਲਈ ਪਹਿਲਕਦਮੀ ਕਰਨ ਲਈ ਸੁਝਾਇਆ ਗਿਆ। ਵਕਤਿਆਂ ਦਾ ਵਿਚਾਰ ਸੀ ਗੁਰਮੁੱਖੀ ਲਿਪੀ, ਸ਼ਾਹਮੁੱਖੀ ਲਿਪੀ ਦੇ ਨਾਲ-ਨਾਲ ਵਿਸ਼ਵੀ ਸੰਕਲਪ ਤਹਿਤ ਪੰਜਾਬੀ 'ਚ ਰੋਮਨ ਲਿਪੀ ਦਾ ਵਿਕਾਸ ਹੋ ਰਿਹਾ ਹੈ, ਜਿਹੜਾ ਪੰਜਾਬੀ ਦੀ ਤਰੱਕੀ ਅਤੇ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਇੱਕਮੁੱਠ ਕਰਨ ਅਤੇ ਇੱਕ ਪਲੇਟਫਾਰਮ 'ਤੇ ਲਿਆਉਣ ਲਈ ਸਹਾਈ ਹੋਵੇਗਾ। ਕੈਨੇਡੀਅਨ ਸੰਚਾਰ ਮਧਿਆਮ ਤੇ ਕਲਾਵਾਂ ਵਿਸ਼ੇ ਉਤੇ ਨਵਜੋਤ ਢਿਲੋਂ, ਜਰਨੈਲ ਸਿੰਘ ਆਰਟਿਸਟ, ਰਾਜੀ ਮੁਸੱਬਰ, ਸਵੈਚ ਪਰਮਿੰਦਰ ਨੇ ਆਪਣੇ ਵਿਚਾਰ ਪੇਸ਼ ਕੀਤੇ।

ਸਮਾਗਮ ਦੇ ਦੂਜੇ ਦਿਨ 'ਕੈਨੇਡਾ ਦਾ ਪੰਜਾਬੀ ਸਾਹਿਤ' ਵਿਸ਼ੇ ਉਤੇ ਸਾਧੂ ਬਿਨਿੰਗ, ਸੁਰਜੀਤ ਕੌਰ, ਅਜਮੇਰ ਰੋਡੇ, ਡਾ. ਬਬਨੀਤ ਕੌਰ ਅਤੇ ਪ੍ਰਭਜੋਤ ਕੌਰ ਨੇ ਕੈਨੇਡਾ 'ਚ ਲਿਖੀ ਜਾ ਰਹੀ ਕਵਿਤਾ, ਕਹਾਣੀ, ਨਾਵਲ ਅਤੇ ਹੋਰ ਗਲਪ ਸਾਹਿਤ ਬਾਰੇ ਭਰਪੂਰ ਜਾਣਕਾਰੀ ਦਿੱਤੀ ਅਤੇ ਕੈਨੇਡੀਅਨ ਪੰਜਾਬੀ ਸਾਹਿਤ ਨੂੰ ਪ੍ਰਮੁੱਖ ਪੰਜਾਬੀ ਸਾਹਿਤ ਦੇ ਹਾਣ-ਪ੍ਰਵਾਨ ਦੱਸਿਆ। ਸਮਾਗਮ ਦੇ ਗੰਭੀਰ ਵਿਸ਼ੇ 'ਸਾਹਿਤ ਦਾ ਸਿਆਸੀ ਪਰਿਪੇਖ' ਸਬੰਧੀ ਡਾ. ਸਾਧੂ ਸਿੰਘ,

(ਬਾਕੀ ਸਫ਼ਾ 30 'ਤੇ)

# ਤਾਜਪੋਸ਼ੀ ਤੋਂ ਬਾਅਦ ਅੰਮ੍ਰਿਤਪਾਲ ਦੀਆਂ ਸਰਗਰਮੀਆਂ ਖ਼ੁਫ਼ੀਆ ਏਜੰਸੀਆਂ ਦੇ ਨਿਸ਼ਾਨੇ ਉਪਰ

- ਪੰਜਾਬ ਸਰਕਾਰ ਨੂੰ ਚੌਕਸ ਕਰਦਿਆਂ ਮੰਗੀ ਪੂਰੀ ਡਿਟੇਲ
- ਅੰਮ੍ਰਿਤਪਾਲ ਦੇ ਭਾਸ਼ਣ ਤੇ ਵਿਚਾਰਧਾਰਾ ਨੂੰ ਇੰਡੀਆ ਲਈ ਮਨ ਰਹੀਆਂ ਹਨ ਖਤਰਨਾਕ
- ਕੈਪਟਨ ਬੋਲਿਆ ਸੂਬਾ ਸਰਕਾਰ ਖਾਲਿਸਤਾਨ ਦੇ ਮੁੱਦੇ 'ਤੇ ਕਾਰਵਾਈ ਕਰੇ

ਚੰਡੀਗੜ੍ਹ/ਏ.ਟੀ.ਨਿਊਜ਼ :- ਇੱਕੋ ਦਮ ਚਰਚਾ ਵਿੱਚ ਆਏ ਵਾਰਿਸ ਪੰਜਾਬ ਦੀ ਜਥੇਬੰਦੀ ਦੇ ਨਵ-ਨਿਯੁਕਤ ਜਥੇਦਾਰ ਅੰਮ੍ਰਿਤਪਾਲ ਸਿੰਘ ਦੀਆਂ ਗਤੀਵਿਧੀਆਂ ਨੂੰ ਲੈ ਕੇ ਕੇਂਦਰੀ ਖੁਫੀਆ ਏਜੰਸੀਆਂ ਚੌਕਸ ਹੋ ਗਈਆਂ ਹਨ। ਏਜੰਸੀਆਂ ਨੇ ਇਸ ਬਾਰੇ ਪੰਜਾਬ ਸਰਕਾਰ ਨੂੰ ਸੁਚੇਤ ਕਰਦਿਆਂ ਅੰਮ੍ਰਿਤਪਾਲ ਨਾਲ ਸਬੰਧਤ ਜਾਣਕਾਰੀ ਮੰਗੀ ਹੈ। ਦੱਸ ਦਈਏ ਕਿ ਮੋਗਾ ਦੇ ਪਿੰਡ ਰੋਡੇ ਵਿੱਚ ਕੁਝ ਦਿਨ ਪਹਿਲਾਂ 20 ਸਾਲਾਂ ਬਾਅਦ ਦੁਬਈ ਤੋਂ ਪਰਤੇ ਅੰਮ੍ਰਿਤਪਾਲ ਸਿੰਘ ਦੀ 'ਵਾਰਿਸ ਪੰਜਾਬ ਦੀ' ਸੰਸਥਾ ਦੇ ਪ੍ਰਧਾਨ ਵਜੋਂ ਤਾਜਪੋਸ਼ੀ ਕੀਤੀ ਗਈ ਹੈ, ਜਿਸ ਨੂੰ ਕੇਂਦਰ ਤੇ ਰਾਜ ਦੀਆਂ ਖੁਫੀਆ ਏਜੰਸੀਆਂ ਨੇ ਬਹੁਤ ਗੰਭੀਰਤਾ ਨਾਲ ਲਿਆ ਹੈ। ਇੱਕ ਕੇਂਦਰੀ ਏਜੰਸੀ ਨੇ ਆਪਣੇ ਹੈੱਡਕੁਆਰਟਰ ਨੂੰ ਭੇਜੀ ਰਿਪੋਰਟ ਵਿੱਚ ਸਾਫ਼ ਲਿਖਿਆ ਹੈ ਕਿ ਇਸ ਪ੍ਰੋਗਰਾਮ ਵਿੱਚ ਦੇਸ਼ ਵਿਰੋਧੀ ਗੱਲਾਂ ਕਹੀਆਂ ਗਈਆਂ, ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਸੂਬਾ ਸਰਕਾਰ ਤੇ ਪ੍ਰਸ਼ਾਸਨ ਦੀ ਸਹਿਮਤੀ ਤੋਂ ਬਿਨਾਂ ਪ੍ਰੋਗਰਾਮ ਵਿੱਚ 20 ਹਜ਼ਾਰ ਤੋਂ ਵੱਧ ਲੋਕਾਂ ਦੀ ਭੀੜ ਨਹੀਂ ਹੋ ਸਕਦੀ।

ਏਜੰਸੀਆਂ ਅੰਮ੍ਰਿਤਪਾਲ ਦੇ ਭਾਸ਼ਣ ਤੇ ਵਿਚਾਰਧਾਰਾ ਨੂੰ ਦੇਸ਼ ਦੀ ਅਖੰਡਤਾ ਨੂੰ ਪ੍ਰਭਾਵਿਤ ਕਰਨ ਵਾਲਾ ਮੰਨ ਰਹੀਆਂ ਹਨ। ਦੂਜੇ ਪਾਸੇ ਹਿੰਦੂ ਸੰਗਠਨਾਂ ਨੇ ਵੀ ਅੰਮ੍ਰਿਤਪਾਲ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਅੰਮ੍ਰਿਤਪਾਲ ਖਾਲਿਸਤਾਨੀ ਲਹਿਰ ਨੂੰ ਵੜ੍ਹਾਵਾ ਦੇ ਰਿਹਾ ਹੈ।

ਉੱਚ ਪੱਧਰੀ ਸੂਤਰਾਂ ਦਾ ਕਹਿਣਾ ਹੈ ਕਿ ਪਾਕਿਸਤਾਨ ਦੀ ਸਰਹੱਦ ਦੇ ਆਲੇ-ਦੁਆਲੇ ਤਾਇਨਾਤ ਸੁਰੱਖਿਆ ਤੇ ਖੁਫੀਆ ਏਜੰਸੀਆਂ ਨੇ ਆਪਣੀ ਸਰਗਰਮੀ ਵਧਾ ਦਿੱਤੀ ਹੈ। ਸੂਬੇ ਦੀ ਸੀਆਈਡੀ ਤੇ ਆਈਬੀ ਦੇ ਕੁਝ ਖੁਫੀਆ ਏਜੰਟਾਂ ਨੇ ਸ਼ਨੀਵਾਰ ਨੂੰ ਅੰਮ੍ਰਿਤਪਾਲ ਦੇ ਪਿੰਡ ਜੰਡੂਪੁਰ ਖੇੜਾ ਦਾ ਦੌਰਾ ਵੀ ਕੀਤਾ ਹੈ। ਕੁਝ ਅਧਿਕਾਰੀ ਪਿੰਡ ਦੇ ਲੋਕਾਂ ਤੇ ਬਜ਼ੁਰਗਾਂ ਨੂੰ ਮਿਲੇ ਤੇ ਜਾਣਕਾਰੀ ਹਾਸਲ ਕੀਤੀ।ਅੰਮ੍ਰਿਤਪਾਲ ਦਾ ਪਰਿਵਾਰ 2012 ਤੋਂ ਪਹਿਲਾਂ ਹੀ ਦੁਬਈ ਆ ਗਿਆ ਸੀ। ਉਥੇ ਪਰਿਵਾਰ ਨੇ ਟਰਾਂਸਪੋਰਟ ਦਾ ਕੰਮ ਸ਼ੁਰੂ ਕਰ ਦਿੱਤਾ। 2013 ਵਿਚ ਦੁਬਈ ਵਿਚ ਟਰਾਂਸਪੋਰਟ ਦਾ ਕਾਰੋਬਾਰ ਖੁਦ ਦੇਖਣ ਲੱਗਾ। ਏਜੰਸੀਆਂ ਉਸ ਦੇ ਇਸੇ ਪਿੰਡ ਦੇ ਖਾਲਿਸਤਾਨੀ ਗੁਰਦੀਪ ਸਿੰਘ ਖੇੜਾ ਨਾਲ ਸਬੰਧਾਂ ਦੀ ਵੀ ਜਾਂਚ ਕਰ ਰਹੀਆਂ ਹਨ। ਖੇੜਾ ਇਸ ਸਮੇਂ ਜੇਲ੍ਹ ਵਿੱਚ ਬੰਦ ਹੈ। ਗੁਰਦੀਪ ਸਿੰਘ ਖੇੜਾ ਵੀ ਉਨ੍ਹਾਂ ਵੱਖ-ਵੱਖ ਸਿੱਖ ਜਥੇਬੰਦੀਆਂ ਤੇ ਸ਼੍ਰੋਮਣੀ ਕਮੇਟੀ ਵਿੱਚ ਸ਼ਾਮਲ ਹੈ ਜੋ ਬੰਦੀ ਸਿੰਘਾਂ ਦੀ ਰਿਹਾਈ ਲਈ ਆਵਾਜ਼ ਬੁਲੰਦ ਕਰ ਰਹੇ ਹਨ।



### ਅੰਮ੍ਰਿਤਪਾਲ ਦੀ ਦਸਤਾਰਬੰਦੀ 'ਚ ਖਾਲਿਸਤਾਨੀ ਸਮਰਥਕ ਹੋਏ ਸ਼ਾਮਲ

ਕੇਂਦਰੀ ਏਜੰਸੀਆਂ ਅਨੁਸਾਰ ਪਿੰਡ ਰੋਡੇ ਵਿੱਚ ਬੀਤੇ ਵੀਰਵਾਰ ਨੂੰ ਅੰਮ੍ਰਿਤਪਾਲ ਸਿੰਘ ਦੀ ਦਸਤਾਰਬੰਦੀ ਵਿੱਚ ਵੀ ਅਜਿਹੀਆਂ ਜਥੇਬੰਦੀਆਂ ਦੇ ਮੈਂਬਰਾਂ ਨੇ ਸ਼ਿਰਕਤ ਕੀਤੀ, ਜਿਸ ਦਾ ਸਬੰਧ ਇੱਕ ਤਰ੍ਹਾਂ ਨਾਲ ਖਾਲਿਸਤਾਨੀ ਲਹਿਰ ਨਾਲ ਸੀ। ਸਟੇਜ ਤੋਂ ਖਾਲਿਸਤਾਨੀ ਨਾਅਰੇ ਵੀ ਲਾਏ ਗਏ। ਬੱਬਰ ਖਾਲਸਾ, ਪਾਬੰਦੀਸ਼ੁਦਾ ਇੰਟਰਨੈਸ਼ਨਲ ਸਿੱਖ ਯੂਥ ਫੈਡਰੇਸ਼ਨ ਤੇ ਪਾਬੰਦੀਸ਼ੁਦਾ ਜਥੇਬੰਦੀਆਂ ਦੇ ਪੁਰਾਣੇ ਮੈਂਬਰ ਵੀ ਇਸ ਵਿੱਚ ਨਜ਼ਰ ਆਏ।

### ਦੋ ਮਹੀਨੇ ਪਹਿਲਾਂ ਹੀ ਪੰਜਾਬ ਆਇਆ ਅੰਮ੍ਰਿਤਪਾਲ

ਅੰਮ੍ਰਿਤਪਾਲ ਦੋ ਮਹੀਨੇ ਪਹਿਲਾਂ ਹੀ ਦੁਬਈ ਤੋਂ ਪੰਜਾਬ ਆਇਆ ਸੀ। ਏਜੰਸੀਆਂ ਇਸ ਗੱਲ ਨੂੰ ਲੈ ਕੇ ਵੀ ਚੌਕਸ ਹਨ ਕਿ ਅੰਮ੍ਰਿਤਪਾਲ ਦਾ ਚਾਚਾ, ਤਾਇਆ, ਪਿਤਾ-ਮਾਤਾ ਅਤੇ ਕੋਈ ਵੀ ਰਿਸ਼ਤੇਦਾਰ ਉਸ ਨਾਲ ਕਿਉਂ ਨਹੀਂ ਆਇਆ। ਪਿੰਡ ਵਿੱਚ ਜਾਂਚ ਕਰਨ ਗਏ ਖੁਫੀਆ ਵਿਭਾਗ ਦੇ ਇੱਕ ਅਧਿਕਾਰੀ ਦਾ ਕਹਿਣਾ ਹੈ ਕਿ ਲੋਕਾਂ ਨੇ ਦੱਸਿਆ ਕਿ ਉਹ ਬਹੁਤ ਸ਼ਰਮੀਲਾ ਸੀ। ਪੜ੍ਹਾਈ ਵਿੱਚ ਵੀ ਬਹੁਤ ਤੇਜ਼ ਨਹੀਂ ਸੀ। ਖਾਲਿਸਤਾਨੀ ਵਿਚਾਰਧਾਰਾ ਦੇ ਸਬਕ ਉਸ ਨੂੰ ਦੁਬਈ ਵਿੱਚ ਹੀ ਪੜ੍ਹਾਏ ਗਏ ਹਨ।

ਹੁਣ ਏਜੰਸੀਆਂ ਉਸ ਨੈੱਟਵਰਕ ਦੀ ਤਲਾਸ਼ ਕਰ ਰਹੀਆਂ ਹਨ, ਜਿਸ ਨੇ ਉਸ ਨੂੰ ਖਾਲਿਸਤਾਨੀ ਲਹਿਰ ਚਲਾਉਣ ਲਈ ਸਿਖਲਾਈ ਦਿੱਤੀ। ਪੰਜਾਬ ਪੁਲਿਸ ਦੇ ਡੀਜੀਪੀ ਗੌਰਵ ਯਾਦਵ ਦਾ ਕਹਿਣਾ ਹੈ ਕਿ ਸਾਰੀਆਂ ਗਤੀਵਿਧੀਆਂ 'ਤੇ ਨਜ਼ਰ ਰੱਖੀ ਜਾ ਰਹੀ ਹੈ ਤੇ ਲੋੜ ਪੈਣ 'ਤੇ ਤੁਰੰਤ ਕਾਰਵਾਈ ਕੀਤੀ ਜਾਵੇਗੀ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਭਾਜਪਾ ਆਗੂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਸੂਬਾ ਸਰਕਾਰ ਨੂੰ ਖਾਲਿਸਤਾਨ ਦੇ ਮੁੱਦੇ 'ਤੇ ਕਾਰਵਾਈ ਕਰਨ ਦੀ ਲੋੜ ਹੈ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਦੁਬਈ ਦੇ ਰਹਿਣ ਵਾਲੇ ਅੰਮ੍ਰਿਤਪਾਲ ਨੂੰ ਪਾਕਿਸਤਾਨ ਦੀ ਖੁਫੀਆ ਏਜੰਸੀ ਆਈਐਸਆਈ ਦੇ ਇਸ਼ਾਰੇ 'ਤੇ ਪੰਜਾਬ ਵਿੱਚ ਮੁੜ ਖਾਲਿਸਤਾਨ ਦਾ ਮੁੱਦਾ ਭੜਕਾਉਣ ਲਈ ਭੇਜਿਆ ਗਿਆ ਹੈ।

ਯਾਦ ਰਹੇ ਕਿ ਮੈਂ ਸੰਤ ਭਿੰਡਰਾਂਵਾਲਿਆਂ ਦੇ ਦਰਸਾਏ ਮਾਰਗ 'ਤੇ ਚੱਲਾਂਗਾ ਅਤੇ ਪੰਜਾਬ ਨੂੰ ਖ਼ੂਨ-ਪਸੀਨੇ ਦੇ ਜ਼ੁਲਮਾਂ ਤੋਂ ਆਜ਼ਾਦ ਕਰਵਾਉਣ ਲਈ ਲੜਾਂਗਾ। ਕੁਝ ਦਿਨ ਪਹਿਲਾਂ ਇਕ ਹੋਰ ਪ੍ਰੋਗਰਾਮ ਵਿਚ ਅੰਮ੍ਰਿਤਪਾਲ ਨੇ ਕਿਹਾ ਸੀ ਕਿ ਸਿੱਖ ਉਨ੍ਹਾਂ ਲੋਕਾਂ ਦੀ ਗੁਲਾਮੀ ਵਿਚ ਨਹੀਂ ਰਹਿ ਸਕਦੇ ਜੋ ਪਿਛਲੇ 500 ਸਾਲਾਂ ਤੋਂ ਮਾਰਸ਼ਲ ਕੌਮ ਦੀ ਪਛਾਣ ਨੂੰ ਖਤਮ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

### ਨਸ਼ਿਆਂ ਖਿਲਾਫ ਮੋਰਚੇ ਵਿਚ ਅੰਮ੍ਰਿਤਪਾਲ ਸਿੰਘ

ਜ਼ੀਰਾ ਵਿਖੇ ਸ਼ਰਾਬ ਫੈਕਟਰੀ ਖ਼ਿਲਾਫ਼ ਵੱਡੇ ਪੱਧਰ 'ਤੇ ਦਿੱਤੇ ਜਾ ਰਹੇ ਧਰਨੇ 'ਚ 'ਵਾਰਿਸ ਪੰਜਾਬ ਦੇ' ਮੁਖੀ ਭਾਈ ਅੰਮ੍ਰਿਤਪਾਲ ਸਿੰਘ ਪਹੁੰਚੇ। ਇਸ ਮੌਕੇ ਧਰਨਾਕਾਰੀਆਂ ਨੂੰ ਸੰਬੰਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਗੱਲ ਆਖੀ ਜਾਂਦੀ ਹੈ ਕਿ ਸ਼ਰਾਬ ਸਿਹਤ ਲਈ ਬਹੁਤ ਫਾਇਦੇਮੰਦ ਹੈ ਪਰ ਸ਼ਰਮਨਾਕ ਗੱਲ ਇਹ ਹੈ ਕਿ ਪੰਜਾਬ ਦੀ ਇਸ ਧਰਤੀ 'ਤੇ ਸ਼ਰਾਬ ਫੈਕਟਰੀ ਲਾਈ ਗਈ ਹੈ। ਉਨ੍ਹਾਂ ਕਿਹਾ ਕਿ ਹੁਣ ਸਭ ਇਸ ਨੂੰ ਬੰਦ ਕਰਵਾਉਣ ਲਈ ਧਰਨਾ-ਪ੍ਰਦਰਸ਼ਨ ਕਰ ਰਹੇ ਹਨ ਪਰ ਸਿਰਫ਼ ਇਸ ਕਾਰਨ ਕਰਕੇ ਹੀ ਨਾ ਬੰਦ ਕਰਵਾਈ ਜਾਵੇ ਕੇ ਇਸ ਨਾਲ ਪਾਣੀ ਪ੍ਰਦੂਸ਼ਿਤ ਹੁੰਦਾ ਹੈ ਸਗੋਂ ਇਸ ਲਈ ਵੀ ਕਰਵਾਈ ਜਾਵੇ ਕਿ ਗੁਰੂ ਸਾਹਿਬ ਨੇ ਨਸ਼ਿਆਂ ਤੋਂ ਦੂਰ ਰਹਿਣ ਦੀ ਸਿੱਖਿਆ ਦਿੱਤੀ ਹੈ। ਜੇਕਰ ਨਸ਼ਿਆਂ ਦੀਆਂ ਫੈਕਟਰੀਆਂ ਪੰਜਾਬ ਵਿਚ ਲੱਗ ਜਾਣਗੀਆਂ ਤਾਂ ਸਿੱਖੀ ਦਾ ਪ੍ਰਚਾਰ ਕਿਵੇਂ ਕੀਤਾ ਜਾਵੇਗਾ। ਭਾਈ ਅੰਮ੍ਰਿਤਪਾਲ ਸਿੰਘ ਨੇ ਕਿਹਾ ਕਿ 1947 ਤੋਂ ਬਾਅਦ ਹਕੂਮਤ ਨੇ ਵੱਖ-ਵੱਖ ਤਰੀਕੇ ਅਪਣਾਏ ਹਨ ਕਿ ਸਿੱਖਾਂ ਨੂੰ ਨਿਪੁੰਸਕ ਬਣਾ ਕੇ ਇਨ੍ਹਾਂ ਦੀ ਨਸਲਕੁਸ਼ੀ ਕਰਨੀ ਹੈ। ਜੋ ਇਸ ਦੇ ਵਿਰੋਧ ਵਿਚ ਬੋਲਦਾ ਹੈ, ਉਸ ਦੀ ਗਲ਼ ਵੱਢ ਦਿੱਤਾ ਜਾਂਦਾ ਹੈ ਅਤੇ ਜੋ ਚੁੱਪ ਰਹਿ ਕੇ ਧਰਨੇ ਲਾਉਂਦੇ ਹਨ, ਉਨ੍ਹਾਂ ਨੂੰ ਸਾਲ-2 ਸਾਲ ਬਾਅਦ ਜਲੀਲ ਕੀਤਾ ਜਾਂਦਾ ਹੈ।

ਭਾਈ ਅੰਮ੍ਰਿਤਪਾਲ ਨੇ ਆਖਿਆ ਕਿ ਅਸੀਂ ਉਸ ਕੌਮ ਦੇ ਵਾਰਿਸ ਹਾਂ ਜਿਸ ਨੇ ਖੈਬਰ ਤੋਂ ਲੈ ਕੇ ਸਤਲੁਜ ਤੱਕ ਰਾਜ ਕੀਤਾ ਹੈ। ਜੇਕਰ ਹੁਣ ਲੋਕਾਂ ਨੂੰ ਸੜਕਾਂ 'ਤੇ ਬੈਠ ਕੇ ਉਸ ਮੁੱਖ ਮੰਤਰੀ ਤੋਂ ਇਨਸਾਫ ਮੰਗਣਾ ਪੈ ਰਿਹਾ ਹੈ ਜੋ ਖ਼ੁਦ ਸ਼ਰਾਬ ਪੀਂਦਾ ਹੈ ਤਾਂ ਸਮਝ ਲੈਣਾ ਚਾਹੀਦਾ ਹੈ ਕਿ ਗੁਲਾਮੀ ਦੀ ਇਸ ਤੋਂ ਵੱਡੀ ਚਾਲ ਕੋਈ ਨਹੀਂ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਨੇ ਕਿਹਾ ਸੀ ਕਿ ਦਰਿਆਵਾਂ ਦੇ ਕੰਢੇ ਪਈ ਮਿੱਟੀ ਨੂੰ ਖ਼ਰਾਬ ਨਾ ਹੋਣ ਦਿੱਤਾ ਜਾਵੇ ਕਿਉਂਕਿ ਇਸ ਦੀ ਲੋੜ ਹੈ ਪਰ ਅੱਜ ਦਾ ਦੌਰ ਅਜਿਹਾ ਆ ਗਿਆ ਹੈ ਕਿ ਗੁਰੂ ਘਰ ਦੇ ਪਾਣੀ ਵਾਲੇ ਬੋਰ ਵਿੱਚੋਂ ਸ਼ਰਾਬਨੁਮਾ ਪਾਣੀ ਆਉਣ ਲੱਗ ਗਿਆ ਹੈ। ਭਾਈ ਅੰਮ੍ਰਿਤਪਾਲ ਨੇ ਕਿਹਾ ਕਿ ਸਾਨੂੰ ਆਉਣ ਵਾਲੀਆਂ ਪੀੜੀਆਂ ਬਾਰੇ ਸੋਚਣਾ ਚਾਹੀਦਾ ਹੈ। ਇਹ ਸ਼ਰਾਬ ਫੈਕਟਰੀ ਲਾਉਣਾ ਇਕ ਨਸਲਕੁਸ਼ੀ ਦੀ ਤਕਨੀਕ ਹੈ, ਜਿਸ ਨਾਲ ਪੀੜ੍ਹੀਆਂ ਬਰਬਾਦ ਹੋ ਜਾਂਦੀਆਂ ਹਨ ਅਤੇ ਇਹ ਚੁੱਪਚਾਪ ਕਿਸੇ ਕੌਮ ਨੂੰ ਮਾਰ ਦੇਣ ਵਾਲੀ ਗੱਲ ਹੈ। ਇਸ ਨਾਲ ਕੈਂਸਰ ਦੀ ਬੀਮਾਰੀ ਹੁੰਦੀ ਹੈ ਜੋ ਕਿ ਪੀੜ੍ਹੀ ਦਰ ਪੀੜ੍ਹੀ ਅੱਗੇ ਵਧਦੀ ਰਹਿੰਦੀ ਹੈ। ਇਸ ਲਈ ਇਸ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਕੁਝ ਨਾ ਕੁਝ ਤਾਂ ਕਰਨਾ ਹੀ ਪਵੇਗਾ।

# ਹਰਿਆਣਾ ਕਮੇਟੀ ਦੀ ਪ੍ਰਧਾਨਗੀ ਨੂੰ ਲੈ ਕੇ ਦਾਦੂਵਾਲ ਤੇ ਝੀਂਡਾ ਵਿਚਾਲੇ ਤਕਰਾਰ

## ਹਰਿਆਣਾ ਗੁਰਦੁਆਰਾ ਕਮੇਟੀ ਦਾ ਮੈਂ ਹਾਂ ਪ੍ਰਧਾਨ : ਝੀਂਡਾ

## ਦਾਦੂਵਾਲ ਨੇ ਕਮੇਟੀ ਮੈਂਬਰਾਂ ਵੱਲੋਂ ਵੋਟਾਂ ਪਾ ਕੇ ਪ੍ਰਧਾਨ ਚੁਣੇ ਜਾਣ ਦਾ ਕੀਤਾ ਦਾਅਵਾ

ਸਿਰਸਾ/ਏ.ਟੀ.ਨਿਊਜ਼ :- ਸੁਪਰੀਮ ਕੋਰਟ ਵੱਲੋਂ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਐਕਟ 2014 ਨੂੰ ਬਰਕਰਾਰ ਰੱਖੇ ਜਾਣ ਮਗਰੋਂ ਕਮੇਟੀ ਦੇ ਪ੍ਰਧਾਨ ਦੀ ਸਥਿਤੀ ਭੰਬਲਭੂਸੇ ਵਾਲੀ ਬਣ ਗਈ ਹੈ। ਕਮੇਟੀ ਦੇ ਸੰਸਥਾਪਕ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਕਿਹਾ ਕਿ ਉਨ੍ਹਾਂ ਨੇ ਬਿਮਾਰ ਹੋਣ ਕਾਰਨ ਗੁਰਦੁਆਰਿਆਂ ਦੀ ਸੇਵਾ-ਸੰਭਾਲ ਨਾ ਕਰ ਸਕਣ ਕਰਕੇ ਆਪਣੇ ਅਹੁਦੇ ਤੋਂ ਅਸਤੀਫਾ ਦਿੱਤਾ ਸੀ, ਜੋ ਅੱਜ ਤੱਕ ਸਵੀਕਾਰ ਨਹੀਂ ਹੋਇਆ। ਇਸ ਕਰਕੇ ਉਹ ਹੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਨ। ਉਨ੍ਹਾਂ ਕਿਹਾ, 'ਬਿਮਾਰੀ ਕਾਰਨ ਕੰਮ ਨਾ ਕਰ ਸਕਣ ਕਰਕੇ ਬਲਜੀਤ ਸਿੰਘ ਦਾਦੂਵਾਲ ਨੂੰ ਕਮੇਟੀ ਦਾ ਇੰਟਰਨਲ ਕਾਰਜਕਾਰੀ ਪ੍ਰਧਾਨ ਬਣਾਇਆ ਗਿਆ ਸੀ ਅਤੇ ਹੁਣ 41 'ਚੋਂ 33 ਮੈਂਬਰ ਸਾਡੇ ਨਾਲ ਹਨ।' ਦੂਜੇ ਪਾਸੇ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਹੈ ਕਿ ਉਹ ਕਾਨੂੰਨੀ ਤੌਰ 'ਤੇ ਕਮੇਟੀ ਮੈਂਬਰਾਂ ਵੱਲੋਂ ਚੁਣੇ ਗਏ ਪ੍ਰਧਾਨ ਹਨ।



ਜਗਦੀਸ਼ ਸਿੰਘ ਝੀਂਡਾ ਨੇ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਉਨ੍ਹਾਂ ਦੀ 'ਪਾਰਲੀਮੈਂਟ' ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੀ ਹੈ ਤੇ ਉਹ ਹੀ ਰਹੇਗੀ। ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਸਟੇਟ ਬਾਡੀ ਹੈ, ਜਿਸ ਨੂੰ ਕਾਨੂੰਨੀ ਮਾਨਤਾ ਮਿਲੀ ਹੈ। ਉਨ੍ਹਾਂ ਕਿਹਾ, 'ਸ਼੍ਰੋਮਣੀ ਕਮੇਟੀ ਅਤੇ ਅਕਾਲ ਤਖਤ 'ਤੇ ਬੈਠੇ ਆਗੂ ਸਾਡੇ ਵੱਡੇ ਭਰਾ ਹਨ ਤੇ ਅਸੀਂ ਉਨ੍ਹਾਂ ਨੂੰ ਅਪੀਲ ਕੀਤੀ ਹੈ ਕਿ ਉਹ ਵੰਡੀਆਂ ਨਾ ਪਾਉਣ ਤੇ ਖੁਦ ਇਥੋਂ ਦੇ ਗੁਰਦੁਆਰਿਆਂ ਦੀ ਸਾਂਭ-ਸੰਭਾਲ ਤੇ ਚਾਬੀਆਂ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਣ।' ਉਨ੍ਹਾਂ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ ਕੀਤੀ ਕਿ ਹਰਿਆਣਾ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਚਾਰਜ ਸੌਂਪਣ ਵਾਲੇ ਦਿਨ ਉਹ ਵੀ ਇੱਥੇ ਆਉਣ। ਉਨ੍ਹਾਂ ਕਿਹਾ ਕਿ ਸ਼ੁਕਰਾਨੇ ਵਜੋਂ 7 ਅਕਤੂਬਰ ਨੂੰ ਨਾਢਾ ਸਾਹਿਬ ਵਿੱਚ ਅਖੰਡ ਪਾਠ ਰੱਖਿਆ ਜਾਵੇਗਾ ਤੇ 9 ਨੂੰ ਭੋਗ ਪਾਏ ਜਾਣਗੇ। ਉਨ੍ਹਾਂ ਦੱਸਿਆ ਕਿ ਇਸ ਸਮਾਗਮ ਮਗਰੋਂ ਗੁਰੂ ਘਰਾਂ ਦੇ ਪ੍ਰਬੰਧ ਸਾਂਭਣ ਦੀ ਪ੍ਰਕਿਰਿਆ ਆਰੰਭ ਹੋਵੇਗੀ। ਸਮਾਗਮ ਵਿੱਚ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਅਤੇ ਸਮੁੱਚੀ ਕੈਬਨਿਟ ਵੀ ਸ਼ਾਮਲ ਹੋਵੇਗੀ।

# ਗ਼ਦਰੀ ਬਾਬਿਆਂ ਦੀ ਯਾਦ 'ਚ ਮੋਢੀ ਸੰਸਥਾ ਖ਼ਾਲਸਾ ਦੀਵਾਨ ਸੁਸਾਇਟੀ ਸਟਾਕਟਨ ਵੱਲੋਂ ਦੋ ਦਿਨਾ ਕਾਨਫਰੰਸ ਯਾਦਗਾਰੀ ਹੋ ਨਿੱਬੜੀ



ਸਟਾਕਟਨ/ਏ.ਟੀ.ਨਿਊਜ਼ :- ਗ਼ਦਰ ਲਹਿਰ ਦਾ ਬੂਟਾ ਲਾਉਣ ਵਾਲੀ ਮੋਢੀ ਸੰਸਥਾਪਕ ਪੈਸੀਫਿਕ ਕੋਸਟ ਖਾਲਸਾ ਦੀਵਾਨ ਸੁਸਾਇਟੀ ਸਟਾਕਟਨ ਵੱਲੋਂ 110ਵੇਂ ਸਥਾਪਨਾ ਦਿਹਾੜੇ ਮੌਕੇ, ਦੋ ਦਿਨਾ ਕਾਨਫਰੰਸ ਕਰਵਾਈ। ਇਸ ਮੌਕੇ 'ਤੇ ਵੱਖ-ਵੱਖ ਵਿਸ਼ਿਆਂ 'ਤੇ ਲੈਕਚਰ ਕਰਵਾਏ ਗਏ ਅਤੇ ਸੰਗਤਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ। ਇਸ ਮੌਕੇ ਤੇ ਬੁਲਾਰਿਆਂ ਨੇ ਗ਼ਦਰ ਲਹਿਰ ਦੇ ਇਤਿਹਾਸ ਨੂੰ ਵਿਗਾੜਨ ਵਾਲੇ ਬਿਰਤਾਂਤ ਬਾਰੇ ਸੰਗਤਾਂ ਨੂੰ ਜਾਣੂੰ ਕਰਵਾਇਆ। ਬੀਸੀ ਤੋਂ ਪਹੁੰਚੇ ਸਿੱਖ ਸਕਾਲਰ ਡਾ. ਗੁਰਵਿੰਦਰ ਸਿੰਘ, ਚਿੰਤਕ ਸ. ਅਮਰੀਕ ਸਿੰਘ, ਪ੍ਰਿੰਸੀਪਲ ਸਵਰਨਜੀਤ ਸਿੰਘ ਤੋਂ ਇਲਾਵਾ ਅਮਰੀਕਾ ਦੇ ਜੰਮਪਲ ਡਾ. ਅੰਮ੍ਰਿਤ ਕੌਰ ਦਿਓਲ ਅਤੇ ਗ਼ਦਰ 'ਤੇ ਪੀਐਚਡੀ ਕਰ ਰਹੇ ਤੇਜਪਾਲ ਸਿੰਘ ਸਣੇ ਕਈ ਵਿਦਵਾਨਾਂ ਨੇ ਵਿਚਾਰ ਸਾਂਝੇ ਕੀਤੇ।

ਇਸ ਮੌਕੇ ਸਰਬਸੰਮਤੀ ਨਾਲ ਪੰਜ ਮਤੇ ਪਾਸ ਕੀਤੇ ਗਏ। ਮਤਿਆਂ ਵਿਚ ਸਿੰਘ ਸਭਾ ਲਹਿਰ ਦਾ 150ਵਾਂ ਸਥਾਪਨਾ ਦਿਵਸ ਮਨਾਉਣ, ਗਿਆਨੀ ਦਿੱਤ ਸਿੰਘ ਦੀ ਤਸਵੀਰ ਲੰਗਰ ਹਾਲ ਵਿਚ ਸਜਾਉਣ, ਉਨ੍ਹਾਂ ਦੀ ਲਿਖਤ 'ਸਾਧੂ ਦਯਾਨੰਦ ਨਾਲ ਮੇਰੇ ਸੰਵਾਦ' ਪ੍ਰਕਾਸ਼ਤ ਕਰਨ, ਪ੍ਰੋ.ਫੈਸਰ ਤੇਜਾ ਸਿੰਘ ਦਿਹਾੜਾ ਘੋਸ਼ਿਤ ਕਰਵਾਉਣ, ਬੱਬਰ ਅਕਾਲੀ ਲਹਿਰ ਦੇ ਯੋਧਿਆਂ ਦੀ ਸ਼ਤਾਬਦੀ ਮਨਾਉਣ ਅਤੇ ਵਿਸ਼ੇਸ਼ ਕਰਕੇ ਗ਼ਦਰੀ ਬਾਬਿਆਂ ਵੱਲੋਂ ਸ਼ੁਰੂ ਕੀਤੇ ਗਏ ਗੁਰੂ ਗੋਬਿੰਦ ਸਿੰਘ ਸਾਹਿਬ ਸਕਾਲਰਸ਼ਿਪ ਮੁੜ ਆਰੰਭ ਕਰਨ ਦੇ ਲਈ ਜੈਕਾਰਿਆਂ ਦੀ ਗੂੰਜ ਵਿਚ ਪ੍ਰਵਾਨਗੀ ਦਿੱਤੀ ਗਈ। ਇਸ ਦੌਰਾਨ ਗੁਰਦੁਆਰਾ ਸਾਹਿਬ ਪ੍ਰਬੰਧਕ ਕਮੇਟੀ ਵੱਲੋਂ ਨਾਨਕਸ਼ਾਹੀ ਕੈਲੰਡਰ ਨੂੰ ਦੇ ਸੰਬੰਧ 'ਚ ਮਰਹੂਮ ਸ. ਪਾਲ ਸਿੰਘ ਪੁਰੇਵਾਲ ਦੀ ਪੁਸਤਕ ਲੋਕ ਅਰਪਣ ਕੀਤੀ ਗਈ। ਸੰਗਤਾਂ ਅਤੇ ਪ੍ਰਬੰਧਕਾਂ ਵੱਲੋਂ ਲੇਖਕਾਂ ਅਤੇ ਬੁੱਧੀਜੀਵੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਸਮਾਗਮ ਯਾਦਗਾਰੀ ਹੋ ਨਿਬੜਿਆ।

# ਅਸੀਂ ਸੰਤ ਭਿੰਡਰਾਂਵਾਲਿਆਂ ਦੀ ਸੋਚ ਅਪਣਾ ਕੇ ਅਜ਼ਾਦੀ ਤੇ ਪੰਜਾਬ ਸੂਬੇ ਦੇ ਹੱਕ ਲਈ ਕੰਮ ਕਰਾਂਗੇ

## ਅੰਮ੍ਰਿਤਪਾਲ ਸਿੰਘ ਦੀ ਰੋਡੇ ਪਿੰਡ ਵਿਚ ਦਸਤਾਰਬੰਦੀ ਤੋਂ ਬਾਅਦ ਕਿਹਾ ਕਿ ਸੰਗਤਾਂ ਨੂੰ ਬਾਣੀ ਤੇ ਬਾਣੇ ਨਾਲ ਜੋੜਨ ਲਈ ਅੰਮ੍ਰਿਤ ਸੰਚਾਰ ਮੁਹਿੰਮ ਚਲਾਈ ਜਾਵੇਗੀ, ਅਕਾਲੀ ਦਲ ਪੰਥ ਨੂੰ ਵਾਪਸ ਮਿਲੇ'

ਸਮਾਲਸਰ/ਏ.ਟੀ.ਨਿਊਜ਼ :- ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੇ ਜਨਮ ਸਥਾਨ ਪਿੰਡ ਰੋਡੇ (ਮੋਗਾ) ਵਿਖੇ ਜਿੱਥੇ ਵਾਰਸ ਪੰਜਾਬ ਦੇ ਜਥੇਬੰਦੀ ਦੀ ਸਾਲਾਨਾ ਵਰ੍ਹੇਗੰਢ ਮਨਾਈ ਗਈ, ਉੱਥੇ ਇਸ ਜਥੇਬੰਦੀ ਪ੍ਰਧਾਨ ਅੰਮ੍ਰਿਤਪਾਲ ਸਿੰਘ ਖਾਲਸਾ ਦੇ ਦਸਤਾਰਬੰਦੀ ਵੀ ਕੀਤੀ ਗਈ। ਇੱਥੇ ਇਹ ਜ਼ਿਕਰਯੋਗ ਹੈ ਕਿ ਇਹ ਵਾਰਸ ਪੰਜਾਬ ਦੇ ਜਥੇਬੰਦੀ ਦੀਪ ਸਿੱਧੂ ਵਲੋਂ ਬਣਾਈ ਗਈ ਸੀ। ਇਸ ਮੌਕੇ ਜਥੇਬੰਦੀ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਖਾਲਸਾ ਨੇ ਵੱਡੇ ਇਕੱਠ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਸੋਚ ਅਤੇ ਵਿਚਾਰਧਾਰਾ ਅਪਣਾ ਕੇ ਅਤੇ ਉਨ੍ਹਾਂ ਵਲੋਂ ਦਰਸਾਏ ਗਏ ਮਾਰਗ 'ਤੇ ਚੱਲਦਿਆਂ ਸਿੱਖ ਕੌਮ ਦੀ ਅਜ਼ਾਦੀ ਅਤੇ ਪੰਜਾਬ ਸੂਬੇ ਦੀ ਖ਼ੁਸਹਾਲੀ ਲਈ ਕੰਮ ਕਰਾਂਗੇ। ਭਾਈ ਅੰਮ੍ਰਿਪਾਲ ਸਿੰਘ ਖਾਲਸਾ ਨੇ ਕਿਹਾ ਕਿ ਅਸੀਂ ਸੰਤ ਜਰਨੈਲ ਸਿੰਘ ਖਾਲਸਾਭਿੰਡਰਾਂ ਵਾਲਿਆਂ ਦੀ ਸੋਚ ਮੁਤਾਬਿਕ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਅ ਕੇ ਬਾਣੀ ਅਤੇ ਬਾਣੇ ਨਾਲ ਜੋੜਾਂਗੇ। ਉਨ੍ਹਾਂ ਕਿਹਾ ਕਿ ਅਸੀਂ ਪੰਜਾਬ ਦੇ ਸਾਰੇ ਪਿੰਡਾਂ ਵਿਚ ਅੰਮ੍ਰਿਤ ਸੰਚਾਰ ਮੁਹਿੰਮ ਚਲਾਵਾਂਗੇ ਤਾਂ ਕਿ ਪੰਜਾਬ ਦੇ ਨੌਜਵਾਨਾਂ ਨੂੰ ਕੇਸਾਧਾਰੀ ਬਣਾ ਕੇ, ਅੰਮ੍ਰਿਤ ਛਕਾ ਕੇ ਗੁਰੂ ਵਾਲੇ ਬਣਾਵਾਂਗੇ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੇ ਪ੍ਰਧਾਨ ਅਤੇ ਮੈਂਬਰ ਪਾਰਲੀਮੈਂਟ ਸਿਮਰਨਜੀਤ ਸਿੰਘ ਮਾਨ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਸਿੱਖ ਕੌਮ ਦੀ ਅਜ਼ਾਦੀ ਲਈ ਇੱਕਮੁੱਠ ਹੋ ਕੇ ਯਤਨ ਕਰਨੇ ਚਾਹੀਦੇ ਹਨ, ਇਹ ਯਤਨ ਤਾਂ ਹੀ ਸਫਲ ਹੋ ਸਕਦੇ ਹਨ ਜੇਕਰ ਅਸੀਂ ਸੰਤ ਭਿੰਡਰਾਂਵਾਲਿਆਂ ਦੀ ਸੋਚ ਅਤੇ ਵਿਚਾਰਧਾਰਾ ਨੂੰ ਅਪਣਾਈਏ। ਉਨ੍ਹਾਂ ਅੰਮ੍ਰਿਤਪਾਲ ਸਿੰਘ ਖਾਲਸਾ ਨੂੰ ਦਸਤਾਰਬੰਦੀ ਦੀ ਵਧਾਈ ਦਿੰਦਿਆਂ ਕਿਹਾ ਕਿ ਉਹ ਸਿੱਖ ਕੌਮ ਤੇ ਸਿੱਖ ਨੌਜਵਾਨਾਂ ਦੀ ਅਗਵਾਈ ਕਰਨ, ਸਾਡੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਉਨ੍ਹਾਂ ਦਾ ਡਟ ਕੇ ਸਾਥ ਦੇਵੇਗੀ। ਇਸ ਮੌਕੇ ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਰੋਡੇ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਕੌਮ ਨੂੰ ਅਜੋਕੇ ਹਾਲਾਤ ਵਿਚ ਬਹੁਤ ਚੁਣੌਤੀਆਂ ਦਰਪੇਸ ਹਨ, ਇਸ ਲਈ ਸਾਨੂੰ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸੰਤ ਭਿੰਡਰਾਂਵਾਲਿਆਂ ਦੀ ਉੱਚੀ ਸੁੱਚੀ ਸੋਚ ਨੂੰ ਅਪਣਾ ਕੇ, ਉਨ੍ਹਾਂ ਨੂੰ ਆਦਰਸ਼ ਮੰਨ ਕੇ ਚੱਲਣਾ ਹੋਵੇਗਾ ਤਾਂ ਹੀ ਅਸੀਂ ਸਿੱਖ ਕੌਮ ਨੂੰ ਬੁਲੰਦੀਆਂ 'ਤੇ ਲਿਜਾ ਸਕਾਂਗੇ। ਇਸ ਮੌਕੇ ਸਿੰਘ ਸਾਹਿਬ ਭਾਈ ਜਸਬੀਰ ਸਿੰਘ ਰੋਡੇ, ਵੱਖ-ਵੱਖ ਨਿਹੰਗ ਜਥੇਬੰਦੀਆਂ, ਸੰਤ ਮਹਾਪੁਰਸ਼ਾਂ ਅਤੇ ਹੋਰ ਸਿੱਖ ਆਗੂਆਂ ਨੇ ਸਾਂਝੇ ਰੂਪ ਵਿਚ ਭਾਈ ਅੰਮ੍ਰਿਤਪਾਲ ਸਿੰਘ ਦੀ ਵਾਰਸ ਪੰਜਾਬ ਜਥੇਬੰਦੀ ਦੇ ਪ੍ਰਧਾਨ ਦੇ ਤੌਰ 'ਤੇ ਦਸਤਾਰਬੰਦੀ ਵੀ ਕੀਤੀ । ਇਸ ਮੌਕੇ ਵੱਖ-ਵੱਖ ਤਰ੍ਹਾਂ ਦੇ ਅਠਾਰਾਂ ਦੇ ਕਰੀਬ ਮਤੇ ਪਾਸ ਕੀਤੇ ਗਏ। ਇਸ ਮੌਕੇ ਭਾਈ ਜਗਤਾਰ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ, ਭਾਈ ਅਮਨਪ੍ਰੀਤ ਸਿੰਘ ਖਾਲਸਾ ਰੋਡੇ, ਭਾਈ ਹਰਪ੍ਰੀਤ ਸਿੰਘ, ਭਾਈ ਕੁਲਵੰਤ ਸਿੰਘ ਰਾਊਕੇ, ਬਲਵਿੰਦਰ ਸਿੰਘ ਬਾਵਾ, ਜਸਵੰਤ ਸਿੰਘ ਦੁਬਈ, ਮਾਤਾ ਰਣਜੀਤ ਕੌਰ ਸਮਾਲਸਰ, ਭਾਈ ਗੁਰਜੰਟ ਸਿੰਘ ਸਮਾਲਸਰ, ਜ਼ਿਲ੍ਹਾ ਮੋਗਾ ਦੇ ਆਸ-ਪਾਸ ਪਿੰਡਾਂ ਅਤੇ ਪੰਜਾਬ ਭਰ ਦੇ ਵੱਖ-ਵੱਖ ਕੋਨਿਆਂ ਤੋਂ ਵੱਡੀ ਗਿਣਤੀ ਵਿਚ ਨੌਜਵਾਨ ਅਤੇ ਬੀਬੀਆਂ ਹਾਜਰ ਸਨ। ਇਸ ਮੌਕੇ ਜਥੇਬੰਦੀ ਦੇ ਪ੍ਰਧਾਨ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਨੂੰ ਜਿੱਥੇ ਵੱਖ-ਵੱਖ ਸਿੱਖ ਜਥੇਬੰਦੀਆਂ ਵਲੋਂ ਦਸਤਾਰਾਂ ਦਿੱਤੀਆਂ ਗਈਆਂ, ਉੱਥੇ ਹੀ ਸ਼ਹੀਦ ਭਾਈ ਹਰਜਿੰਦਰ ਸਿੰਘ ਜਿੰਦਾ ਦੀ ਭੈਣ ਰਾਜਿੰਦਰ ਕੌਰ ਅਤੇ ਸ਼ਹੀਦ ਭਾਈ ਜੁਗਰਾਜ ਸਿੰਘ ਸਮਾਲਸਰ ਦੀ ਮਾਤਾ ਰਣਜੀਤ ਕੌਰ ਸਮਾਲਸਰ ਵਲੋਂ ਦਸਤਾਰਾਂ ਭੇਟ ਕੀਤੀਆਂ ਗਈਆਂ।







**ਕੀ ਕਹਿਣਾ ਹੈ ਅੰਮ੍ਰਿਤਪਾਲ ਸਿੰਘ ਦਾ**

ਅੰਮ੍ਰਿਤਪਾਲ ਸਿੰਘ ਆਪਣੇ ਆਪ ਬਾਰੇ ਕਹਿੰਦੇ ਹਨ, 'ਚਾਹੇ ਤਾਂ ਕੋਈ ਮੈਨੂੰ ਛੋਟਾ ਭਰਾ ਮੰਨ ਸਕਦਾ ਹੈ ਜਾਂ ਵੱਡਾ ਭਰਾ, ਮੇਰੀ ਉਮਰ ਵੀ ਐਨੀ ਕੁ ਹੈ। ਉਸਦਾ ਕਹਿਣਾ ਹੈ ਕਿ ਅੰਮ੍ਰਿਤਪਾਲ ਸਿੰਘ ਆਪ ਕੁਝ ਨਹੀਂ ਹੈ, ਇਸ ਸੰਘਰਸ਼ ਦੇ ਰਾਹ ਉੱਤੇ ਬਹੁਤ ਬੰਦੇ ਆਏ ਅਤੇ ਗਏ, ਅੰਮ੍ਰਿਤਪਾਲ ਸਿੰਘ ਉਨ੍ਹਾਂ ਵਿੱਚੋਂ ਇੱਕ ਹੈ।'

(ਬਾਕੀ ਸਫ਼ਾ 30 'ਤੇ)

# ਆਓ ਆਪਾਂ ਸਾਰੇ ਇਕੱਠੇ ਹੋ ਕੇ ਪੰਜਾਬ ਦੇ ਹੱਕਾਂ ਲਈ ਲੜੀਏ

> ਬੇਮਿਸਾਲ ਇਕੱਠ ਵਿਚ ਭਾਈ ਅੰਮ੍ਰਿਤ ਪਾਲ ਵਲੋਂ ਹਿੰਦੂ ਭਾਈਚਾਰੇ ਨੂੰ ਅਪੀਲ
> ਸੰਗਤਾਂ ਵਲੋਂ ਬੇਮਿਸਾਲ ਹੁੰਗਾਰਾ ਅਤੇ ਅੰਮ੍ਰਿਤਪਾਲ ਸਿੰਘ ਦੀ ਬੇਮਿਸਾਲ ਤਕਰੀਰ

**ਵਿਸ਼ੇਸ਼ ਰਿਪੋਰਟ**

ਕਰਮਜੀਤ ਸਿੰਘ ਚੰਡੀਗੜ੍ਹ
ਸੀਨੀਅਰ ਪੱਤਰਕਾਰ

29 ਸਤੰਬਰ ਨੂੰ ਸੰਤ ਜਰਨੈਲ ਸਿੰਘ ਦੇ ਜੱਦੀ ਪਿੰਡ ਰੋਡੇ ਵਿੱਚ ਹੋਇਆ ਇਹ ਇਕੱਠ ਉਹੋ ਜਿਹਾ ਇਕੱਠ ਸੀ ਜਿਸ ਵਿੱਚ ਹਰ ਬੰਦਾ ਹੁੰਗਾਰਾ ਭਰ ਰਿਹਾ ਸੀ, ਹਰ ਬੰਦਾ ਉਹੋ ਕੁਝ ਸੁਣਨਾ ਚਾਹੁੰਦਾ ਸੀ ਜਿਸ ਦੀ ਉਸ ਨੂੰ ਚਿਰਾਂ ਤੋਂ ਉਡੀਕ ਸੀ। ਇਹ ਇਕੱਠ ਇੱਕ ਉਮੀਦ ਸੀ, ਇਕ ਭਰੋਸਾ ਸੀ, ਇਕ ਇਕਰਾਰ ਸੀ। ਇਹ ਇਕੱਠ ਬੰਦੇ ਲੱਦ ਕੇ ਨਹੀਂ ਸੀ ਲਿਆਂਦਾ ਗਿਆ ਜਿਵੇਂ ਕਿ ਅੱਜ ਕੱਲ੍ਹ ਹਰ ਪਾਰਟੀ ਕਰਦੀ ਹੈ।

ਇਹ ਆਪ ਮੁਹਾਰੇ ਆਏ ਲੋਕਾਂ ਦਾ ਇਕੱਠ ਸੀ, ਜਿੱਥੇ ਦਿਲ ਤੇ ਦਿਮਾਗ ਇੱਕ ਥਾਂ ਤੇ ਇਕਾਗਰ ਹੋ ਗਏ ਸਨ। ਜੇ ਸੱਚ ਪੁੱਛੋ ਤਾਂ ਇਹ ਮੀਰੀ -ਪੀਰੀ ਦੇ ਮਿਲਾਪ ਦਾ ਇਕੱਠ ਸੀ ਜਾਂ ਇਉਂ ਕਹਿ ਲਵੋ ਕਿ ਇਸ ਇਕੱਠ ਉੱਤੇ ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਦੀ ਖਾਸਮ ਖਾਸ ਬਖਸ਼ਿਸ਼ ਸੀ। ਕਦੇ ਕਦੇ ਹੀ ਇਹੋ ਜਿਹੇ ਇਕੱਠ ਵੇਖਣ ਵਿੱਚ ਆਉਂਦੇ ਹਨ ।

ਵੈਸੇ ਆਨੰਦਪੁਰ ਸਾਹਿਬ ਵਿੱਚ ਬੀਤੇ ਦਿਨੀਂ ਅੰਮ੍ਰਿਤ ਛਕਣ ਦੇ ਅਲੌਕਿਕ ਨਜ਼ਾਰੇ ਜਿਵੇਂ ਵੇਖਣ ਵਿੱਚ ਆਏ ਉਸ ਤੋਂ ਸਿਆਣੇ ਬੰਦਿਆਂ ਨੂੰ ਪਤਾ ਲੱਗਿਆ ਸੀ ਕਿ ਰੋਡੇ ਪਿੰਡ ਵਿੱਚ ਹੋਣ ਵਾਲਾ ਇਕੱਠ ਬੇਮਿਸਾਲ ਹੋਵੇਗਾ।



ਗੁਰੂ ਗ੍ਰੰਥ ਸਾਹਿਬ ਦੀ ਪਾਵਨ ਹਜ਼ੂਰੀ ਵਿਚ ਹੋਏ ਇਸ ਇਕੱਠ ਨੂੰ ਜੋ ਲੋਕ ਸੁਣਨ ਲਈ ਉਤਾਵਲੇ, ਬੇਸਬਰੇ ਤੇ ਕਾਹਲੇ ਸਨ ਤਾਂ ਉਹ ਭਾਈ ਅੰਮ੍ਰਿਤਪਾਲ ਸਿੰਘ ਹੀ ਸਨ। ਇਕ ਅਜਿਹਾ ਨੌਜਵਾਨ ਜੋ ਕੁਝ ਦਿਨਾਂ ਵਿੱਚ ਹੀ ਸੰਗਤਾਂ ਦੇ ਦਿਲਾਂ ਦਾ ਮਹਿਰਮ ਬਣ ਗਿਆ ਸੀ ਅਤੇ ਜਿਸ ਵਿੱਚੋਂ ਉਹ ਨਾਇਕ ਦੇ ਗੁਣ ਵੇਖ ਰਹੇ ਸਨ,ਉਹ ਅੱਜ ਦੇ ਸਮਾਗਮ ਦਾ ਕੇਂਦਰ ਬਿੰਦੂ ਸੀ। ਸ਼ਾਇਦ ਉਸ ਦਾ ਉੱਚਾ ਲੰਮਾ ਕੱਦ ਅਤੇ ਦਿਲਕਸ਼ ਸ਼ਖ਼ਸੀਅਤ ਤੇ ਪਹਿਰਾਵਾ ਵੀ ਕਿਤੇ ਨਾ ਕਿਤੇ ਨੌਜਵਾਨਾਂ ਲਈ ਖਿੱਚ ਦਾ ਕੇਂਦਰ ਬਣ ਗਿਆ ਸੀ।

ਸੋਸ਼ਲ ਮੀਡੀਏ ਤੇ ਵੀ ਨਵੇਂ ਉੱਭਰੇ ਨੌਜਵਾਨ ਵਿਦਵਾਨਾਂ ਨੇ ਪਿਛਲੇ ਦਿਨਾਂ ਵਿੱਚ ਅੰਮ੍ਰਿਤਪਾਲ ਸਿੰਘ ਦੇ ਹੱਕ ਵਿੱਚ ਜੋ ਪੋਸਟਾਂ ਪਾਈਆਂ,ਉਸ ਨਾਲ ਵੀ ਨੌਜਵਾਨਾਂ ਵਿੱਚ ਉਤਸ਼ਾਹ ਦਾ ਹੜ੍ਹ ਆ ਗਿਆ ਸੀ ਕਿ ਚਲੋ, ਵੇਖਦੇ ਹਾਂ ਕਿ ਇਹ ਤੂਤ ਦੀ ਛਿਟੀ ਵਰਗਾ ਮੁੰਡਾ ਕੀ ਸੰਦੇਸ਼ ਦਿੰਦਾ ਹੈ।

ਤਿੰਨ ਵੱਡੀਆਂ ਗੱਲਾਂ ਅੱਜ ਦੇ ਇਕੱਠ ਬਾਰੇ ਯਾਦ ਰੱਖਣ ਵਾਲੀਆਂ ਹਨ। ਇਕ, ਵੱਡੀ ਗਿਣਤੀ ਵਿੱਚ ਆਏ ਲੋਕ ਤੇ ਵਿਸ਼ੇਸ਼ ਕਰਕੇ ਨੌਜਵਾਨ, ਦੂਜਾ, ਇਕੱਠ ਵਿਚ ਹਰ ਬੰਦਾ ਰਾਜਨੀਤੀ ਤੋਂ ਪ੍ਰੇਰਿਤ ਸੀ ਅਤੇ ਤੀਜਾ ਭਾਈ ਅੰਮ੍ਰਿਤਪਾਲ ਸਿੰਘ ਦੀ ਇਤਿਹਾਸਕ ਤਕਰੀਰ।

ਤੁਸੀਂ ਪੁੱਛੋਗੇ ਭਲਾ ਕਿਸ ਤਰ੍ਹਾਂ ਦੀ ਇਹ ਤਕਰੀਰ ਸੀ ? ਉਸ ਦੇ ਬੋਲਾਂ ਵਿੱਚ ਜੋਸ਼ ਤੇ ਹੋਸ਼ ਦਾ ਸੁਮੇਲ ਸੀ। ਉਸ ਦੇ ਬੋਲਾਂ ਵਿਚ ਤਰਕ ਤੇ ਜਜ਼ਬੇ ਦਾ ਖ਼ੂਬਸੂਰਤ ਮਿਲਾਪ ਸੀ। ਉਸ ਦੇ ਰਾਜਨੀਤਕ ਸੁਨੇਹਿਆਂ ਵਿੱਚ ਧਰਮ ਦੇ ਨਿਰਾਲੇ ਤੇ ਵੱਖਰੇ ਰੰਗ ਸਨ। ਇਸ ਤਕਰੀਰ ਵਿੱਚ ਵੱਖਰੀ ਤਰ੍ਹਾਂ ਦੀ ਸਾਦਗੀ ਵੀ ਸੀ, ਚਿਤਾਵਨੀ ਵੀ ਸੀ ਪਰ ਅਪੀਲ ਵੀ ਸੀ।



ਇਹ ਸਵਾਲ ਕੀਤਾ ਜਾ ਸਕਦਾ ਹੈ ਕਿ ਕੀ ਉਸ ਦੀ ਤਕਰੀਰ ਵਿਚ ਸੰਤ ਜਰਨੈਲ ਸਿੰਘ ਵਰਗਾ ਅੰਦਾਜ਼ ਤੇ ਪੇਸ਼ਕਾਰੀ ਸੀ ? ਇਸ ਸਵਾਲ ਦਾ ਜਵਾਬ ਵੀ ਇੱਕ 'ਜਿੰਮੇਵਾਰ ਹਾਂ' ਵਿੱਚ ਦਿੱਤਾ ਜਾ ਸਕਦਾ ਹੈ। ਉਹ ਸੱਚਮੁੱਚ ਸੰਤ ਜਰਨੈਲ ਸਿੰਘ ਦੀਆਂ ਗੱਲਾਂ ਨੂੰ ਜਿਵੇਂ ਦੁਬਾਰਾ ਸੁਣਾ ਰਿਹਾ ਸੀ। ਸੱਠਵਿਆਂ ਦੇ ਉਮਰ ਨੂੰ ਢੁਕੇ ਲੋਕ ਜਿਨ੍ਹਾਂ ਨੇ ਸੰਤ ਜੀ ਦੀਆਂ ਤਕਰੀਰਾਂ ਨੂੰ ਸੁਣਿਆ ਤੇ ਮਾਣਿਆ,ਉਹ ਇਸ ਹਕੀਕਤ ਦੀ ਗਵਾਹੀ ਭਰਨਗੇ। ਪਰ ਉਹ ਸੰਤ ਜਰਨੈਲ ਸਿੰਘ ਦੀ ਨਕਲ ਨਹੀਂ ਸੀ ਕਰ ਰਿਹਾ ਬਲਕਿ ਉਨ੍ਹਾਂ ਦੇ ਦਰਸਾਏ ਮਾਰਗ ਉੱਤੇ ਚੱਲਦਾ ਪ੍ਰਤੀਤ ਹੁੰਦਾ ਸੀ ਜਿਵੇਂ ਕਿ ਉਸ ਨੇ ਕਈ ਵਾਰ ਤਕਰੀਰ ਦੌਰਾਨ ਸਪੱਸ਼ਟ ਵੀ ਕੀਤਾ। ਇਉਂ ਲੱਗਦਾ ਸੀ ਕਿ ਉਹ ਸਵਾਲ ਅੱਜ ਵੀ ਜਿਉਂ ਦੇ ਤਿਉਂ ਖੜ੍ਹੇ ਹਨ। ਉਹ ਚੁਣੌਤੀਆਂ ਅੱਜ ਵੀ ਉਸੇ ਤਰ੍ਹਾਂ ਹਨ।

ਹਿੰਦੂ ਭਰਾਵਾਂ ਨੂੰ ਉਸ ਦਾ ਸੰਦੇਸ਼ ਵੀ ਯਾਦ ਰੱਖਣ ਵਾਲਾ ਹੈ। ਉਨ੍ਹਾਂ ਕਿਹਾ ਕਿ ਕੌਣ ਰੋਕਦਾ ਹੈ ਤੁਹਾਨੂੰ ਪੰਜਾਬ ਦੇ ਹੱਕਾਂ ਲਈ ਲੜਨ ਤੋਂ ? ਇਸ ਧਰਤੀ ਲਈ ਸਿੱਖਾਂ ਨੇ ਮਣਾਂ ਮੂੰਹੀਂ ਖ਼ੂਨ ਡੋਲ੍ਹਿਆ ਹੈ। ਆਓ ਆਪਾਂ ਸਾਰੇ ਇਕੱਠੇ ਹੋ ਕੇ ਪੰਜਾਬ ਦੇ ਹੱਕਾਂ ਲਈ ਲੜੀਏ। ਨੌਜਵਾਨਾਂ ਵੱਲੋਂ ਬਾਹਰ ਭੱਜਣ ਦੀ ਦੌੜ ਉੱਤੇ ਉਨ੍ਹਾਂ ਵੰਗਾਰ ਪਾਈ ਤੇ ਕਈ ਸਵਾਲ ਕੀਤੇ ਕਿ ਕੀ ਤੁਸੀਂ ਪੰਜਾਬ ਭਈਆਂ ਨੂੰ ਸੌਂਪ ਦੇਣਾ ਚਾਹੁੰਦੇ ਹੋ ? ਇਹ ਗੁਰੂਆਂ ਦੀ ਧਰਤੀ ਹੈ, ਇਸ ਨੂੰ ਛੱਡ ਜਾਣਾ ਚਾਹੁੰਦੇ ਹੋ ?

(ਬਾਕੀ ਸਫ਼ਾ 30 'ਤੇ)

# ਕੀ ਭਾਜਪਾ ਨੂੰ 2024 'ਚ 350 ਸੀਟਾਂ ਜਿੱਤਣ ਦੇ ਟੀਚੇ ਨੂੰ ਪੂਰਾ ਕਰ ਸਕੇਗੀ?



"ਭਾਜਪਾ ਨੇ ਲੋਕ ਸਭਾ ਚੋਣਾਂ ਦੀ ਜੰਗ ਲਈ ਅਗਾਊਂ ਤੌਰ 'ਤੇ ਇਸ ਦੋ-ਮੂੰਹੀਂ ਰਣਨੀਤੀ ਚਾਲੂ ਕਰ ਦਿੱਤੀ ਹੈ। ਆਮ ਕਰ ਕੇ ਪ੍ਰਧਾਨ ਮੰਤਰੀ ਦੀ ਉੱਚੀ ਦਰਜਾਬੰਦੀ (ਸਮੇਂ ਸਮੇਂ 'ਤੇ ਹੋਣ ਵਾਲੀਆਂ ਚੋਣਾਂ ਮੁਤਾਬਕ) ਅਤੇ ਨਾਲ ਹੀ ਭਾਜਪਾ ਦੇ ਚੋਣਾਂ ਜਿੱਤਣ ਲਈ ਕੁਝ ਵੀ ਕਰ ਗੁਜਰਨ ਵਾਲੇ ਸੁਭਾਅ ਨੇ ਵਿਰੋਧੀ ਧਿਰ ਲਈ ਕੋਈ ਗੁੰਜਾਇਸ਼ ਬਾਕੀ ਨਹੀਂ ਛੱਡੀ ਕਿਉਂਕਿ ਭਾਜਪਾ ਦੇ ਇਸ ਸੁਭਾਅ ਨੇ ਪਹਿਲਾਂ ਹੀ ਮੰਦੇ ਹਾਲ ਵਿਰੋਧੀ ਧਿਰ ਦੇ ਹੌਂਸਲੇ ਬਿਲਕੁਲ ਤੋੜ ਕੇ ਰੱਖ ਦਿੱਤੇ ਹਨ।"

**ਰਾਜਨੀਤੀ**

**ਰਾਧਿਕਾ ਰਾਮਾਸੇਸ਼ਨ**

ਕਾਂਗਰਸ ਅਜੇ ਇਸ ਉਲਝਣ ਵਿਚ ਹੈ ਕਿ ਪਹਿਲਾਂ ਕੀ ਕੀਤਾ ਜਾਵੇ : ਜਮੀਨੀ ਪੱਧਰ 'ਤੇ ਲੋਕਾਂ ਨੂੰ ਲਾਮਬੰਦ ਕੀਤਾ ਜਾਵੇ ਜਾਂ ਪਾਰਟੀ ਦੇ ਜਥੇਬੰਦ ਢਾਂਚੇ ਦੀ ਹਾਲਤ ਸੁਧਾਰੀ ਜਾਵੇ। ਇਸ ਦੀ ਮੰਦੀ ਹਾਲਤ ਪਾਰਟੀ ਵਿਚ ਜਾਰੀ ਦੋ ਕਾਰਵਾਈਆਂ ਤੋਂ ਜਾਹਿਰ ਹੋ ਜਾਂਦੀ ਹੈ : ਇਕ ਪਾਸੇ ਰਾਹੁਲ ਗਾਂਧੀ ਦੀ ਭਾਰਤ ਜੋੜੋ ਯਾਤਰਾ ਅਤੇ ਦੂਜੇ ਪਾਸੇ ਅਕਤੂਬਰ ਵਿਚ ਪਾਰਟੀ ਦਾ ਪ੍ਰਧਾਨ ਥਾਪਣ ਲਈ ਸਿਰ 'ਤੇ ਆਈਆਂ ਚੋਣਾਂ। ਉੱਧਰ, ਭਾਜਪਾ ਵੱਲ ਦੇਖਿਆ ਜਾਵੇ ਤਾਂ ਇਸ ਕੋਲ 2014 ਤੋਂ ਹੀ ਸਭ ਕਾਸੇ ਨੂੰ ਇਕਮੁੱਠ ਕਰਨ ਵਾਲੀ ਈਜਾਦ ਕੀਤੀ ਰਣਨੀਤੀ ਹੈ ਜਿਹੜੀ ਇਕ ਪਾਸੇ ਵੋਟਰਾਂ ਦੀ ਭੀੜ ਨੂੰ ਪਾਰਟੀ ਪ੍ਰਤੀ ਹਾਂ-ਪੱਖੀ ਬਣਾਉਣ ਤੇ ਨਾਲ ਹੀ ਜਥੇਬੰਦਕ ਢਾਂਚੇ ਨੂੰ ਹੀ ਹਰ ਪੱਧਰ ਤੋਂ ਸਰਗਰਮ ਕਰਨ ਦੇ ਕੰਮ ਵਿਚ ਜੁਟੀ ਰਹਿੰਦੀ ਹੈ ਤਾਂ ਕਿ ਇਹ ਦੋਵੇਂ ਪਹਿਲੂ ਬਿਨਾਂ ਕਿਸੇ ਵਿਰੋਧਾਭਾਸ ਤੋਂ ਮਿਲ ਕੇ ਰਵਾਨੀ ਨਾਲ ਕੰਮ ਕਰ ਸਕਣ।

ਇਸ ਵਿਚ 'ਪੰਨਾ ਪ੍ਰਮੁੱਖ' (ਵੋਟ ਸੂਚੀ ਦੇ ਇਕ ਇਕ ਸਫੇ ਉਪਰਲੀਆਂ ਵੋਟਾਂ ਦੀ ਨਿਗਰਾਨੀ ਰੱਖਣ ਵਾਲੇ ਚੋਣਵੇਂ ਵਰਕਰ) ਅਤੇ 'ਲਾਭਾਰਥੀ ਸੰਪਰਕ ਪ੍ਰਮੁੱਖ' (ਕੇਂਦਰ ਸਰਕਾਰ ਦੀਆਂ ਭਲਾਈ ਸਕੀਮਾਂ ਦੇ ਲਾਭਪਾਤਰੀਆਂ ਨਾਲ ਰਾਬਤਾ ਰੱਖਣ ਵਾਲੇ ਵਰਕਰ) ਵਰਗੇ ਢੰਗ-ਤਰੀਕਿਆਂ ਰਾਹੀਂ ਕੰਮ ਕਰਨ ਵਾਲਾ ਸੂਖਮ ਪੱਧਰੀ ਬੂਥ ਪ੍ਰਬੰਧ ਦਾ ਸੰਕਲਪ, ਭਾਜਪਾ ਦੇ ਇਸ ਕਾਮਯਾਬ ਸੁਮੇਲ ਦੀ ਉੱਘੜਵੀਂ ਤੇ ਬਿਹਤਰੀਨ ਮਿਸਾਲ ਹੈ। ਇਸ ਵਿਚ ਆਰਐੱਸਐੱਸ ਦੇ ਪ੍ਰਚਾਰਕਾਂ ਦੀ ਵਿਸ਼ਾਲ ਫੌਜ ਬਹੁਤ ਕੰਮ ਆਉਂਦੀ ਹੈ।

ਇਸੇ ਤਰ੍ਹਾਂ ਭਾਜਪਾ ਨੇ ਲੋਕ ਸਭਾ ਚੋਣਾਂ ਦੀ ਜੰਗ ਲਈ ਅਗਾਊਂ ਤੌਰ 'ਤੇ ਇਸ ਦੋ-ਮੂੰਹੀਂ ਰਣਨੀਤੀ ਚਾਲੂ ਕਰ ਦਿੱਤੀ ਹੈ। ਆਮ ਕਰ ਕੇ ਪ੍ਰਧਾਨ ਮੰਤਰੀ ਦੀ ਉੱਚੀ ਦਰਜਾਬੰਦੀ (ਸਮੇਂ ਸਮੇਂ 'ਤੇ ਹੋਣ ਵਾਲੀਆਂ ਚੋਣਾਂ ਮੁਤਾਬਕ) ਅਤੇ ਨਾਲ ਹੀ ਭਾਜਪਾ ਦੇ ਚੋਣਾਂ ਜਿੱਤਣ ਲਈ ਕੁਝ ਵੀ ਕਰ ਗੁਜਰਨ ਵਾਲੇ ਸੁਭਾਅ ਨੇ ਵਿਰੋਧੀ ਧਿਰ ਲਈ ਕੋਈ ਗੁੰਜਾਇਸ਼ ਬਾਕੀ ਨਹੀਂ ਛੱਡੀ ਕਿਉਂਕਿ ਭਾਜਪਾ ਦੇ ਇਸ ਸੁਭਾਅ ਨੇ ਪਹਿਲਾਂ ਹੀ ਮੰਦੇ ਹਾਲ ਵਿਰੋਧੀ ਧਿਰ ਦੇ ਹੌਂਸਲੇ ਬਿਲਕੁਲ ਤੋੜ ਕੇ ਰੱਖ ਦਿੱਤੇ ਹਨ। ਇਸ ਦੇ ਬਾਵਜੂਦ ਭਾਜਪਾ ਲਈ ਇਹ ਸੰਭਵ ਤੌਰ 'ਤੇ ਕਿਸੇ ਅਜਿਹੇ ਵੱਡੇ ਵਿਚਾਰ ਨੂੰ ਸਾਹਮਣੇ ਲਿਆਉਣ ਦਾ ਸਮਾਂ ਹੋ ਸਕਦਾ ਹੈ ਜਿਹੜਾ ਚੋਣਾਂ ਤੋਂ ਹਫਤਿਆਂ ਪਹਿਲਾਂ ਵੋਟਰਾਂ ਨੂੰ ਉਵੇਂ ਹੀ ਭੜਕਾ ਸਕਦਾ ਹੈ, ਜਿਵੇਂ 2019 ਦੀਆਂ ਆਮ ਚੋਣਾਂ ਤੋਂ ਪਹਿਲਾਂ ਪੁਲਵਾਮਾ ਅਤਿਵਾਦੀ ਹਮਲੇ ਨੇ ਕੀਤਾ ਸੀ।

ਇਸ ਸ਼ੁਰੂਆਤੀ ਮੁਹਿੰਮ ਰਾਹੀਂ ਬੜਾ ਕੁਝ ਸਾਹਮਣੇ ਆਇਆ ਹੈ ਜਿਵੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਭਾਰਤ ਦੀ ਅਜ਼ਾਦੀ ਦੀ 75ਵੀਂ ਵਰ੍ਹੇਗੰਢ ਸਬੰਧੀ ਜਸ਼ਨਾਂ ਦੇ ਆਗਾਜ ਸਮੇਂ ਦਿੱਤੇ ਭਾਸ਼ਣ ਵਿਚ ਜਾਹਿਰ ਕੀਤਾ ਗਿਆ। ਇਸ ਦੇ ਵਿਸ਼ੇ ਭ੍ਰਿਸ਼ਟਾਚਾਰ ਦੇ ਟਾਕਰੇ ਅਤੇ ਪਰਿਵਾਰਵਾਦੀ ਸਿਆਸਤ ਤੇ ਕੁਨਬਾਪਰਵਰੀ ਦੇ ਖਾਤਮੇ ਦਾ ਸੱਦਾ ਦੇਣ ਵਾਲੇ ਸਨ। ਬਿਲਕੁਲ ਉਹੋ ਜਿਹੇ ਵਿਸ਼ੇ ਜਿਨ੍ਹਾਂ ਨੇ 2014 ਵਿਚ ਵੀ ਮੋਦੀ ਦੀ ਕਮਾਲ ਦੀ ਭਾਸ਼ਣ ਕਲਾ ਸਦਕਾ ਵੋਟਰਾਂ ਨੂੰ ਪੂਰੀ ਤਰ੍ਹਾਂ ਕੀਲ ਲਿਆ ਸੀ। ਇਸ ਦਾ ਇਕ ਕਾਰਨ ਇਹ ਵੀ ਸੀ ਕਿ ਉਦੋਂ ਮੋਦੀ ਵੱਲੋਂ ਉਠਾਏ ਇਹ ਮੁੱਦੇ ਬਹੁਤ ਕਾਰਗਰ ਸਨ ਕਿਉਂਕਿ ਉਸ ਸਮੇਂ 10 ਸਾਲਾਂ ਤੋਂ ਜਾਰੀ ਯੂਪੀਏ ਦੀ ਹਕੂਮਤ ਵਿਚ ਬਹੁਤ ਖਾਮੀਆਂ ਸਨ ਜਿਨ੍ਹਾਂ ਨੂੰ ਮੋਦੀ ਨੇ ਆਪਣੇ ਚੋਣ ਪ੍ਰਚਾਰ ਰਾਹੀਂ ਰੱਜ ਕੇ ਪ੍ਰਚਾਰਿਆ।

ਮੋਦੀ ਨੇ ਇਕ ਵਾਰੀ ਫਿਰ 'ਰਾਸ਼ਟਰਵਾਦੀ' ਪੱਤਾ ਖੇਡਿਆ ਹੈ ਅਤੇ ਆਪਣੇ ਸਰੋਤਿਆਂ ਨੂੰ 'ਬਸਤੀਵਾਦੀ ਮਾਨਸਿਕਤਾ' ਦੀ ਰਹਿੰਦ-ਖੂੰਹਦ ਨੂੰ ਵੀ ਮਿਟਾ ਦੇਣ ਅਤੇ ਦੁਨੀਆ ਤੋਂ 'ਸਰਟੀਫਿਕੇਟ ਨਾ ਭਾਲਣ' ਦਾ ਸੱਦਾ ਦਿੱਤਾ। ਇਹ ਅਜਿਹੇ ਵਿਅਕਤੀ ਦਾ ਆਖਿਰੀ ਦੁਬਿਧਾਪੂਰਨ ਬਿਆਨ ਹੈ ਜਿਸ ਨੂੰ 2002 ਦੇ ਗੁਜਰਾਤ ਦੰਗਿਆਂ ਦੇ ਮਾੜੇ ਪ੍ਰਭਾਵਾਂ ਤੋਂ ਖਹਿੜਾ ਛੁਡਵਾਉਣ ਲਈ ਸੂਬੇ ਦਾ ਮੁੱਖ ਮੰਤਰੀ ਹੁੰਦਿਆਂ ਬਹੁਤ ਮਿਹਨਤ ਕਰਨੀ ਪਈ ਕਿਉਂਕਿ ਇਸ ਹਿੰਸਾ ਕਾਰਨ ਪੱਛਮੀ ਮੁਲਕਾਂ ਨੇ ਉਸ ਦੀ ਭਾਰੀ ਆਲੋਚਨਾ ਕੀਤੀ ਸੀ ਪਰ ਆਪਣੀ ਮਿਹਨਤ ਰਾਹੀਂ ਉਹ ਪੱਛਮ ਦੀ ਮਾਨਤਾ ਹਾਸਲ ਕਰਨ ਵਿਚ ਕਾਮਯਾਬ ਰਿਹਾ। ਕੁਝ ਪ੍ਰਮੁੱਖ ਵਿਰੋਧੀ ਪਾਰਟੀਆਂ ਉਤੇ ਲਾਏ ਭ੍ਰਿਸ਼ਟਾਚਾਰ ਦੇ ਦੋਸ਼ ਜਰੂਰ ਅਜਿਹੀ ਚੀਜ ਸਨ ਜਿਸ ਸਬੰਧੀ ਪ੍ਰਧਾਨ ਮੰਤਰੀ ਨੇ ਆਪਣੀ ਲੱਛੇਦਾਰ ਭਾਸ਼ਣ ਕਲਾ ਰਾਹੀਂ ਜੋਰਦਾਰ ਰੋਹ ਦਾ ਇਜਹਾਰ ਕੀਤਾ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਭ੍ਰਿਸ਼ਟਾਚਾਰੀਆਂ ਪ੍ਰਤੀ 'ਨਫਰਤ' ਨਾਲ ਪੇਸ਼ ਆਉਣ।

ਮੋਦੀ ਦੇ ਨਿਸ਼ਾਨੇ 'ਤੇ ਕਾਂਗਰਸ ਦੇ ਨਾਲ ਨਾਲ ਆਮ ਆਦਮੀ ਪਾਰਟੀ (ਆਪ), ਤਿਲੰਗਾਨਾ ਰਾਸ਼ਟਰ ਸਮਿਤੀ (ਟੀਆਰਐੱਸ), ਤ੍ਰਿਣਮੂਲ ਕਾਂਗਰਸ ਵੀ ਸਨ। ਪਹਿਲੀਆਂ ਤਿੰਨ ਇਲਾਕਾਈ ਪਾਰਟੀਆਂ ਨੇ ਆਪਣੇ ਇਲਾਕਿਆਂ ਵਿਚ ਭਾਜਪਾ ਦੇ ਦਾਖਲ ਹੋਣ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਕਰ ਦਿੱਤਾ। ਭਾਜਪਾ ਨੂੰ ਭਾਵੇਂ ਤਿਲੰਗਾਨਾ ਵਿਚ ਤਾਂ ਟੀਆਰਐੱਸ ਖਿਲਾਫ ਕੁਝ ਕਾਮਯਾਬੀ ਜਰੂਰ ਮਿਲੀ ਹੈ ਪਰ 'ਆਪ' ਦੀ ਹਕੂਮਤ ਵਾਲੀ ਦਿੱਲੀ ਤੇ ਤ੍ਰਿਣਮੂਲ ਦੇ ਕਬਜੇ ਵਾਲਾ ਪੱਛਮੀ ਬੰਗਾਲ ਹਾਲੇ ਵੀ ਇਸ ਲਈ ਵੰਗਾਰ ਹੀ ਬਣੇ ਹੋਏ ਹਨ।

ਵਿਰੋਧੀ ਪਾਰਟੀਆਂ ਦੇ ਮੰਚਾਂ 'ਤੇ ਭਾਵੇਂ ਪਰਿਵਾਰਕ ਬਜੁਰਗਾਂ ਤੇ ਉਨ੍ਹਾਂ ਦੇ ਵਾਰਸਾਂ ਦੀਆਂ ਭੀੜਾਂ ਨੇ ਭਾਜਪਾ ਨੂੰ ਭਰੋਸਾ ਦਿਵਾਇਆ ਹੈ ਕਿ ਘੱਟੋ-ਘੱਟ ਸੰਸਦੀ ਆਮ ਚੋਣਾਂ ਵਿਚ ਤਾਂ ਲੋਕ, ਖਾਸਕਰ ਨੌਜਵਾਨ 'ਆਪਣੇ ਦਿਲ ਨਹੀਂ ਸਗੋਂ ਦਿਮਾਗ ਤੋਂ' ਵੋਟਾਂ ਪਾਉਣਗੇ। ਪਾਰਟੀ ਦਾ ਖਿਆਲ ਹੈ ਕਿ ਇੰਝ ਦੇਸ਼ ਦੇ ਵੋਟਰ ਪਰਿਵਾਰਵਾਦੀ ਸਿਆਸਤ ਨੂੰ ਰੱਦ ਕਰ ਦੇਣਗੇ ਕਿਉਂਕਿ ਇਸ ਨੇ ਉੱਦਮ ਦੀ ਉਸ ਭਾਵਨਾ ਨੂੰ ਦਬਾ ਦਿੱਤਾ ਹੈ ਜਿਸ ਨੂੰ ਬਦਲੀ ਹੋਈ ਜਨਸੰਖਿਆ ਦੇ ਫਾਇਦੇ ਵਜੋਂ ਦੇਖਿਆ ਜਾਂਦਾ ਹੈ। ਖੇਤਰੀ ਪਾਰਟੀਆਂ ਲਈ ਇਕੱਲੇ ਤੌਰ 'ਤੇ ਕਿਸੇ ਲੋਕ ਸਭਾ ਚੋਣ ਵਿਚ ਭਾਜਪਾ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਟੱਕਰ ਦੇਣੀ ਔਖੀ ਹੋ ਸਕਦੀ ਹੈ। ਜੇ ਉਹ ਕਾਂਗਰਸ ਨਾਲ ਜਾਂ ਕਾਂਗਰਸ ਤੋਂ ਬਿਨਾ ਵੀ ਕਿਸੇ ਮੋਰਚੇ ਦੇ ਰੂਪ ਵਿਚ ਇਕਮੁੱਠ ਹੋ ਜਾਣ ਤਾਂ ਸੰਭਵ ਤੌਰ 'ਤੇ ਇਹ ਮੋਰਚਾ ਸਮਾਜਿਕ ਗਿਣਤੀਆਂ-ਮਿਣਤੀਆਂ ਦੀ ਅਨੁਮਾਨਤ ਤਾਕਤ ਦੇ ਦਮ 'ਤੇ ਹਾਕਮ ਪਾਰਟੀ ਨੂੰ ਵਧੀਆ ਲੜਾਈ ਦੇ ਸਕਦਾ ਹੈ। ਅਜਿਹਾ ਉਸ ਵਿਰੋਧੀ ਬਿਰਤਾਂਤ ਦੇ ਜਰੀਏ ਹੋ ਸਕਦਾ ਹੈ ਜਿਹੜਾ ਵਧਦੀ ਮਹਿੰਗਾਈ ਅਤੇ ਨਾਲ ਹੀ ਵਸੀਲਿਆਂ ਤੇ ਸਰਕਾਰੀ ਸਹਾਇਤਾ ਸਕੀਮਾਂ ਦੀ ਅਸਾਵੀਂ ਵੰਡ ਦੀਆਂ ਸ਼ਿਕਾਇਤਾਂ ਤਹਿਤ ਸਿਰਫ ਦਾਲ-ਰੋਟੀ ਵਰਗੇ ਮੁੱਦਿਆਂ ਉਤੇ ਹੀ ਧਿਆਨ ਧਰਦਾ ਹੈ। ਜੇ ਅਜਿਹਾ ਇਕਮੁੱਠ ਗੱਠਜੋੜ ਬਣ ਜਾਂਦਾ ਹੈ ਤਾਂ ਇਹ ਭਾਜਪਾ ਨੂੰ 2024 ਵਿਚ 350 ਸੀਟਾਂ ਜਿੱਤਣ ਦੇ ਇਸ ਦੇ ਟੀਚੇ ਤੋਂ ਹੇਠਾਂ ਰੋਕ ਕੇ ਭਾਜਪਾ ਦੇ ਟੀਚੇ ਨੂੰ ਮਹਿਜ ਹਵਾਈ ਕਿਲ੍ਹੇ ਵਾਲੀ ਗੱਲ ਸਾਬਤ ਕਰ ਸਕਦਾ ਹੈ।

ਵਿਰੋਧੀ ਧਿਰ ਦੇ ਖਿੰਡੀ-ਪੁੰਡੀ ਹੋਣ ਦੇ ਬਾਵਜੂਦ ਭਾਜਪਾ ਦੀ ਸਿਖਰਲੀ ਲੀਡਰਸ਼ਿਪ ਨੇ ਸੰਭਵ ਤੌਰ 'ਤੇ ਇਨ੍ਹਾਂ ਸੰਭਾਵਨਾਵਾਂ ਦਾ ਅਗਾਊਂ ਅੰਦਾਜਾ ਲਾ ਲਿਆ ਹੈ। ਪਾਰਟੀ ਦੀ ਇਕ ਹਾਲੀਆ ਅਹਿਮ ਮੀਟਿੰਗ ਦੌਰਾਨ ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਕੁਝ ਹੋਰ ਅਹਿਮ ਆਗੂਆਂ ਤੇ ਮਾਹਿਰਾਂ ਨੇ ਅਜਿਹੀਆਂ 144 ਲੋਕ ਸਭਾ ਸੀਟਾਂ ਦੀ ਨਿਸ਼ਾਨਦੇਹੀ ਕੀਤੀ ਹੈ ਜਿਹੜੀਆਂ ਪਾਰਟੀ 2019 ਵਿਚ ਹਾਰ ਗਈ ਸੀ। ਇਹ ਸੀਟਾਂ ਮੁੱਖ ਤੌਰ 'ਤੇ ਪੱਛਮੀ ਬੰਗਾਲ, ਆਂਧਰਾ ਪ੍ਰਦੇਸ਼, ਤਿਲੰਗਾਨਾ, ਉੜੀਸਾ, ਤਾਮਿਲਨਾਡੂ ਅਤੇ ਕੇਰਲ ਵਿਚ ਨਾਲ ਸਬੰਧਤ ਹਨ। ਇਸ ਤੋਂ ਬਾਅਦ ਇਨ੍ਹਾਂ ਸੀਟਾਂ ਦੇ ਵੱਖੋ-ਵੱਖ ਜੁੱਟਾਂ ਦੀ ਜਿੰਮੇਵਾਰੀ ਸੀਨੀਅਰ ਕੇਂਦਰੀ ਮੰਤਰੀਆਂ ਨਿਰਮਲਾ ਸੀਤਾਰਾਮਨ, ਪਿਯੂਸ਼ ਗੋਇਲ, ਐੱਸ ਜੈਸ਼ੰਕਰ ਆਦਿ ਨੂੰ ਸੌਂਪੀ ਗਈ ਹੈ। ਸ਼ਾਹ ਦੇ ਮੰਤਰੀਆਂ ਨੂੰ ਸੰਬੋਧਨ ਵਿਚ ਪ੍ਰਭਾਵੀ ਵਾਕ ਸੀ- 'ਜੇ ਜਥੇਬੰਦਕ ਢਾਂਚਾ ਕਮਜੋਰ ਹੈ ਤਾਂ ਮਤਲਬ ਪਾਰਟੀ ਹੈ ਹੀ ਨਹੀਂ'। ਇਕ ਅਜਿਹੀ ਸੱਚਾਈ ਜਿਸ ਨੂੰ ਅਟਲ ਬਿਹਾਰੀ ਵਾਜਪਾਈ ਦੇ ਦੌਰ ਵਿਚ ਨਜਰਅੰਦਾਜ ਕਰ ਦਿੱਤਾ ਗਿਆ ਸੀ ਜਦੋਂ ਭਾਜਪਾ ਦਾ ਖਿਆਲ ਸੀ ਕਿ 'ਇੰਡੀਆ ਸ਼ਾਈਨਿੰਗ' ਅਤੇ 'ਫੀਲ ਗੁੱਡ' ਵਰਗੇ ਨਾਅਰੇ ਮਹਿਜ ਇਕ ਚੁਟਕੀ ਵਿਚ ਵਧੀਆ ਵਧੀਆ ਸੁਗਾਤਾਂ ਦੇ ਦੇਣਗੇ।

ਭਾਜਪਾ ਦੇ ਧਿਆਨ ਵਾਲੇ ਇਨ੍ਹਾਂ ਸੂਬਿਆਂ ਵਿਚੋਂ ਹਰ ਇਕ ਵਿਚ ਹੀ ਪਾਰਟੀ ਲਈ ਕਾਫੀ ਮੁਸ਼ਕਿਲਾਂ ਹਨ ਜਿਨ੍ਹਾਂ ਦਾ ਅਮਿਤ ਸ਼ਾਹ ਦੀ ਜਥੇਬੰਦਕ ਸਮਝ ਤੇ ਮੁਹਾਰਤ ਅੰਸ਼ਕ ਤੌਰ 'ਤੇ ਹੀ ਜਵਾਬ ਦੇ ਸਕੀ ਹੈ, ਜਾਂ ਫਿਰ ਕੋਈ ਜਵਾਬ ਨਹੀਂ ਦੇ ਸਕੀ। ਇਨ੍ਹਾਂ ਵਿਚੋਂ ਉੜੀਸਾ ਤੇ ਆਂਧਰਾ ਪ੍ਰਦੇਸ਼ ਖਾਸ ਤੇ ਨਿਵੇਕਲੇ ਹਨ, ਕਿਉਂਕਿ ਉਨ੍ਹਾਂ ਦੇ ਮੁੱਖ ਮੰਤਰੀ ਤਰਤੀਬਵਾਰ ਨਵੀਨ ਪਟਨਾਇਕ ਤੇ ਵਾਈਐੱਸ ਜਗਨ ਮੋਹਨ ਰੈਡੀ ਨੇ ਕੇਂਦਰ ਨਾਲ ਰਿਸ਼ਤੇ ਮੁੱਖ ਤੌਰ 'ਤੇ ਆਪਣੀਆਂ ਸ਼ਰਤਾਂ ਤਹਿਤ ਬਣਾਏ ਹਨ। ਇਸ ਰਿਸ਼ਤੇ ਵਿਚ ਅਣਐਲਾਨਿਆ ਆਪਸੀ ਤਾਲਮੇਲ ਸ਼ਾਮਲ ਹੈ ਜਿਸ ਤਹਿਤ ਇਕ ਪਾਸੇ ਇਨ੍ਹਾਂ ਦੋਵੇਂ ਮੁੱਖ ਮੰਤਰੀਆਂ ਦੀਆਂ ਸਿਆਸੀ ਪਾਰਟੀਆਂ - ਬੀਜੂ ਜਨਤਾ ਦਲ (ਉੜੀਸਾ) ਤੇ ਵਾਈਐੱਸਆਰ ਕਾਂਗਰਸ ਪਾਰਟੀ (ਆਂਧਰਾ ਪ੍ਰਦੇਸ਼) ਨੇ ਔਖੇ ਹਾਲਾਤ ਦੌਰਾਨ ਰਾਜ ਸਭਾ ਵਿਚ ਕੇਂਦਰ ਸਰਕਾਰ ਦੇ ਅਹਿਮ ਬਿਲਾਂ ਤੇ ਕਾਨੂੰਨਾਂ ਨੂੰ ਪਾਸ ਕਰਾਉਣ ਵਿਚ ਮਦਦ ਕਰ ਕੇ ਅਹਿਮ ਕਿਰਦਾਰ ਨਿਭਾਇਆ ਤੇ ਬਦਲੇ ਵਿਚ ਉਨ੍ਹਾਂ ਦੇ ਸੂਬਿਆਂ ਨੂੰ ਨਾ ਸਿਰਫ ਨਵੀਂ ਦਿੱਲੀ ਤੋਂ ਵੱਡੇ ਪੱਧਰ 'ਤੇ ਮਦਦ ਹਾਸਲ ਹੋ ਰਹੀ ਹੈ ਸਗੋਂ ਨਾਲ ਹੀ ਇਹ ਸਹਿਮਤੀ ਵੀ ਹੈ ਕਿ ਉਨ੍ਹਾਂ ਦੇ ਸੂਬਿਆਂ ਵਿਚ ਭਾਜਪਾ ਸਿਆਸੀ ਤੌਰ 'ਤੇ ਜਿਆਦਾ ਹਮਲਾਵਰ ਰੁਖ ਅਖਤਿਆਰ ਨਹੀਂ ਕਰੇਗੀ। ਉਂਝ ਇਹ ਵੀ ਦਿਲਚਸਪ ਗੱਲ ਹੈ ਕਿ ਇਹ ਦੋਵੇਂ ਮੁੱਖ ਮੰਤਰੀ ਖਾਨਦਾਨੀ ਸਿਆਸਤ ਤੋਂ ਆਏ ਹਨ ਕਿਉਂਕਿ ਇਨ੍ਹਾਂ ਦੋਵਾਂ ਦੇ ਪਿਤਾ ਆਪੋ-ਆਪਣੇ ਸੂਬਿਆਂ ਦੇ ਮੁੱਖ ਮੰਤਰੀ ਸਨ ਤੇ ਇਨ੍ਹਾਂ ਨੇ ਉਨ੍ਹਾਂ ਦੀ ਸਿਆਸੀ ਵਿਰਾਸਤ ਨੂੰ ਸੰਭਾਲਿਆ ਹੈ ਪਰ ਭਾਜਪਾ ਉਨ੍ਹਾਂ ਨੂੰ ਪਰਿਵਾਰਵਾਦੀ ਕਹਿਣ ਤੋਂ ਬਚਦੀ ਹੈ। ਇਹ ਅਜਿਹੀ ਸਥਿਤੀ ਹੈ ਜਿਸ ਕਾਰਨ ਉੜੀਸਾ ਤੇ ਆਂਧਰਾ ਪ੍ਰਦੇਸ਼ ਵਿਚ ਭਾਜਪਾ ਦੇ ਸਿਆਸੀ ਵਿਕਾਸ ਵਿਚ ਰੁਕਾਵਟ ਪੈਦਾ ਹੁੰਦੀ ਹੈ।

ਦੂਜੇ ਪਾਸੇ ਪੱਛਮੀ ਬੰਗਾਲ ਵਿਚ ਭਾਜਪਾ ਪੁਰਾਣੇ ਤਜਰਬੇਕਾਰਾਂ ਬਨਾਮ ਨਵੇਂ ਸਿਖਾਂਦਰੂਆਂ ਵਾਲੀ ਸਮੱਸਿਆ ਤੋਂ ਪੀੜਤ ਹੈ। ਉਥੇ ਪਾਰਟੀ ਤ੍ਰਿਣਮੂਲ ਕਾਂਗਰਸ ਤੋਂ ਲਿਆਂਦੇ ਗਏ ਸ਼ੁਵੇਂਦੂ ਅਧਿਕਾਰੀ ਉਤੇ ਨਿਰਭਰ ਹੈ ਜੋ ਮਮਤਾ ਬੈਨਰਜੀ ਦੇ ਕਰੀਬੀ ਸਹਾਇਕ ਰਹਿ ਚੁੱਕੇ ਹਨ। ਪਾਰਟੀ ਨੂੰ ਜਾਪਦਾ ਹੈ ਕਿ ਤ੍ਰਿਣਮੂਲ ਕਾਂਗਰਸ ਨੂੰ ਹਰਾਉਣ ਲਈ ਸ਼ੁਵੇਂਦੂ ਕਾਫੀ ਹਨ ਪਰ ਇਸ ਅਮਲ ਦੌਰਾਨ ਪਾਰਟੀ ਨੇ ਆਪਣੇ ਪੁਰਾਣੇ ਤੇ ਬਜੁਰਗ ਆਗੂਆਂ ਨੂੰ ਦੂਰ ਕਰ ਦਿੱਤਾ ਹੈ। ਦੇਸ਼ ਦੇ ਦੱਖਣੀ ਤੇ ਪੂਰਬੀ ਖਿੱਤੇ ਵਿਚ ਸਿਰਫ ਤਿਲੰਗਾਨਾ ਹੀ ਚਮਕਦਾਰ ਸਥਾਨ ਹੈ ਪਰ ਇਸ ਦੇ ਮੁੱਖ ਮੰਤਰੀ ਕੇ. ਚੰਦਰਸ਼ੇਖਰ ਰਾਓ ਜਿਨ੍ਹਾਂ ਦੀ ਸਿਆਸਤ ਮੁੱਖ ਤੌਰ 'ਤੇ ਮੁਫਤ ਸਹੂਲਤਾਂ ਉਤੇ ਟਿਕੀ ਹੋਈ ਹੈ, ਕੋਈ ਆਸਾਨ ਸ਼ਿਕਾਰ ਨਹੀਂ ਹਨ।

ਇਨ੍ਹਾਂ ਖਿੱਤਿਆਂ ਵਿਚ ਦਾਖਲ ਹੋਣ ਤੋਂ ਪਹਿਲਾਂ ਭਾਜਪਾ ਨੂੰ ਲਾਜਮੀ ਤੌਰ 'ਤੇ ਆਗਾਮੀ ਚੋਣਾਂ ਵਾਲੇ ਸੂਬਿਆਂ ਵੱਲ ਧਿਆਨ ਦੇਣਾ ਚਾਹੀਦਾ ਹੈ ਤਾਂ ਕਿ ਉਨ੍ਹਾਂ ਉਤੇ ਇਹ ਆਪਣਾ ਕਬਜਾ ਬਰਕਰਾਰ ਰੱਖ ਸਕੇ। ਇਸ ਨੇ ਰਾਜਸਥਾਨ ਵਿਚ ਅਜੇ ਤੱਕ ਲੀਡਰਸ਼ਿਪ ਦੇ ਮਾਮਲੇ ਦਾ ਨਿਬੇੜਾ ਨਹੀਂ ਕੀਤਾ ਕਿ ਉਥੇ ਵਸੁੰਧਰਾ ਰਾਜੇ ਨੂੰ ਹੀ ਮੁੱਖ ਮੰਤਰੀ ਦੀ ਉਮੀਦਵਾਰ ਰੱਖਣਾ ਹੈ ਜਾਂ ਨਹੀਂ। ਇਸੇ ਤਰ੍ਹਾਂ ਮੱਧ ਪ੍ਰਦੇਸ਼ ਵਿਚ ਸਾਬਕਾ ਮੁੱਖ ਮੰਤਰੀ ਉਮਾ ਭਾਰਤੀ ਨੇ ਪਾਰਟੀ ਨੂੰ ਖਬਰਦਾਰ ਕੀਤਾ ਹੈ ਕਿ 'ਜਾਤ ਤੇ ਇਲਾਕਾਈ ਅਸੰਤੁਲਨਾਂ' ਦਾ ਸਿੱਟਾ ਟਕਰਾਵਾਂ ਦੇ ਰੂਪ ਵਿਚ ਨਿਕਲ ਸਕਦਾ ਹੈ। ਭਾਜਪਾ ਬਾਰੇ ਇਹੋ ਆਖਿਆ ਜਾ ਸਕਦਾ ਹੈ ਕਿ ਉਹ ਸੁਧਾਰ ਕਰਨ ਵਿਚ ਮਾਹਿਰ ਹੈ।

## ਸਿਆਸੀ ਦਲ ਜਨਤਾ ਨੂੰ ਦੱਸਣ ਕਿ ਮੁਫ਼ਤ ਯੋਜਨਾਵਾਂ ਦੀ ਫੰਡਿੰਗ ਕਿਥੋਂ ਹੋਏਗੀ: ਚੋਣ ਕਮਿਸ਼ਨ

ਨਵੀਂ ਦਿੱਲੀ/ਏ.ਟੀ.ਨਿਊਜ਼ :- ਸਿਆਸੀ ਪਾਰਟੀਆਂ ਵਲੋਂ ਕੀਤੇ ਜਾਂਦੇ ਚੋਣ ਵਾਅਦਿਆਂ ਵਿਚ ਮੁਫ਼ਤ ਸਕੀਮਾਂ ਨੂੰ ਲੈ ਕੇ ਛਿੜੀ ਚਰਚਾ ਦਰਮਿਆਨ ਚੋਣ ਕਮਿਸ਼ਨ ਨੇ ਪਾਰਟੀਆਂ ਨੂੰ ਇਕ ਚਿੱਠੀ ਲਿਖੀ ਹੈ, ਜਿਸ ਵਿਚ ਕਮਿਸ਼ਨ ਨੇ ਕਿਹਾ ਹੈ ਕਿ ਸਿਆਸੀ ਪਾਰਟੀਆਂ ਆਪਣੇ ਚੋਣ ਮਨੋਰਥ ਪੱਤਰ ਵਿਚ ਵੋਟਰਾਂ ਨਾਲ ਕੀਤੇ ਜਾਣ ਵਾਲੇ ਵਾਅਦਿਆਂ ਦੇ ਨਾਲ ਇਹ ਵੀ ਦੱਸਣ ਕਿ ਇਨ੍ਹਾਂ ਵਾਅਦਿਆਂ ਨੂੰ ਪੂਰਾ ਕਰਨ ਲਈ ਫੰਡ ਕਿਥੋਂ ਆਉਣਗੇ। ਚੋਣ ਕਮਿਸ਼ਨ ਵਲੋਂ ਸਾਰੀਆਂ ਰਾਸ਼ਟਰੀ ਅਤੇ ਖੇਤਰੀ ਸਿਆਸੀ ਪਾਰਟੀਆਂ ਨੂੰ ਲਿਖੀ ਚਿੱਠੀ ਵਿਚ ਕਿਹਾ ਗਿਆ ਹੈ ਕਿ ਜੇਕਰ ਸਿਆਸੀ ਪਾਰਟੀਆਂ ਸਿਰਫ਼ ਖੋਖਲੇ ਵਾਅਦੇ ਕਰ ਰਹੀਆਂ ਹਨ ਤਾਂ ਇਸ ਦੇ ਬੜੇ ਦੂਰਗਾਮੀ ਨਤੀਜੇ ਹੋਣਗੇ। ਚੋਣ ਕਮਿਸ਼ਨ ਨੇ ਇਹ ਵੀ ਕਿਹਾ ਕਿ ਸਿਆਸੀ ਪਾਰਟੀਆਂ ਨੂੰ ਇਕ ਨਿਸ਼ਚਿਤ ਫਾਰਮੈਟ ਵਿਚ ਵੋਟਰਾਂ ਨੂੰ ਇਹ ਵੀ ਦੱਸਣਾ ਚਾਹੀਦਾ ਹੈ ਕਿ ਜੋ ਵਾਅਦੇ ਕੀਤੇ ਜਾ ਰਹੇ ਹਨ, ਉਹ ਕਿੰਨੇ ਸਹੀ ਹਨ। ਨਾਲ ਹੀ ਇਹ ਵੀ ਦੱਸਣ ਕਿ ਇਨ੍ਹਾਂ ਵਾਅਦਿਆਂ ਨੂੰ ਪੂਰਾ ਕਰਨ ਲਈ ਰਾਜ ਜਾਂ ਕੇਂਦਰ ਸਰਕਾਰ ਕੋਲ ਕੀ ਵਿੱਤੀ ਅਸਾਸੇ ਹਨ। ਕਮਿਸ਼ਨ ਨੇ ਸਿਆਸੀ ਪਾਰਟੀਆਂ ਨੂੰ 19 ਅਕਤੂਬਰ ਤੱਕ ਇਨ੍ਹਾਂ ਪ੍ਰਸਤਾਵਿਤ ਬਦਲਾਵਾਂ 'ਤੇ ਜਵਾਬ ਦੇਣ ਲਈ ਕਿਹਾ ਹੈ। ਕਮਿਸ਼ਨ ਨੇ ਕਿਹਾ ਕਿ ਉਹ ਚੋਣ ਵਾਅਦਿਆਂ 'ਤੇ ਪੂਰੀ ਜਾਣਕਾਰੀ ਨਾ ਦੇਣ ਅਤੇ ਉਸ ਦੀ ਵਿੱਤੀ ਸਥਿਰਤਾ 'ਤੇ ਪੈਣ ਵਾਲੇ ਪ੍ਰਭਾਵਾਂ ਨੂੰ ਅਣਗੌਲ ਨਹੀਂ ਸਕਦੇ।

# ਪੰਜਾਬ 'ਚ ਕਈ ਕਿਸਾਨ ਆਗੂਆਂ ਦੇ ਸੋਸ਼ਲ ਮੀਡੀਆ ਅਕਾਊਂਟ ਹੋਏ ਬੰਦ



## ਕਿਸਾਨ ਆਗੂ ਪੰਧੇਰ ਨੇ ਕਿਹਾ ਇਹ ਲੋਕਤੰਤਰ ਦਾ ਅਪਮਾਨ

ਚੰਡੀਗੜ੍ਹ/ਏ.ਟੀ.ਨਿਊਜ਼ :- ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਆਗੂਆਂ ਦੇ ਫੇਸਬੁੱਕ ਅਤੇ ਟਵਿਟਰ ਅਕਾਊਂਟ ਬੰਦ ਹੋਣੇ ਸ਼ੁਰੂ ਹੋ ਗਏ ਹਨ। ਇਸ ਕਾਰਨ ਜਥੇਬੰਦੀ ਦੇ ਆਗੂਆਂ ਨੂੰ ਹੁਣ ਆਪਣੀ ਆਵਾਜ਼ ਬੁਲੰਦ ਕਰਨੀ ਔਖੀ ਹੋ ਰਹੀ ਹੈ। ਕਿਸਾਨਾਂ ਨੇ ਸਿੱਧੇ ਤੌਰ 'ਤੇ ਦੋਸ਼ ਲਾਇਆ ਹੈ ਕਿ ਸੋਸ਼ਲ ਮੀਡੀਆ ਕੰਪਨੀਆਂ ਅਤੇ ਸਰਕਾਰ ਕਿਸਾਨਾਂ ਦੀ ਆਵਾਜ਼ ਬੁਲੰਦ ਕਰਨ ਦਾ ਸੰਵਿਧਾਨਕ ਹੱਕ ਖੋਹ ਰਹੀਆਂ ਹਨ ਜੋ ਕਿ ਲੋਕਤੰਤਰ ਦਾ ਅਪਮਾਨ ਹੈ।

ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਨੇ ਦੱਸਿਆ ਕਿ ਫੇਸਬੁੱਕ ਨੇ ਉਨ੍ਹਾਂ ਦਾ ਖਾਤਾ ਤੀਜੀ ਵਾਰ ਬਲਾਕ ਕਰ ਦਿੱਤਾ ਹੈ। ਜਦਕਿ ਟਵਿਟਰ 'ਤੇ ਉਨ੍ਹਾਂ ਦਾ ਅਕਾਊਂਟ ਵੀ ਦੂਜੀ ਵਾਰ ਬੰਦ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਉਹ ਸੋਸ਼ਲ ਮੀਡੀਆ ਦੇ ਇਨ੍ਹਾਂ ਖਾਤਿਆਂ ਦੀ ਵਰਤੋਂ ਕਿਸਾਨਾਂ ਦੇ ਹੱਕਾਂ ਦੀ ਆਵਾਜ਼ ਨੂੰ ਲੋਕਾਂ ਤੱਕ ਪਹੁੰਚਾਉਣ ਅਤੇ ਉਨ੍ਹਾਂ ਦੀਆਂ ਗਤੀਵਿਧੀਆਂ ਦੀ ਜਾਣਕਾਰੀ ਲੋਕਾਂ ਤੱਕ ਪਹੁੰਚਾਉਣ ਲਈ ਕਰ ਰਹੇ ਹਨ।ਇਸੇ ਤਰ੍ਹਾਂ ਉਸ ਦੀ ਸੰਸਥਾ ਦੇ ਕਰੀਬ ਅੱਧੀ ਦਰਜਨ ਹੋਰ ਮੈਂਬਰਾਂ ਦੇ ਖਾਤੇ ਵੀ ਬੰਦ ਕਰ ਦਿੱਤੇ ਗਏ ਹਨ। ਉਸ ਨੇ ਕਿਹਾ ਕਿ ਉਸ ਵੱਲੋਂ ਵਾਰ-ਵਾਰ ਖਾਤੇ ਤਿਆਰ ਕੀਤੇ ਜਾਂਦੇ ਹਨ। ਸੋਚੀ-ਸਮਝੀ ਸਿਆਸਤ ਤਹਿਤ ਇਨ੍ਹਾਂ ਨੂੰ ਵਾਰ-ਵਾਰ ਬੰਦ ਕੀਤਾ ਜਾਂਦਾ ਹੈ।ਉਨ੍ਹਾਂ ਦੱਸਿਆ ਕਿ ਜਥੇਬੰਦੀ ਨੇ ਇਸ ਸਬੰਧੀ ਭਾਰਤ ਸਰਕਾਰ ਅਤੇ ਸੋਸ਼ਲ ਮੀਡੀਆ ਕੰਪਨੀਆਂ ਨੂੰ ਪੱਤਰ ਵੀ ਭੇਜੇ ਹਨ। ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਭਾਰਤ ਵਰਗੇ ਲੋਕਤੰਤਰੀ ਦੇਸ਼ ਵਿੱਚ ਹਰ ਵਿਅਕਤੀ ਨੂੰ ਆਪਣੀ ਆਵਾਜ਼ ਉਠਾਉਣ ਦਾ ਅਧਿਕਾਰ ਹੈ। ਪਰ ਉਨ੍ਹਾਂ ਦੀ ਸੰਵਿਧਾਨ ਵਿਰੁੱਧ ਆਵਾਜ਼ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਬੇਅਦਬੀ ਦਾ ਮਾਮਲਾ ਵਿਧਾਨ ਸਭਾ 'ਚ ਉਭਾਰਨ ਕਾਰਨ ਪੰਥਕ ਤਾਲਮੇਲ ਸੰਗਠਨ ਵਲੋਂ ਕੁੰਵਰ ਵਿਜੈ ਪ੍ਰਤਾਪ ਦਾ ਸਨਮਾਨ

ਅੰਮ੍ਰਿਤਸਰ/ਏ.ਟੀ.ਨਿਊਜ਼ :- ਇਥੇ ਸਿੱਖ ਜਥੇਬੰਦੀਆਂ ਦੇ ਸਮੂਹ ਪੰਥਕ ਤਾਲਮੇਲ ਸੰਗਠਨ ਨੇ ਸਿੰਘ ਸਭਾ ਦੇ 150ਵੇਂ ਸਥਾਪਨਾ ਵਰ੍ਹੇ ਦੀ ਅਰੰਭਤਾ ਮੌਕੇ ਸਿੱਖ ਕੌਮ ਨੂੰ ਇਕ ਵਾਰ ਮੁੜ ਸਿੰਘ ਸਭਾ ਲਹਿਰ ਸ਼ੁਰੂ ਕਰਨ ਦਾ ਸੱਦਾ ਦਿੱਤਾ ਹੈ। ਇਸ ਮੌਕੇ ਵਿਧਾਇਕ ਅਤੇ ਸਾਬਕਾ ਆਈਜੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੂੰ ਬੇਅਦਬੀ ਮਾਮਲਿਆਂ ਦੀ ਜਾਂਚ ਕਰਨ ਅਤੇ ਮੁਲਜ਼ਮਾਂ ਨੂੰ ਸਜ਼ਾਵਾਂ ਦਿਵਾਉਣ ਦਾ ਮੁੱਦਾ ਵਿਧਾਨ ਸਭਾ ਵਿੱਚ ਉਭਾਰਨ ਲਈ ਪ੍ਰਸੰਸਾ ਪੱਤਰ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਬੰਧੀ ਇੱਥੇ ਸਥਾਨਕ ਕਬੀਰ ਪਾਰਕ ਦੇ ਗੁਰਦੁਆਰੇ ਵਿੱਚ ਇਕ ਸੈਮੀਨਾਰ ਕਰਵਾਇਆ ਗਿਆ ਹੈ। ਇਸ ਵਿੱਚ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਸ਼ਮੂਲੀਅਤ ਕੀਤੀ।

ਇਸ ਮੌਕੇ ਸੰਗਠਨ ਦੇ ਕਨਵੀਨਰ ਅਤੇ ਸਾਬਕਾ ਜਥੇਦਾਰ ਗਿਆਨੀ ਕੇਵਲ ਸਿੰਘ ਨੇ ਦੱਸਿਆ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਤੇ ਇਨਸਾਫ਼ ਹਿੱਤ ਅਤੇ ਧਰਮ ਪਰਿਵਰਤਨ ਦੇ ਮੁੱਦੇ ਬਾਰੇ ਵਿਚਾਰ ਕਰਨ ਦੀ ਵੱਡੀ ਲੋੜ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਆਜ਼ਾਦੀ ਲਈ ਵਧੇਰੇ ਕੁਰਬਾਨੀਆਂ ਕਰਨ ਵਾਲੀ ਸਿੱਖ ਕੌਮ ਇਸ ਵੇਲੇ ਦੇਸ਼ ਵਿੱਚ ਧਰਮ ,ਵਿੱਦਿਆ, ਰਾਜਨੀਤੀ ਅਤੇ ਆਰਥਿਕ ਮਾਮਲਿਆਂ ਦੇ ਵਿਗੜ ਰਹੇ ਸੰਤੁਲਨ ਪ੍ਰਤੀ ਖ਼ਾਮੋਸ਼ ਹੈ। ਉਨ੍ਹਾਂ ਵਿਦਿਆਰਥੀਆਂ ਦੇ ਵਿਦੇਸ਼ ਜਾਣ ਦੇ ਲਗਾਤਾਰ ਵਧ ਰਹੇ ਰੁਝਾਨ 'ਤੇ ਚਿੰਤਾ ਪ੍ਰਗਟ ਕੀਤੀ। ਸੰਗਠਨ ਦੇ ਕੋ-ਕਨਵੀਨਰ ਜਸਵਿੰਦਰ ਸਿੰਘ ਐਡਵੋਕੇਟ ਨੇ ਸਿੰਘ ਸਭਾ ਲਹਿਰ ਨੂੰ ਮੁੜ ਆਰੰਭਣ ਦਾ ਹੋਕਾ ਦਿੱਤਾ। ਉਨ੍ਹਾਂ ਬੇਅਦਬੀ ਮਾਮਲਿਆਂ ਵਿਚ ਸਾਬਕਾ ਆਈਜੀ ਕੁੰਵਰ ਵਿਜੈ ਪ੍ਰਤਾਪ



ਸਿੰਘ ਵੱਲੋਂ ਕੀਤੀ ਗਈ ਜਾਂਚ ਅਤੇ ਪੇਸ਼ ਕੀਤੀ ਰਿਪੋਰਟ ਵਿੱਚ ਦਿੱਤੇ ਸੱਚ ਦੀ ਸ਼ਲਾਘਾ ਕੀਤੀ। ਉਨ੍ਹਾਂ ਦੱਸਿਆ ਕਿ ਪੰਥਕ ਤਾਲਮੇਲ ਸੰਗਠਨ ਦਾ ਇੱਕ ਵੱਡਾ ਕਾਫ਼ਲਾ 14 ਅਕਤੂਬਰ ਨੂੰ ਬਹਿਬਲ ਕਲਾਂ ਵਿੱਚ ਸ਼ਹੀਦੀ ਸਮਾਗਮ ਵਿੱਚ ਸ਼ਾਮਲ ਹੋਵੇਗਾ।

# ਸੰਸਦ ਮੈਂਬਰ ਬਿੱਟੂ ਨੂੰ ਮਾਰਨ ਦੀ ਮੋਬਾਈਲ 'ਤੇ ਧਮਕੀ ਦਿੱਤੀ



ਲੁਧਿਆਣਾ/ਏ.ਟੀ.ਨਿਊਜ਼ :- ਲੁਧਿਆਣਾ ਤੋਂ ਲੋਕ ਸਭਾ ਮੈਂਬਰ ਰਵਨੀਤ ਸਿੰਘ ਬਿੱਟੂ ਨੂੰ ਕੁਝ ਅਣਪਛਾਤੇ ਵਿਅਕਤੀਆਂ ਵਲੋਂ ਮੋਬਾਈਲ 'ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਗਈ ਹੈ। ਇਹ ਕਾਲ ਵਿਦੇਸ਼ ਤੋਂ ਆਈ ਹੈ, ਜਿਸ ਵਿਚ ਕਾਲ ਕਰਨ ਵਾਲੇ ਵਿਅਕਤੀ ਨੇ ਬਿੱਟੂ ਨੂੰ ਸਿੱਖਾਂ ਖ਼ਿਲਾਫ਼ ਬਿਆਨਬਾਜ਼ੀ ਬੰਦ ਕਰਨ ਲਈ ਵੀ ਕਿਹਾ ਹੈ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿਚ ਉਸ ਨੂੰ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ ਗਈ ਹੈ। ਬਿੱਟੂ ਵਲੋਂ ਇਸ ਸੰਬੰਧੀ ਡੀ. ਜੀ. ਪੀ. ਪੰਜਾਬ ਨੂੰ ਸੂਚਿਤ ਕਰ ਦਿੱਤਾ ਗਿਆ ਹੈ, ਪਰ ਹਾਲ ਦੀ ਘੜੀ ਪੁਲਿਸ ਵਲੋਂ ਇਸ ਮਾਮਲੇ ਵਿਚ ਕੋਈ ਸ਼ਿਕਾਇਤ ਨਹੀਂ ਮਿਲੀ ਹੈ। ਪੁਲਿਸ ਕਮਿਸ਼ਨਰ ਡਾ. ਕੌਸ਼ਤੁਭ ਸ਼ਰਮਾ ਨੇ ਦੱਸਿਆ ਕਿ ਸ਼ਿਕਾਇਤ ਆਉਣ ਉਪਰੰਤ ਹੀ ਅਗਲੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

DIAMOND TRANSPORTATION
DIAMOND
Transportation Logistics, Inc.
Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ
Good Pay
Dedicated Routs
Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ

ਅੱਜ ਹੀ ਕਾਲ ਕਰੋ :
ਗੁਲਵਿੰਦਰ ਸਿੰਘ ਗਾਖ਼ਲ
209.487.3699
ਹਰਨੇਕ ਸਿੰਘ ਅਟਵਾਲ
209.351.5965
2850 Loomis Rd, Stockton, CA 95205

# ਸਾਕਾ ਨਕੋਦਰ - ਬਾਪੂ ਬਲਦੇਵ ਸਿੰਘ ਸਪੀਕਰ ਸੰਧਵਾਂ ਨੂੰ ਮਿਲੇ

## ਹਾਈਕੋਰਟ ਵਲੋਂ SIT ਬਣਾਉਣ ਦੇ ਹੁਕਮਾਂ ਨੂੰ ਪੰਜਾਬ ਸਰਕਾਰ ਮਨਜ਼ੂਰ ਕਰੇ






ਸਾਕਾ ਨਕੋਦਰ ਦੇ ਸ਼ਹੀਦ ਭਾਈ ਰਵਿੰਦਰ ਸਿੰਘ ਜੀ ਦੇ ਪਿਤਾ ਬਾਪੂ ਬਲਦੇਵ ਸਿੰਘ ਵੱਲੋਂ ਉੱਘੇ ਵਕੀਲ ਹਰੀ ਚੰਦ ਅਰੋੜਾ ਰਾਹੀਂ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਕੀਤੀ ਪਟੀਸ਼ਨ ਤੇ ਜਸਟਿਸ ਨਮਿਤ ਕੁਮਾਰ ਵੱਲੋਂ ਪੰਜਾਬ ਸਰਕਾਰ ਨੂੰ ਸਾਕਾ ਨਕੋਦਰ ਦੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਰਿਪੋਰਟ ਦੇ 'ਗੁਆਚੇ' ਭਾਗ-2 ਸਬੰਧੀ 'ਸਿੱਟ' ਬਣਾਉਣ ਲਈ ਜਾਰੀ ਨੋਟਿਸ ਤੇ ਕਾਰਵਾਈ ਕਰਨ ਲਈ ਪੰਜਾਬ ਵਿਧਾਨ ਸਭਾ ਪਹੁੰਚਕੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੂੰ ਮੰਗ ਪੱਤਰ ਦਿੱਤਾ ਕਿ ਚੱਲ ਰਹੇ ਵਿਧਾਨ ਸਭਾ ਸੈਸ਼ਨ ਦੌਰਾਨ ਹਾਈਕੋਰਟ ਵਲੋਂ 'ਸਿੱਟ' ਬਣਾਉਣ ਦੇ ਹੁਕਮਾਂ ਨੂੰ ਪੰਜਾਬ ਸਰਕਾਰ ਮਨਜ਼ੂਰ ਕਰੇ।

ਬਾਪੂ ਬਲਦੇਵ ਸਿੰਘ ਨੇ ਆਪ ਪਾਰਟੀ ਵਲੋਂ ਬੀਤੇ ਸਮੇਂ ਦੌਰਾਨ ਸਾਕਾ ਨਕੋਦਰ ਦੇ ਇਨਸਾਫ਼ ਲਈ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਰਿਪੋਰਟ ਨੂੰ ਵਿਧਾਨ ਸਭਾ ਵਿੱਚ ਪੇਸ਼ ਕਰਕੇ ਇਸ ਤੇ ਚਰਚਾ ਕਰਕੇ ਤੇ ਕਾਨੂੰਨ ਮੁਤਾਬਿਕ ਐਕਸ਼ਨ ਟੇਕਨ ਰਿਪੋਰਟ ਜਾਰੀ ਕਰਵਾਉਣ ਲਈ ਕੀਤੇ ਅਣਥੱਕ ਜਤਨਾਂ ਦੀ ਸ਼ਲਾਘਾ ਕਰਦਿਆਂ, ਆਖਿਆ ਹੈ ਕਿ ਸਾਨੂੰ ਪੂਰਨ ਉਮੀਦ ਹੈ ਕਿ 'ਆਪ' ਸਰਕਾਰ ਜੋ ਵਿਰੋਧੀ ਧਿਰ ਹੁੰਦਿਆਂ ਸਾਕਾ ਨਕੋਦਰ ਦੇ ਇਨਸਾਫ ਦੀ ਮੰਗ ਕਰਦੀ ਰਹੀ ਹੈ, ਕੋਲ ਹੁਣ ਪੂਰਨ ਬਹੁਮਤ ਹੈ ਤੇ ਸਰਕਾਰ ਬਿਨਾ ਕਿਸੇ ਦੇਰੀ ਦੇ ਪੀੜਤ ਪਰਿਵਾਰਾਂ ਨੂੰ ਇਨਸਾਫ਼ ਦੇ ਕੇ ਲਗਭਗ ਚਾਰ ਦਹਾਕਿਆਂ ਤੋਂ ਰਿਸਦੇ ਜ਼ਖਮਾਂ 'ਤੇ ਮਰਹਮ ਲਗਾਵੇਗੀ। ਸਪੀਕਰ ਸੰਧਵਾਂ ਜੀ ਨੇ ਭਰੋਸਾ ਦਿੱਤਾ ਹੈ ਕਿ ਪੰਜਾਬ ਸਰਕਾਰ ਜਲਦ ਹੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਰਿਪੋਰਟ ਤੇ ਕਾਰਵਾਈ ਕਰਕੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਕਾਰਵਾਈ ਕਰੇਗੀ ਤੇ ਜਾਂਚ ਰਿਪੋਰਟ ਦੇ ਗਵਾਚੇ ਭਾਗ ਨੂੰ ਲੱਭਕੇ ਪੂਰੀ ਜਾਂਚ ਰਿਪੋਰਟ ਜਨਤਿਕ ਕਰੇਗੀ।

ਜ਼ਿਕਰਯੋਗ ਹੈ ਕਿ ਨਕੋਦਰ ਦੇ ਗੁਰਦਵਾਰਾ ਗੁਰੂ ਅਰਜਨ ਸਾਹਿਬ ਵਿੱਚ 2 ਫਰਵਰੀ 1986 ਨੂੰ ਗੁਰੂ ਗ੍ਰੰਥ ਸਾਹਿਬ ਦੇ ਪੰਜ ਸਰੂਪ ਅਗਨ ਭੇਟ ਕਰ ਦਿੱਤੇ ਗਏ ਸਨ। ਜਾਣਕਾਰੀ ਅਨੁਸਾਰ ਉਸ ਵੇਲੇ ਪੁਲੀਸ ਨੇ ਸ਼ਾਂਤਮਈ ਢੰਗ ਨਾਲ ਰੋਸ ਪ੍ਰਗਟਾ ਰਹੇ ਲੋਕਾਂ 'ਤੇ ਅੰਨ੍ਹੇਵਾਹ ਗੋਲੀਆਂ ਚਲਾਈਆਂ ਸਨ, ਜਿਸ ਕਾਰਨ ਚਾਰ ਸਿੱਖ ਨੌਜਵਾਨ ਭਾਈ ਰਵਿੰਦਰ ਸਿੰਘ ਲਿੱਤਰਾਂ, ਭਾਈ ਬਲਧੀਰ ਸਿੰਘ ਰਾਮਗੜ੍ਹ, ਭਾਈ ਝਿਲਮਣ ਸਿੰਘ ਗੋਰਸੀਆਂ ਤੇ ਭਾਈ ਹਰਮਿੰਦਰ ਸਿੰਘ ਚਲੂਪੁਰ ਸ਼ਹੀਦ ਹੋ ਗਏ ਸਨ। ਇਨ੍ਹਾਂ ਨੌਜਵਾਨਾਂ ਦੀਆਂ ਲਾਸ਼ਾਂ ਵੀ ਵਾਰਸਾਂ ਹਵਾਲੇ ਨਹੀਂ ਸੀ ਕੀਤੀਆਂ ਗਈਆਂ। ਇਸ ਗੋਲੀ ਕਾਂਡ ਦੀ ਜਾਂਚ ਉਸ ਵੇਲੇ ਅਕਾਲੀ ਸਰਕਾਰ ਨੇ ਜਸਟਿਸ ਗੁਰਨਾਮ ਸਿੰਘ ਦੇ ਕਮਿਸ਼ਨ ਤੋਂ ਕਰਵਾਈ ਸੀ। ਅਦਾਲਤੀ ਜਾਂਚ ਰਿਪੋਰਟ ਦੇ ਦੋ ਭਾਗ ਸਨ, ਪਰ ਹੁਣ ਤੱਕ ਇਸ ਦਾ ਸਿਰਫ ਇੱਕ ਭਾਗ ਹੀ ਪੇਸ਼ ਕੀਤਾ ਗਿਆ ਹੈ ਤੇ ਉਹ ਵੀ ਬਿਨਾ ਕਿਸੇ ਬਹਿਸ 'ਤੇ ਐਕਸ਼ਨ ਟੇਕਨ ਰਿਪੋਰਟ ਦੇ। ਦੂਜੇ ਭਾਗ ਬਾਰੇ ਕਿਸੇ ਨੂੰ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ।

ਜਸਟਿਸ ਗੁਰਨਾਮ ਸਿੰਘ ਕਮਿਸਨ ਰਿਪੋਰਟ 31 ਅਕਤੂਬਰ 1986 ਨੂੰ ਸਰਕਾਰ ਨੂੰ ਪੇਸ਼ ਕੀਤੀ ਗਈ ਸੀ, ਕਾਨੂੰਨ ਮੁਤਾਬਿਕ ਸਰਕਾਰ ਨੇ ਅਦਾਲਤੀ ਜਾਂਚ ਰਿਪੋਰਟ ਨੂੰ 6 ਮਹੀਨਿਆਂ ਦੇ ਵਿੱਚ ਵਿਧਾਨ ਸਭਾ ਦੀ ਸਲੀਬ 'ਤੇ ਰੱਖਕੇ ਬਹਿਸ ਕਰਵਾਉਣੀ ਹੁੰਦੀ ਹੈ ਤੇ ਨਾਲ ਐਕਸ਼ਨ ਟੇਕਨ ਰਿਪੋਰਟ ਜਾਰੀ ਕਰਨੀ ਹੁੰਦੀ ਹੈ। 13 ਫ਼ਰਵਰੀ 2019 ਦੇ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੌਰਾਨ ਸਪੀਕਰ ਰਾਣਾ ਕੇ ਪੀ ਸਿੰਘ ਨੇ ਦੱਸਿਆ ਸੀ ਕਿ ਪ੍ਰਕਾਸ਼ ਸਿੰਘ ਬਾਦਲ ਦੇ ਮੁੱਖ ਮੰਤਰੀ ਹੁੰਦਿਆਂ ਜਾਂਚ ਰਿਪੋਰਟ 5 ਮਾਰਚ 2001 ਨੂੰ ਵਿਧਾਨ ਸਭਾ ਵਿੱਚ ਬਿਨਾ ਕਿਸੇ ਐਕਸ਼ਨ ਟੇਕਨ ਰਿਪੋਰਟ ਦੇ ਪੇਸ਼ ਹੋਈ ਸੀ ਅਤੇ ਇਹ ਵਿਧਾਨ ਸਭਾ ਦੀ ਲਾਇਬ੍ਰੇਰੀ ਵਿਚੋਂ ਪ੍ਰਾਪਤ ਕੀਤੀ ਜਾ ਸਕਦੀ ਹੈ। 16 ਫਰਵਰੀ 2019 ਨੂੰ ਤੇਤੀ ਸਾਲਾਂ ਬਾਅਦ ਰਿਪੋਰਟ ਦਾ ਪਹਿਲਾ ਭਾਗ ਮਿਲਿਆ ਸੀ। ਰਿਪੋਰਟ ਮਿਲਣ ਤੋਂ ਬਾਅਦ 8 ਮਾਰਚ 2019 ਨੂੰ ਜਦੋਂ ਹਾਈ ਕੋਰਟ ਵਿੱਚ ਕੇਸ ਕੀਤਾ ਤਾਂ ਓਥੇ ਪਤਾ ਲੱਗਾ ਕਿ ਰਿਪੋਰਟ ਦਾ ਦੂਜਾ ਭਾਗ (ਸਬੂਤ, ਮਹੱਤਵਪੂਰਨ ਦਸਤਾਵੇਜ ਤੇ ਪੁਲਿਸ, ਪ੍ਰਸ਼ਾਸਨ ਦੀਆਂ ਗਵਾਹੀਆਂ ਵਾਲੀ ਫਾਈਲ) ਗੁੰਮ ਹੈ। ਇਸ ਤੋਂ ਬਾਅਦ ਬਾਪੂ ਬਲਦੇਵ ਸਿੰਘ ਵਲੋਂ ਅਦਾਲਤੀ ਜਾਂਚ ਰਿਪੋਰਟ ਦੇ ਦੂਸਰੇ ਭਾਗ ਦੇ ਗੁੰਮ ਹੋਣ ਸੰਬੰਧੀ ਕੀਤੀ ਪਟੀਸ਼ਨ ਤੇ ਕਾਰਵਾਈ ਕਰਦਿਆਂ ਹਾਈਕੋਰਟ ਵਲੋਂ ਹਾਲ ਹੀ ਵਿੱਚ ਪੰਜਾਬ ਸਰਕਾਰ ਨੂੰ ਸਾਕਾ ਨਕੋਦਰ ਦੀ ਜਸਟਿਸ ਗੁਰਨਾਮ ਸਿੰਘ ਕਮਿਸ਼ਨ ਰਿਪੋਰਟ ਦੇ 'ਗੁਆਚੇ' ਭਾਗ -2 ਸਬੰਧੀ 'ਸਿੱਟ' ਬਣਾਉਣ ਲਈ ਨੋਟਿਸ ਜਾਰੀ ਕੀਤਾ ਗਿਆ ਹੈ।

# ਗੈਂਗਸਟਰ ਆਪਣਾ ਰਾਹ ਛੱਡ ਕੇ 'ਵਾਰਸ ਪੰਜਾਬ ਦੇ' ਜਥੇਬੰਦੀ ਨਾਲ ਜੁੜਨ

## ਅੰਮ੍ਰਿਤਪਾਲ ਸਿੰਘ ਦੀ ਦਸਤਾਰਬੰਦੀ ਮੌਕੇ ਪੁੱਜੇ ਐੱਮਪੀ ਮਾਨ, ਗੈਂਗਸਟਰਾਂ ਨੂੰ ਅਪੀਲ



ਬਾਘਾਪੁਰਾਣਾ/ਏ.ਟੀ.ਨਿਊਜ਼ :- ਸਥਾਨਕ ਪਿੰਡ ਰੋਡੇ ਵਿਚ 'ਵਾਰਸ ਪੰਜਾਬ ਦੇ' ਜਥੇਬੰਦੀ ਦੀ ਪਹਿਲੀ ਵਰ੍ਹੇਗੰਢ ਮਨਾਈ ਗਈ। ਇਸ ਦੌਰਾਨ ਅੰਮ੍ਰਿਤਪਾਲ ਸਿੰਘ ਦੀ ਦਸਤਾਰਬੰਦੀ ਕਰ ਕੇ ਉਸ ਨੂੰ ਜਥੇਬੰਦੀ ਦਾ ਆਗੂ ਥਾਪਿਆ ਗਿਆ। ਸੰਸਦ ਮੈਂਬਰ ਸਿਮਰਨਜੀਤ ਸਿੰਘ ਮਾਨ ਨੇ ਕਿਹਾ, ਅੰਮ੍ਰਿਤਪਾਲ ਸਿੰਘ ਦੀ ਦਸਤਾਰਬੰਦੀ ਕਰ ਕੇ ਖੁਸ਼ੀ ਹੋਈ ਹੈ।

ਇਸ ਨੌਜਵਾਨ ਆਗੂ ਤੋਂ ਸਰਕਾਰ ਘਬਰਾਈ ਹੋਈ ਹੈ ਕਿਉਂਕਿ ਇਸ ਦੇ ਬਿਆਨ ਨੌਜਵਾਨਾਂ ਨੂੰ ਵੰਗਾਰਨ ਵਾਲੇ ਹਨ। ਇਹ ਦਸਤਾਰਬੰਦੀ ਕਈ ਕਿਸਾਨ ਜਥੇਬੰਦੀਆਂ ਨੂੰ ਵੀ ਹਜ਼ਮ ਨਹੀਂ ਹੋ ਰਹੀ ਹੈ। ਇਸ ਮੌਕੇ ਮਾਨ ਨੇ ਗੈਂਗਸਟਰਾਂ ਨੂੰ ਸੱਦਾ ਦਿੱਤਾ ਕਿ ਉਹ ਆਪਣਾ ਰਾਹ ਛੱਡ ਕੇ 'ਵਾਰਸ ਪੰਜਾਬ ਦੇ' ਜਥੇਬੰਦੀ ਨਾਲ ਜੁੜਨ ਤੇ ਪੰਥ ਲਈ ਕੰਮ ਕਰਨ।

# ਗੁਰਦੁਆਰਾ ਬੇਰ ਸਾਹਿਬ ਵਿਚ ਕਿੰਨਰ ਵਲੋਂ ਬੇਅਦਬੀ, ਮੁਲਜ਼ਮ ਗ੍ਰਿਫ਼ਤਾਰ

ਸੁਲਤਾਨਪੁਰ ਲੋਧੀ/ਏ.ਟੀ.ਨਿਊਜ਼ :- ਇਤਿਹਾਸਕ ਗੁਰਦੁਆਰਾ ਸ੍ਰੀ ਬੇਰ ਸਾਹਿਬ ਵਿਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਇਕ ਘਟਨਾ ਨੂੰ ਸੰਗਤ ਦੇ ਸਹਿਯੋਗ ਨਾਲ ਨਾਕਾਮ ਕਰ ਦਿੱਤਾ ਗਿਆ। ਇਕ ਕਿੰਨਰ ਵੱਲੋਂ ਗੁਰਦੁਆਰਾ ਸਾਹਿਬ ਵਿਚ ਇਤਰਾਜ਼ਯੋਗ ਹਰਕਤਾਂ ਕੀਤੀਆਂ ਜਾ ਰਹੀਆਂ ਸਨ। ਸ਼ੱਕ ਹੋਣ 'ਤੇ ਸੰਗਤ ਨੇ ਉਸ ਨੂੰ ਕਾਬੂ ਕਰ ਲਿਆ ਤੇ ਪਹਿਲਾਂ ਇਹ ਮਾਮਲਾ ਗੁਰਦੁਆਰੇ ਦੇ ਮੈਨੇਜਰ ਦੇ ਧਿਆਨ ਵਿਚ ਲਿਆਂਦਾ ਤੇ ਫਿਰ ਪੁਲਿਸ ਨੂੰ ਸੂਚਿਤ ਕੀਤਾ ਗਿਆ। ਪੁਲਿਸ ਨੇ ਮੁਲਜ਼ਮ ਨੂੰ ਹਿਰਾਸਤ ਵਿਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ ਤੇ ਸੰਗਤ ਨੂੰ ਸ਼ਾਂਤ ਕੀਤਾ। ਸੰਗਤ ਵੱਲੋਂ ਪੁਲਿਸ ਨੂੰ ਜਾਣਕਾਰੀ ਦੇਣ ਤੋਂ ਤੁਰੰਤ ਬਾਅਦ ਪੁਲਿਸ ਦੇ ਉੱਚ ਅਧਿਕਾਰੀ ਮੌਕੇ 'ਤੇ ਪਹੁੰਚ ਗਏ, ਜਿਨ੍ਹਾਂ ਨੇ ਮੌਕੇ 'ਤੇ ਇਕੱਠੀਆਂ ਹੋਈ ਸਿੱਖ ਜਥੇਬੰਦੀਆਂ ਦੀ ਹਾਜ਼ਰੀ ਵਿਚ ਮੁਲਜ਼ਮ ਨੂੰ ਹਿਰਾਸਤ 'ਚ ਲੈ ਕੇ ਜਾਂਚ ਉਪਰੰਤ ਬਣਦੀ ਕਾਰਵਾਈ ਦਾ ਭਰੋਸਾ ਦਿੱਤਾ ਹੈ।

ਇਸ ਮੌਕੇ ਪਹੁੰਚੇ ਸਤਿਕਾਰ ਕਮੇਟੀ ਦੇ ਪ੍ਰਧਾਨ ਭਾਈ ਸੁਖਜੀਤ ਸਿੰਘ ਖੋਸੇ ਨੇ ਕਿਹਾ ਕਿ ਬੇਅਦਬੀ ਦੀਆਂ ਘਟਨਾਵਾਂ ਜਿੱਥੇ ਵੀ ਹੋਣ, ਉਹ ਅਤਿ ਨਿੰਦਣਯੋਗ ਹਨ। ਉਨ੍ਹਾਂ ਕਿਹਾ ਕਿ ਕਿੰਨਰ ਵੱਲੋਂ ਗੁਰਦੁਆਰਾ ਸਾਹਿਬ ਅੰਦਰ ਜਾ ਕੇ ਇਤਰਾਜ਼ਯੋਗ ਹਰਕਤਾਂ ਕਰਨ ਪਿੱਛੇ ਕੀ ਕਾਰਨ ਹੋ ਸਕਦਾ ਹੈ, ਉਸਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਮੰਗ ਕੀਤੀ ਕਿ ਜੇਕਰ ਇਸ ਪਿੱਛੇ ਕਿਸੇ ਵਿਅਕਤੀ ਜਾਂ ਸੰਗਠਨ ਦਾ ਹੱਥ ਹੈ, ਤਾਂ ਇਸ ਦੀ ਵੀ ਜਾਂਚ ਕਰ ਕੇ ਪਰਦਾਫ਼ਾਸ਼ ਹੋਣਾ ਚਾਹੀਦਾ ਹੈ। ਉਧਰ ਮੌਕੇ 'ਤੇ ਪਹੁੰਚੇ ਐੱਸਐੱਸਪੀ ਨਵਨੀਤ ਸਿੰਘ ਬੈਂਸ ਨੇ ਕਿਹਾ ਕਿ ਮਾਮਲੇ ਦੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਸ ਤੋਂ ਪੁੱਛਗਿੱਛ ਕਰ ਕੇ ਸਮੁੱਚੀ ਕਾਰਵਾਈ ਕੀਤੀ ਜਾਵੇਗੀ।

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜਨ, ਗਰੀਨ ਕਾਰਡ
• ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us

ਕੌਮਾਂਤਰੀ
ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
5 ਅਕਤੂਬਰ ਤੋਂ 11 ਅਕਤੂਬਰ, 2022

# ਸੰਘਰਸ਼ੀ ਸ਼ਖਸੀਅਤਾਂ ਦੇ ਉਲੀਕੇ ਕਾਰਜ ਵਿੱਚ ਸਹਿਯੋਗ ਦੇਣ ਦੀ ਲੋੜ

ਲੰਘੀ 27 ਸਤੰਬਰ 2022 ਨੂੰ ਸਿੱਖ ਸੰਘਰਸ਼ ਵਿਚ ਵੱਖ-ਵੱਖ ਭੂਮਿਕਾ ਨਿਭਾਉਣ ਵਾਲੀਆਂ ਸ਼ਖਸੀਅਤਾਂ ਵਲੋਂ ਸ੍ਰੀ ਅੰਮ੍ਰਿਤਸਰ ਵਿਖੇ ਪ੍ਰੈਸ ਕਾਨਫਰੰਸ ਕਰਕੇ ਪੰਥ ਦੀਆਂ ਸਮੁੱਚੀਆਂ ਜਥੇਬੰਦੀਆਂ, ਸਿੱਖ ਜਥਿਆਂ, ਸੰਪਰਦਾਵਾਂ, ਸੰਸਥਾਵਾਂ, ਪਾਰਟੀਆਂ ਅਤੇ ਪੰਥਕ ਭਾਵਨਾ ਵਾਲੀਆਂ ਸ਼ਖਸੀਅਤਾਂ ਨੂੰ ਆਪਸੀ ਏਕਤਾ, ਇਤਫ਼ਾਕ ਰੱਖਣ ਅਤੇ ਸੰਵਾਦ ਰਚਾਉਣ ਦਾ ਸੱਦਾ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਤੀਜਾ ਘੱਲੂਘਾਰਾ 1984 ਅਤੇ ਉਸਤੋਂ ਬਾਅਦ ਲੜੇ ਗਏ ਸੰਘਰਸ਼ ਵਿਚ ਵੱਖ-ਵੱਖ ਭੂਮਿਕਾ ਨਿਭਾਉਣ ਵਾਲੀਆਂ ਸੰਘਰਸ਼ੀ ਸ਼ਖਸੀਅਤਾਂ ਜਿਨ੍ਹਾਂ ਵਿਚ ਭਾਈ ਰਜਿੰਦਰ ਸਿੰਘ ਮੁਗਲਵਾਲ, ਭਾਈ ਲਾਲ ਸਿੰਘ ਅਕਾਲਗੜ੍ਹ, ਭਾਈ ਦਲਜੀਤ ਸਿੰਘ ਬਿੱਟੂ, ਭਾਈ ਨਰਾਇਣ ਸਿੰਘ ਚੌੜਾ, ਭਾਈ ਸਤਿਨਾਮ ਸਿੰਘ ਖੰਡੇਵਾਲਾ, ਭਾਈ ਸਤਿਨਾਮ ਸਿੰਘ ਝੰਜੀਆਂ, ਭਾਈ ਭੁਪਿੰਦਰ ਸਿੰਘ ਭਲਵਾਨ, ਭਾਈ ਮਨਜੀਤ ਸਿੰਘ ਫਗਵਾੜਾ, ਭਾਈ ਹਰਦੀਪ ਸਿੰਘ ਮਹਿਰਾਜ, ਭਾਈ ਅਮਰੀਕ ਸਿੰਘ ਈਸੜੂ ਅਤੇ ਭਾਈ ਸੁਖਦੇਵ ਸਿੰਘ ਡੋਡ ਨੇ ਪ੍ਰੈਸ ਕਾਨਫਰੰਸ ਦੌਰਾਨ ਸਾਰੀਆਂ ਹੀ ਜਥੇਬੰਦੀਆਂ, ਸੰਪਰਦਾਵਾਂ, ਸੰਸਥਾਵਾਂ, ਜਥਿਆਂ ਅਤੇ ਸਤਿਕਾਰਤ ਸ਼ਖਸੀਅਤਾਂ ਨੂੰ ਪੰਥਕ ਜੁਗਤ ਅਨੁਸਾਰ ਇਕੱਠੇ ਹੋ ਕੇ ਅਤੇ ਮਿਲ ਬੈਠ ਕੇ ਗੁਰੂ ਖਾਲਸਾ ਪੰਥ ਨੂੰ ਵਿਖੜੇ ਪੈਂਡਿਆਂ ਵਿਚੋਂ ਕੱਢਣ ਲਈ ਅਤੇ ਸਿਰ 'ਤੇ ਖੜ੍ਹੀਆਂ ਮੁਸ਼ਕਿਲਾਂ ਦਾ ਹੱਲ ਕਰਨ ਲਈ ਆਪਸੀ ਸੰਵਾਦ ਰਚਾਉਣ ਅਤੇ ਸਹਿਚਾਰ ਰੱਖਣ ਦਾ ਸੱਦਾ ਦਿੱਤਾ ਹੈ।

ਦਿੱਲੀ ਦਰਬਾਰ ਦੀਆਂ ਸ਼ਕਤੀਆਂ ਲਗਾਤਾਰ ਕੇਂਦਰਵਾਦੀ ਹੋ ਰਹੀਆਂ ਹਨ ਅਤੇ ਆਮ ਲੋਕਾਈ ਦੇ ਹਰੇਕ ਹਿੱਤ (ਸਮਾਜਿਕ, ਆਰਥਿਕ, ਭਾਖਾਈ, ਵਾਤਾਵਰਨ ਅਤੇ ਸਿਹਤ, ਰਾਜਨੀਤਕ, ਪਛਾਣ, ਧਾਰਮਿਕ, ਨਿਆਂ, ਸੁਰੱਖਿਆ ਅਤੇ ਮਾਨ ਸਨਮਾਨ) ਦਾ ਘਾਣ ਹੋ ਰਿਹਾ ਹੈ। ਸਰਬੱਤ ਦੇ ਭਲੇ ਦੇ ਕਾਰਜ ਅਤੇ ਆਮ ਲੋਕਾਈ ਦੀ ਧਿਰ ਬਣਨ ਦੇ ਲਈ ਗੁਰੂ ਸਾਹਿਬਾਨ ਵਲੋਂ ਜੋ ਪੰਥ ਦੀ ਜਿੰਮੇਵਾਰੀ ਲਗਾਈ ਗਈ ਹੈ, ਨੂੰ ਪੂਰਾ ਕਰਨ ਲਈ ਪੰਥ ਦੇ ਹਰੇਕ ਹਿੱਸੇ ਦੀ ਆਪਸੀ ਸਾਂਝ, ਏਕਤਾ ਅਤੇ ਮਿਲਵਰਤਨ ਹੋਣਾ ਹੁਣ ਸਮੇਂ ਦੀ ਮੁੱਖ ਲੋੜ ਹੈ।

ਸਿੱਖਾਂ ਦੀ ਅੰਦਰਲੀ ਪਾਟੋਧਾੜ ਕਾਰਨ ਸਿੱਖ ਇਸ ਵੇਲੇ ਭਾਰੀ ਔਖ ਦੇ ਸਮੇਂ ਵਿਚੋਂ ਲੰਘ ਰਹੇ ਹਨ। ਦਿੱਲੀ ਤਖ਼ਤ ਦੀ ਬਿਪਰਵਾਦੀ ਹਕੂਮਤ ਨਿਤ ਦਿਨ ਸਿੱਖਾਂ ਨੂੰ ਖਤਮ ਕਰਨ ਦੀਆਂ ਵਿਉਤਾਂ 'ਤੇ ਅਮਲ ਕਰਦੀ ਹੋਈ ਲਗਾਤਾਰ ਸਿੱਖ ਸੰਸਥਾਵਾਂ ਅਤੇ ਸਿੱਖ ਸੰਪਰਦਾਵਾਂ ਵਿਚ ਦਖਲ ਦੇ ਰਹੀ ਹੈ। ਜਿਸ ਵਜ੍ਹਾ ਨਾਲ ਸਿੱਖ ਸੰਸਥਾਵਾਂ, ਜਿਨ੍ਹਾਂ ਵਿਚ ਅਕਾਲ ਤਖਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਚੀਫ ਖਾਲਸਾ ਦੀਵਾਨ, ਆਦਿ ਹਨ ਅਤੇ ਪੁਰਾਤਨ ਸੰਪਰਦਾਵਾਂ (ਨਿਰਮਲੇ, ਦਮਦਮੀ ਟਕਸਾਲ, ਸੇਵਾਪੰਥੀ ਕਾਰਸੇਵਕ, ਨਿਹੰਗ ਸਿੰਘ ਆਦਿ) ਦੀ ਪਵਿੱਤਰਤਾ ਅਤੇ ਸਨਮਾਨ ਲੋਕਾਈ ਦੇ ਮਨਾਂ ਵਿਚੋਂ ਖਤਮ ਹੁੰਦਾ ਜਾ ਰਿਹਾ ਹੈ ਜਿਸ ਦਾ ਸਿੱਧਾ ਫਾਇਦਾ ਦਿੱਲੀ ਦਰਬਾਰ ਆਪਣੀਆਂ ਬਿਪਰਵਾਦੀ ਨੀਤੀਆਂ ਦੇ ਪਸਾਰੇ ਲਈ ਲੈ ਰਿਹਾ ਹੈ। ਸਿੱਖਾਂ ਦੇ ਅਲੱਗ ਅਲੱਗ ਜਥਿਆਂ/ਸੰਸਥਾਵਾਂ ਵਿੱਚ ਆਪਸੀ ਤਾਲਮੇਲ ਦੀ ਘਾਟ ਕਰਕੇ, ਕਈ ਮੌਕਿਆਂ 'ਤੇ ਇਹ ਇੱਕ ਦੂਜੇ ਦੇ ਵਿਰੋਧ ਵਿਚ ਖੜਦੇ ਨਜ਼ਰ ਆਉਂਦੇ ਹਨ। ਵੋਟ ਸਿਆਸਤ ਤਹਿਤ ਸਿੱਖ ਮਸਲਿਆਂ ਲਈ ਖੜ੍ਹਦੀਆਂ ਪਾਰਟੀਆਂ ਵਿਚ ਵੀ ਆਪਸੀ ਖਿੱਚੋਤਾਣ ਹੈ।

ਅਜਿਹੇ ਸਮੇਂ ਜੇਕਰ ਪੰਥ ਅੰਦਰਲੇ ਸਾਰੇ ਸਕਾਰਾਤਮਕ ਹਿੱਸੇ ਸੰਵਾਦ ਦੇ ਅਭਿਆਸ ਵਿਚ ਪੈ ਕੇ ਆਪਸੀ ਗਲਤਫਹਿਮੀਆਂ ਨੂੰ ਘਟਾ ਸਕਣ ਅਤੇ ਇੱਕ ਦੂਜੇ ਪ੍ਰਤੀ ਸਮਝ ਨੂੰ ਵਧਾ ਕੇ ਆਪਸੀ ਸਨਮਾਨ ਪੈਦਾ ਕਰ ਸਕਣ ਤਾਂ ਯਕੀਨਨ ਚੜ੍ਹਦੀ ਕਲਾ ਹੋ ਸਕੇਗੀ। ਇਹੀ ਸਾਡਾ ਅਸਲ ਰਾਹ ਹੈ ਅਤੇ ਇਹੀ ਸਮੇਂ ਦੀ ਅਹਿਮ ਲੋੜ ਵੀ ਬਣੀ ਹੋਈ ਹੈ।

ਮਿਸਲ ਕਾਲ ਵਿੱਚ ਮਿਸਲਾਂ ਆਪਸ ਵਿਚ ਲੜਦੀਆਂ ਰਹਿੰਦੀਆਂ ਸਨ ਤੇ ਮੁਸੀਬਤ ਵੇਲੇ ਦਰਬਾਰ ਸਾਹਿਬ ਵਿੱਚ ਇਕੱਠੀਆਂ ਹੋ ਜਾਂਦੀਆਂ ਸਨ। ਬੇਸ਼ਕ ਹੁਣ ਵੀ ਗਾਹੇ-ਬਗਾਹੇ ਏਕਤਾ ਲਈ ਯਤਨ ਹੁੰਦੇ ਰਹੇ ਹਨ ਪਰ ਉਸ ਲਈ ਉਦਮ ਕਰਨ ਵਾਲੇ ਸੱਜਣਾਂ ਦਾ ਤਰੀਕਾਕਾਰ ਅਤੇ ਉਨ੍ਹਾਂ ਦੀ ਭਰੋਸੇਯੋਗਤਾ 'ਤੇ ਵੀ ਸਵਾਲੀਆ ਚਿੰਨ ਸੀ। ਪਿਛਲੇ ਸਮੇਂ ਵਿਚ ਪੰਥਕ ਏਕਤਾ ਕਰਨ ਦੇ ਸਾਰੇ ਯਤਨ ਅਸਫਲ ਹੋਣ ਦੇ ਕਾਰਨ ਪੰਥਕ ਜੁਗਤ ਤੋਂ ਲਾਂਭੇ ਜਾ ਕੇ ਏਕਤਾ ਕਰਨ ਵਜੋਂ ਸਨ। ਏਕਤਾ ਕਰਨ ਦਾ ਇਹ ਅਮਲ ਸਿੱਖ ਸੰਗਤ ਦੇ ਦਬਾਅ ਕਰਕੇ ਕੁਝ ਸਮੇਂ ਲਈ ਹੋ ਵੀ ਜਾਂਦਾ ਸੀ ਅਤੇ ਪਰ ਬਾਅਦ ਵਿਚ ਫੇਰ ਤੋ ਏਕਤਾ ਟੁੱਟ ਜਾਂਦੀ ਸੀ। ਇਸ ਵਾਰ ਏਕਤਾ ਲਈ ਅਰਜੋਈ ਕਰਨ ਵਾਲੀਆਂ ਸ਼ਖਸੀਅਤਾਂ ਉਹ ਹਨ ਜਿਨ੍ਹਾਂ ਨੇ ਸਿੱਖ ਇਤਿਹਾਸ ਵਿਚੋਂ ਪ੍ਰੇਰਨਾ ਲੈ ਕੇ ਨਿਸ਼ਕਾਮ ਸੰਘਰਸ਼ ਕੀਤਾ ਅਤੇ ਕਰ ਰਹੇ ਹਨ। ਇਨ੍ਹਾਂ ਸੰਘਰਸ਼ੀ ਸ਼ਖਸੀਅਤਾਂ ਦੀ ਨੇਕ ਕਮਾਈ 'ਤੇ ਹਰ ਗੁਰਸਿੱਖ ਨੂੰ ਪੂਰਾ ਭਰੋਸਾ ਹੈ, ਜੋ ਪਹਿਲਾਂ ਵੀ ਪੰਥ ਦੀ ਮਾਣ ਬਹਾਲੀ ਲਈ ਲੜੇ ਗਏ ਸੰਘਰਸ਼ ਵਿਚ ਅਹੁਦੇ, ਪਦਵੀਆਂ ਨੂੰ ਠੋਕਰ ਮਾਰਦੇ ਰਹੇ ਅਤੇ ਹੁਣ ਵੀ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਦਾ ਇਹ ਉੱਦਮ ਸਿਰਫ ਪੰਥ ਲਈ ਹੈ ਅਤੇ ਭਵਿੱਖ ਵਿੱਚ ਕੋਈ ਅਹੁਦਾ, ਨੁਮਾਇੰਦਗੀ ਨਹੀਂ ਲੈਣਗੇ। ਪੰਥਕ ਸਫ਼ਾਂ ਵਿਚ ਸਰਗਰਮ ਰਹਿਣ ਕਰਕੇ ਇਨ੍ਹਾਂ ਸ਼ਖਸੀਅਤਾਂ ਨੇ ਇੰਡੀਆ ਅਤੇ ਵਿਦੇਸ਼ੀ ਜੇਲ੍ਹਾਂ ਵਿੱਚ ਦਹਾਕਿਆਂ ਬੱਧੀ ਜੇਲ੍ਹਾਂ ਹੰਢਾਈਆਂ ਹਨ। ਜੇਲ੍ਹਾਂ ਵਿਚੋਂ ਰਿਹਾਅ ਹੁੰਦੇ ਸਾਰ ਫਿਰ ਤੋਂ ਗੁਰੂ ਖਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਯਤਨਸ਼ੀਲ ਹਨ।

ਪੁਰਾਤਨ ਰਵਾਇਤ ਮੁਤਾਬਕ ਸਿੱਖ ਜਥੇ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਬੰਦੀ ਛੋੜ ਦਿਵਸ ਮੌਕੇ ਬੈਠ ਕੇ ਵਿਚਾਰ ਚਰਚਾ ਕਰਦੇ ਸਨ। ਪਿਛਲੇ ਫੈਸਲਿਆਂ ਅਤੇ ਅਗਲੇ ਭਵਿੱਖ ਦੇ ਰਾਹ ਉਲੀਕਦੇ (ਵਿਉਂਤਦੇ) ਸਨ। ਇੱਕ ਦੂਜੇ ਦਾ ਸਹਿਯੋਗ ਦਿੰਦੇ ਸਨ। ਸਿੱਖ ਭਾਈ ਇੱਕ ਮਿਸਲ ਤੋਂ ਦੂਜੀ ਮਿਸਲ ਵਿਚ ਮਿਲਦੇ ਵਿਚਰਦੇ ਰਹਿੰਦੇ ਸਨ। ਨਤੀਜਨ ਆਪਸੀ ਸਤਿਕਾਰ ਅਤੇ ਭਾਵਨਾ ਬਣੀ ਰਹਿੰਦੀ ਸੀ। ਹੁਣ ਆਪਸੀ ਵਿਚਾਰ, ਮੇਲ-ਜੋਲ ਦੀ ਕਾਫੀ ਘਾਟ ਹੈ। ਖਾਲਸਾ ਜੀ ਨੂੰ ਹਰ ਇੱਕ ਧਿਰ ਤੋਂ ਮੁਕਤ ਹੋ ਕੇ ਪੰਥ ਨੂੰ ਉਚੇਰੇ ਥਾਂ ਤੋਂ ਖੜ ਕੇ ਦੇਖਣਾ ਚਾਹੀਦਾ ਹੈ ਅਤੇ ਹਰ ਤਰ੍ਹਾ ਦੀ ਵੰਨਗੀ ਨੂੰ ਸਤਿਕਾਰ ਭਾਵਨੀ ਨਾਲ ਸਮਝਣਾ ਚਾਹੀਦਾ ਹੈ। ਸੰਵਾਦ ਦੀ ਥਾਂ ਦੇਣੀ ਚਾਹੀਦੀ ਹੈ।

ਸੰਘਰਸ਼ੀ ਸ਼ਖਸੀਅਤਾਂ ਦਾ ਉਪਰਾਲਾ ਬਹੁਤ ਵਧੀਆ ਹੈ। 21 ਅਕਤੂਬਰ ਨੂੰ ਸ੍ਰੀ ਅੰਮ੍ਰਿਤਸਰ ਵਿਖੇ ਹੋਣ ਵਾਲੇ ਸੰਵਾਦ ਵਿਚ ਸ਼ਾਮਲ ਹੋਣ ਲਈ ਪੰਥ ਦੇ ਚੜ੍ਹਦੀ ਕਲਾ ਅਤੇ ਭਉ ਭਾਵਨੀ ਵਾਲੇ ਹਿੱਸਿਆਂ ਨੂੰ ਇਸ ਉੱਦਮ ਨੂੰ ਸਲਾਹੁਣ, ਹੋਰ ਸੰਗਤਾਂ ਤੀਕਰ ਲੈ ਜਾਣ ਅਤੇ ਸੰਵਾਦ ਦਾ ਸੱਦਾ ਕਬੂਲ ਕੇ ਜ਼ਰੂਰ ਪਹੁੰਚਣਾ ਚਾਹੀਦਾ ਹੈ। ਪਾਤਿਸਾਹ ਮਿਹਰ ਕਰਨ ਅਸੀਂ ਇਤਿਹਾਸ ਤੋਂ ਸੇਧ ਲੈ ਕੇ ਆਪਣੇ ਅਸਲੀ ਰਾਹ 'ਤੇ ਚੱਲਣ ਲਈ ਯਤਨਸ਼ੀਲ ਹੋ ਸਕੀਏ।

-ਸੰਪਾਦਕ

# ਭਾਰਤ : ਇਕ ਘੇਰਾਬੰਦ ਗਣਤੰਤਰ ਲੋਕਾਂ ਦੀ ਪੀੜਾ ਦਾ ਕਾਰਨ



ਰਣਜੀਤ ਸਿੰਘ ਕੁਕੀ

15 ਅਗਸਤ 1947 ਨੂੰ ਆਪਣੇ ਇਤਿਹਾਸਕ ਭਾਸ਼ਣ ਵਿਚ ਜਵਾਹਰ ਲਾਲ ਨਹਿਰੂ ਨੇ ਕਿਹਾ ਸੀ, 'ਭਾਰਤ ਦੀ ਸੇਵਾ ਦਾ ਅਰਥ ਦੁੱਖ ਹੰਢਾ ਰਹੇ ਲੱਖਾਂ ਲੋਕਾਂ ਦੀ ਸੇਵਾ ਹੈ। ਇਸ ਦਾ ਅਰਥ ਹੈ ਗਰੀਬੀ, ਅਗਿਆਨਤਾ, ਗਰੀਬੀ ਅਤੇ ਮੌਕਿਆਂ ਵਿਚ ਨਾਬਰਾਬਰੀ ਦਾ ਅੰਤ ਕਰਨਾ। ਨਹਿਰੂ ਆਪਣੇ ਵਾਅਦੇ ਵਿਚ ਜਿਸ ਨਾਬਰਾਬਰੀ ਦਾ ਨਹਿਰੂ ਅੰਤ ਕਰਨਾ ਚਾਹੁੰਦਾ ਸੀ, ਪਝੱਤਰ ਵਰ੍ਹਿਆਂ ਬਾਅਦ ਵੀ ਇਸ ਨਾਬਰਾਬਰੀ ਵਿਚ ਵਾਧਾ ਹੀ ਹੋਇਆ ਹੈ।ਸਮੇਂ ਦੇ ਨਾਲ-ਨਾਲ ਲੰਿਗਕ ਨਾਬਰਾਬਰੀ, ਸਮਾਜਿਕ ਨਾਬਰਾਬਰੀ ਵਿਚ ਵਾਧਾ ਹੋਇਆ ਹੈ ਅਤੇ ਲੋਕਤੰਤਰ ਦੀ ਪ੍ਰੀਕਿਰਿਆ ਹੋਰ ਜਿਆਦਾ ਕਮਜ਼ੋਰ ਹੋਈ ਹੈ।

ਗਲੋਬਲ ਦੀਰਘਕਾਲੀਨ ਵਿਕਾਸ ਸੂਚਕ ਅਨੁਸਾਰ ਸਾਰੇ ਹੀ ਦੇਸ਼ਾਂ ਵਿਚ ਜੱਚਾ ਮੌਤ ਦਰ ਸੱਤਰ ਤੋਂ ਹੇਠਾਂ ਹੋਣੀ ਚਾਹੀਦੀ ਹੈ।ਪਰ ਭਾਰਤ ਦੇ 640 ਜ਼ਿਲ੍ਹਿਆਂ ਵਿਚੋਂ 456 ਜ਼ਿਲ੍ਹਿਆਂ ਵਿਚ ਇਹ ਦਰ ਇਕ ਲੱਖ ਦੇ ਪਿੱਛੇ 140 ਤੋਂ ਉੱਪਰ ਹੈ। ਵਿਸ਼ਵ ਆਰਥਿਕ ਫੋਰਮ ਦੁਆਰਾ ਦਿੱਤੇ ਜਾਂਦੇ ਲਿੰਗਿਕ ਪਾੜੇ ਦੇ ਸੂਚਕ ਅਨੁਸਾਰ 2006 ਵਿਚ ਭਾਰਤ ਦੀ ਸਥਿਤੀ 96 ਤੋਂ ਹੇਠਾਂ ਆ 2022 ਵਿਚ 135ਵੇਂ ਨੰਬਰ 'ਤੇ ਪਹੁੰਚ ਗਈ ਹੈ। ਸਿਹਤ ਸੰਭਾਲ ਮਸਲੇ ਵਿਚ ਭਾਰਤ ਦੀ ਪੁਜ਼ੀਸ਼ਨ 2006 ਵਿਚ 103 ਦੇ ਮੁਕਾਬਲਤਨ 2022 ਵਿਚ 155 'ਤੇ ਆ ਗਈ ਹੈ। ਭਾਰਤ ਵਿਚ ਔਰਤਾਂ ਵਿਰੁਧ ਅਪਰਾਧਾਂ ਦੀ ਗਿਣਤੀ ਵੀ 1990 ਤੋਂ 2019 ਦੇ ਵਿਚਕਾਰ ਲਗਾਤਾਰ ਵਧੀ ਹੈ।

2019 ਵਿਚ ਛਪੇ ਇਕ ਲੇਖ ਅਨੁਸਾਰ 1980 ਵਿਆਂ ਦੌਰਾਨ ਸਮਾਨਤਾ ਸੰਬੰਧੀ ਪ੍ਰਾਪਤ ਕੀਤੀਆਂ ਉਪਲਬਧੀਆਂ ਵਿਚ ਉਦਾਰਵਾਦ ਦੀ ਆਮਦ ਤੋਂ ਬਾਅਦ ਗਿਰਾਵਟ ਦਰਜ ਕੀਤੀ ਗਈ ਹੈ। ਇਸ ਲੇਖ ਵਿਚ ਇਹ ਵੀ ਕਿਹਾ ਗਿਆ ਹੈ 1930 ਵਿਚ ਸਿਖਰਲੇ 1 ਪ੍ਰਤੀਸ਼ਤ ਦਾ ਕੁੱਲ ਆਮਦਨ ਦੇ 21 ਪ੍ਰਤੀਸ਼ਤ ਉੱਪਰ ਕਬਜ਼ਾ ਸੀ, 1980 ਵਿਚ 6 ਪ੍ਰਤੀਸ਼ਤ ਅਤੇ 2022 ਵਿਚ ਇਹ 22 ਪ੍ਰਤੀਸ਼ਤ ਹੈ। ਇਸ ਤੋਂ ਇਲਾਵਾ ਹੇਠਲੇ 50 ਪ੍ਰਤੀਸ਼ਤ ਆਮਦਨ ਗਰੁੱਪ ਵਿਚ 1990-2015 ਵਿਚਕਾਰ ਨੱਬੇ ਪ੍ਰਤੀਸ਼ਤ ਤੱਕ ਵਾਧਾ ਹੋਇਆ ਜਦੋਂ ਕਿ ਸਿਖਰਲੇ ਦਸ ਪ੍ਰਤੀਸ਼ਤ ਵਿਚ 435 ਪ੍ਰਤੀਸ਼ਤ ਵਾਧਾ ਦਰਜ ਕੀਤਾ ਗਿਆ। ਆਰਥਿਕ ਵਿਕਾਸ ਵਿਚ ਹਾਸਿਲ ਹੋਏ ਦੀਰਘਕਾਲੀਨ ਨਫ਼ੇ ਨੂੰ ਸਿਹਤ, ਸਿੱਖਿਆ ਅਤੇ ਸਮਾਜਿਕ ਸੁਰੱਖਿਆ ਵਧਾਉਣ ਲਈ ਨਹੀਂ ਖ਼ਰਚਿਆ ਗਿਆ। ਸ਼ੰਕਰ ਅਈਅਰ ਨੇ ਭਾਰਤ ਨੂੰ 'ਘੇਰਾਬੰਦ ਗਣਤੰਤਰ' ਕਿਹਾ ਹੈ। ਸਮਾਜਿਕ ਅਤੇ ਆਰਥਿਕ ਨਾਬਰਾਬਰੀ ਵਧਣ ਕਰਕੇ ਭਾਰਤੀ ਲੋਕਤੰਤਰ ਪੂਰੀ ਤਰਾਂ 'ਘੇਰਾਬੰਦ ਗਣਤੰਤਰ' ਵਿਚ ਤਬਦੀਲ ਹੋ ਰਿਹਾ ਹੈ। ਸੋ, ਜਿਨ੍ਹਾਂ ਨਾਬਰਾਬਰੀਆਂ ਨੂੰ ਨਹਿਰੂ ਖਤਮ ਕਰਨਾ ਚਾਹੁੰਦਾ ਸੀ, ਉਹ ਸਮੇਂ ਦੇ ਨਾਲ ਘਟੀਆਂ ਨਹੀਂ, ਵਧੀਆਂ ਹਨ। ਭਾਰਤ ਵਿਚ ਆਰਥਿਕ ਵਿਕਾਸ ਨੂੰ ਅਸਮਾਨ ਨਤੀਜਿਆਂ ਨਾਲ ਜੋੜਿਆ ਜਾਂਦਾ ਹੈ ਜਿਸ ਨੇ ਖਿੱਤਿਆਂ, ਖੇਤਰਾਂ ਅਤੇ ਲੋਕਾਂ ਵਿਚ ਵੰਡੀਆਂ ਪਾਈਆਂ ਹਨ। 1950-51 ਤੋਂ ਲੈ ਕੇ 2019-20 ਤੱਕ ਖੇਤੀ ਖਿੱਤੇ ਦੇ ਜੀਡੀਪੀ ਵਿਚ ਹਿੱਸੇ ਵਿਚ ਲਗਾਤਾਰ ਗਿਰਾਵਟ ਆਈ ਹੈ ਜੋ ਕਿ 59 ਪ੍ਰਤੀਸ਼ਤ ਤੋਂ ਪੰਦਰਾਂ ਪ੍ਰਤੀਸ਼ਤ ਆ ਗਿਆ ਹੈ।1990 ਵਿਆਂ ਵਿਚ ਆਰਥਿਕ ਉਡਾਣ ਲੈਣ ਤੋਂ ਬਾਅਦ ਆਰਥਿਕ ਨਾਬਰਾਬਰੀ ਵਿਚ ਲਗਾਤਾਰ ਵਾਧਾ ਹੋਇਆ ਹੈ। ਉਦਾਹਰਣ ਵਜੋਂ ਵਿਸ਼ਵ ਨਾਬਰਾਬਰੀ ਰਿਪੋਰਟ 2021 ਵਿਚ ਭਾਰਤ ਬਾਰੇ ਅਨੁਮਾਨ ਲਗਾਇਆ ਗਿਆ ਕਿ ਸਿਖਰਲੇ 1 ਪ੍ਰਤੀਸ਼ਤ ਕੋਲ ਭਾਰਤ ਦੇ ਕੁੱਲ ਧਨ ਦਾ 33 ਪ੍ਰਤੀਸ਼ਤ ਹੈ ਅਤੇ ਸਿਖਰਲੇ 10 ਪ੍ਰਤੀਸ਼ਤ ਕੋਲ ਕੁੱਲ ਧਨ ਦਾ 65 ਪ੍ਰਤੀਸ਼ਤ ਹੈ। ਭਾਰਤ ਵਿਚ ਬੇਕਾਰੀ ਵਿਚ ਲਗਾਤਾਰ ਵਾਧਾ ਹੋਇਆ ਹੈ। ਆਰਥਿਕ ਵਿਕਾਸ ਦੇ ਨਾਲ-ਨਾਲ ਰੋਜ਼ਗਾਰ ਦੇ ਮੌਕੇ ਪੈਦਾ ਨਹੀਂ ਹੋਏ। ਆਰਥਿਕ ਵਿਕਾਸ ਨੂੰ ਤਾਂ ਹੀ ਅਰਥਪੂਰਨ ਵਿਕਾਸ ਮੰਨਿਆ ਜਾ ਸਕਦਾ ਹੈ ਜੇਕਰ ਇਹ ਲੋਕਾਂ ਦੇ ਰਹਿਣ-ਸਹਿਣ ਦੇ ਪੱਧਰ ਵਿਚ ਸੁਧਾਰ ਕਰੇ।

ਇਹ ਸਮਝਣਾ ਵੀ ਬਹੁਤ ਜਰੂਰੀ ਹੈ ਕਿ ਰੋਜ਼ਗਾਰ ਸਿਰਫ਼ ਵਿਕਾਸ ਦਾ ਹੀ ਸੋਮਾ ਨਹੀਂ ਬਲਕਿ ਲੋਕਾਂ ਵਿਚ ਗਤੀਸ਼ੀਲਤਾ ਪੈਦਾ ਕਰਨ ਲਈ ਵੀ ਬਹੁਤ ਜਰੂਰੀ ਹੈ ਜੋ ਕਿ ਵਿਕਾਸ ਦਾ ਭਰਪੂਰ ਸੋਮਾ ਬਣਦਾ ਹੈ। ਸੰਸਦ ਵਿਚ 16 ਦਿਨ ਚੱਲੀ ਅਜ਼ਾਦੀ ਸੰਬੰਧੀ ਬਹਿਸ ਨੇ ਜਵਾਹਰ ਲਾਲ ਨਹਿਰੂ ਅਤੇ ਸ਼ਿਆਮਾ ਪ੍ਰਸਾਦ ਮੁਖਰਜੀ ਨੂੰ ਆਹਮੋ-ਸਾਹਮਣੇ ਖੜ੍ਹਾ ਕਰ ਦਿੱਤਾ। ਉਸ ਦੀਆਂ ਗੂੰਜਾਂ ਅੱਜ ਵੀ ਭਾਰਤ ਨੂੰ ਜ਼ਖਮ ਦਿੰਦੀਆਂ ਹਨ। ਸੰਸਦ ਦਾ ਮੂਡ ਗੰਭੀਰ ਸੀ। 29 ਮਈ 1951 ਨੂੰ ਇਸ ਬਹਿਸ ਦੇ ਚੌਂਦਵੇਂ ਦਿਨ ਸੰਵਿਧਾਨ ਵਿਚ ਪਹਿਲਾ ਸੰਸ਼ੋਧਨ ਕੀਤਾ ਗਿਆ। ਸੰਸਦ ਹਾਲ ਵਿਚ ਮੇਜ ਉੱਪਰ ਹੱਥ ਮਾਰਦੇ ਸੰਸਦ ਮੈਂਬਰਾਂ ਦੀਆਂ ਗੂੰਜਾਂ ਦੂਰ ਤੱਕ ਸੁਣੀਆਂ ਜਾ ਸਕਦੀਆਂ ਸਨ। ਬੋਲਣ ਦੀ ਅਜ਼ਾਦੀ ਦਾਅ 'ਤੇ ਲੱਗੀ ਹੋਈ ਸੀ। ਦੋ ਹਫਤਿਆਂ ਤੱਕ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਬੋਲਣ ਦੀ ਅਜ਼ਾਦੀ ਦੀ ਧਾਰਾ ਵਿਚ ਤਬਦੀਲੀ ਕਰਨ ਦੀ ਵਕਾਲਤ ਕਰ ਰਿਹਾ ਹੈ, ਜੋ, ਉਸ ਦੇ ਮੁਤਾਬਕ, ਬਹੁਤ ਲੋੜੀਂਦੀ ਸੀ। ਪਰ ਜਿਨ੍ਹਾਂ ਤਬਦੀਲੀਆਂ ਦੀ ਉਸ ਨੇ ਗੱਲ ਕੀਤੀ, ਉਹ ਬਹੁਤ ਹੀ ਛੋਟੀਆਂ ਅਤੇ ਸਾਧਾਰਣ ਸਨ, ਪਰ ਉਹ ਉਸ ਅਜ਼ਾਦੀ ਨੂੰ ਸੈਂਸਰ ਕਰ ਸਕਦੀਆਂ ਸਨ ਜੋ ਮਹਿਜ਼ 46 ਮਹੀਨੇ ਪਹਿਲਾਂ ਹੀ ਭਾਰਤ ਨੂੰ ਹਾਸਿਲ ਹੋਈ ਸੀ।

ਸੰਸਦ ਦੇ ਹਾਲ ਵਿਚ ਨਹਿਰੂ ਨੇ ਜੋਸ਼ੀਲੇ ਢੰਗ ਨਾਲ ਕਿਹਾ ਕਿ 'ਸੰਸਾਰ ਵਿਚ ਹਰ ਅਜ਼ਾਦੀ ਦੀ ਆਪਣੀ ਇਕ ਸੀਮਾ ਹੁੰਦੀ ਹੈ' ਅਤੇ ਬਹਿਸ ਕੀਤੀ ਕਿ ਪ੍ਰੈਸ ਉੱਪਰ ਕਿਉਂ ਪਾਬੰਦੀਆਂ ਲੱਗਣੀਆਂ ਚਾਹੀਦੀਆਂ ਹਨ। ਉਸ ਦਾ ਕਹਿਣਾ ਸੀ ਕਿ ਅਗਰ ਪ੍ਰੈਸ ਅਜ਼ਾਦੀ ਦਾ ਅਨੁਭਵ ਕਰਨਾ ਚਾਹੁੰਦੀ ਹੈ ਤਾਂ ਇਸ ਕੋਲ ਦਿਮਾਗ ਦਾ ਸੰਤੁਲਨ ਹੋਣਾ ਬਹੁਤ ਜਰੂਰੀ ਹੈ। 'ਇਹ ਨਹੀਂ ਹੋ ਸਕਦਾ ਕਿ ਉਹ ਸੰਤੁਲਨ ਵੀ ਨਾ ਰੱਖਣ ਅਤੇ ਅਜ਼ਾਦੀ ਵੀ ਚਾਹੁਣ।' ਸਮਾਂ ਪੈਣ ਨਾਲ ਵਿਸ਼ਵ ਪ੍ਰੈਸ ਸੂਚਕ ਵਿਚ ਭਾਰਤ ਦਾ ਸਥਾਨ 180 ਦੇਸ਼ਾਂ ਵਿਚੋਂ 150ਵਾਂ ਹੋ ਗਿਆ ਹੈ। 18 ਜੂਨ 1951 ਨੂੰ 228 ਹਾਂ, 20 ਨਾਂਹ ਅਤੇ 50 ਗੈਰਹਾਜ਼ਰੀਆਂ ਨਾਲ ਸੰਸ਼ੋਧਨ ਨੂੰ ਪਾਸ ਕਰ ਦਿੱਤਾ ਗਿਆ। ਨਹਿਰੂ ਜਿੱਤ ਗਿਆ, ਪਰ ਇਹ ਉਹ ਦਿਨ ਸੀ ਜਦੋਂ ਭਾਰਤ ਲਈ ਅਜ਼ਾਦੀ ਦਾ ਦਰਵਾਜ਼ੇ ਗੁਆਚ ਗਿਆ। ਸਲਮਾਨ ਰਸ਼ਦੀ ਦੇ 'ਦ ਸੈਟੇਨਿਕ ਵਰਸਜ਼' ਤੋਂ ਲੈ ਕੇ ਐਮ ਐਫ ਹੁਸੈਨ ਦੀਆਂ ਪੇਟਿੰਗਾਂ ਤੱਕ, ਲੀਨਾ ਮਨੀਮਕਲਾਈ ਦੁਆਰਾ ਕਾਲੀ ਦੀ ਵਿਆਖਿਆ ਤੋਂ ਲੈ ਕੇ ਮੁਹੰਮਦ ਜ਼ੁਬੈਰ ਦੇ ਟਵੀਟਾਂ ਤੱਕ, ਕਨ੍ਹੀਆ ਕੁਮਾਰ ਦੇ ਭਾਸ਼ਣਾਂ ਤੋਂ ਲੈ ਕੇ ਪ੍ਰਸ਼ਾਂਤ ਭੂਸ਼ਣ ਦੁਆਰਾ ਮੁੱਖ ਜੱਜ ਦੀ ਆਲੋਚਨਾ ਤੱਕ, ਬੋਲਣ ਦੀ ਅਜ਼ਾਦੀ ਦੇ ਅਧਿਕਾਰ ਉੱਪਰ ਲਗਾਤਾਰ ਬਹਿਸ ਹੋ ਰਹੀ ਹੈ।ਜਦੋਂ ਤੱਕ ਅਦਾਲਤ ਵਿਚ ਸਾਬਤ ਨਹੀਂ ਸੀ ਹੋ ਜਾਂਦਾ, ਕਿਸੇ ਨੂੰ ਵੀ ਉਨ੍ਹਾਂ ਦੀਆਂ ਗਤੀਵਿਧੀਆਂ ਲਈ ਜੇਲ੍ਹ ਵਿਚ ਨਹੀਂ ਸੀ ਸੁੱਟਿਆ ਜਾ ਸਕਦਾ। ਪਰ ਸੰਸ਼ੋਧਨ ਨੇ ਇਹ ਕਾਨੂੰਨ ਵਾਪਿਸ ਲੈ ਆਂਦੇ। ਹੁਣ ਤਾਂ ਤਖਤਾ ਪਲਟਣਾ ਤਾਂ ਦੂਰ, ਅਗਰ ਸਰਕਾਰ ਕਿਸੇ ਵਿਅਕਤੀ ਦੀਆਂ ਗਤੀਵਿਧੀਆਂ ਨੂੰ ਸਟੇਟ ਦੀ ਸੁਰੱਖਿਆ ਦੇ ਵਿਰੁੱਧ ਮੰਨਦੀ ਹੈ ਤਾਂ ਉਸ ਨੂੰ ਸਜਾ ਦਿੱਤੀ ਜਾ ਸਕਦੀ ਹੈ। ਦੁਖਾਂਤ ਇਹ ਹੈ ਕਿ ਭਾਰਤ ਵਿਚ ਕਦੇ ਵੀ ਪੂਰਨ ਰੂਪ ਵਿਚ ਅਜ਼ਾਦੀ ਨਹੀਂ ਰਹੀ। 200 ਸਾਲਾਂ ਬ੍ਰਿਟਿਸ਼ ਗੁਲਾਮੀ ਦਾ ਜੂਲਾ ਗਲੋਂ ਲਾਹ ਕੇ ਭਾਰਤ ਦਾ ਆਪਣਾ ਸੰਵਿਧਾਨ ਬਣਾਉਣਾ ਇਕ ਮੀਲ ਪੱਥਰ ਸੀ। ਇਸ ਵਿਚ ਮੁੱਖ ਰੂਪ ਵਿਚ ਬੁਨਿਆਦੀ ਅਧਿਕਾਰ ਜਿਵੇਂ ਬੋਲਣ ਦੀ ਅਜ਼ਾਦੀ ਨੂੰ ਆਰਟੀਕਲ 19(1) ਦੇ ਤਹਿਤ ਰੱਖਿਆ ਗਿਆ ਸੀ। ਇਸ ਦਾ ਸੰਸਦ ਮੈਂਬਰਾਂ ਨੇ ਗਰਮਜੋਸ਼ੀ ਨਾਲ ਸਵਾਗਤ ਕੀਤਾ ਉਨ੍ਹਾਂ ਵਿਚੋਂ ਆਪ ਕਈ ਕਿਸੇ ਸਮੇਂ ਬ੍ਰਿਟਿਸ਼ ਰਾਜ ਦੇ ਦਮਨ ਦਾ ਸ਼ਿਕਾਰ ਰਹੇ ਸਨ। ਨਹਿਰੂ ਤਾਨਾਸ਼ਾਹ ਰਾਜਨੇਤਾ ਸੀ, ਉਹ ਚੋਣਾਂ ਜਿੱਤਣਾ ਚਾਹੁੰਦਾ ਸੀ ਭਾਵੇਂ ਉਸ ਦੀ ਮੰਸ਼ਾ ਉਸ ਸਮੇਂ ਗਲਤ ਨਹੀਂ ਸੀ, ਪਰ ਉਸ ਦਾ ਨਜ਼ਰੀਆ ਸਹੀ ਨਹੀਂ ਸੀ। ਉਹ ਆਲੋਚਨਾ ਨੂੰ ਇਸ ਵਿਚ ਸ਼ਾਮਲ ਨਾ ਕਰ ਸਕਿਆ। ਉਸ ਨੇ ਹੋਰ ਸਾਰੇ ਸ਼ਕਤੀਸ਼ਾਲੀ ਨੇਤਾਵਾਂ ਨੂੰ ਲਾਂਭੇ ਕਰ ਦਿੱਤਾ ਅਤੇ ਉਸ ਤੋਂ ਬਾਅਦ ਆਉਣ ਵਾਲੇ ਪ੍ਰਧਾਨ ਮੰਤਰੀਆਂ ਨੇ ਵੀ ਉਸੇ ਦਾ ਹੀ ਰਾਹ ਅਖਤਿਆਰ ਕੀਤਾ।

1951 ਵਿਚ ਸੰਸਦ ਵਿਚ ਸੌਲ੍ਹਾਂ ਦਿਨਾਂ ਵਿਚ ਜੋ ਵਾਪਰਿਆ ਉਸ ਦੀਆਂ ਜੜ੍ਹਾਂ ਸਾਡੇ ਸਮਾਜ ਵਿਚ ਹੋਰ ਡੂੰਘੀਆਂ ਹੋ ਗਈਆਂ ਹਨ। ਮਈ 2022 ਵਿਚ ਜਦੋਂ ਦਿੱਲੀ ਯੂਨੀਵਰਸਿਟੀ ਦੇ ਪ੍ਰੋਫੈਸਰ ਰਤਨ ਲਾਲ ਨੇ ਗਿਆਨਵਾਪੀ ਮਸਜਿਦ ਵਿਚ ਕਥਿਤ ਤੌਰ 'ਤੇ ਮੌਜੂਦ ਸ਼ਿਵਲਿੰਗ ਨੂੰ ਸਿਲੰਡਰੀ ਢਾਂਚਾ ਜਿਹਾ ਤਾਂ ਉਸ ਨੂੰ ਹਿੰਦੂ ਸਮੂਹਾਂ ਦੀ ਸ਼ਿਕਾਇਤ ਉੱਪਰ ਗ੍ਰਿਫ਼ਤਾਰ ਕਰ ਲਿਆ ਗਿਆ। ਜਦੋਂ ਨੂਪੁਰ ਸ਼ਰਮਾ ਦਾ ਮੁਹੰਮਦ ਬਾਰੇ ਬਿਆਨ ਵਾਇਰਲ ਹੋਇਆ ਤਾਂ ਉਸ ਵਿਰੁੱਧ ਧਾਰਾ 153 ਏ ਲਗਾਉਣ ਦੀ ਮੰਗ ਕੀਤੀ ਗਈ। ਤੁਰਕੀ ਦੇ ਪੱਤਰਕਾਰ ਏਸ ਤੇਮਲਕੁਰਨ ਨੇ ਕੁਝ ਨੁਕਤਿਆਂ ਉੱਪਰ ਵਿਚਾਰ ਕੀਤਾ ਕਿ ਕਿਵੇਂ ਕੋਈ ਦੇਸ਼ ਆਪਣੇ ਆਪ ਨੂੰ ਗੁਆ ਲੈਂਦਾ ਹੈ। ਉਸ ਮਿੱਥ ਅਤੇ ਕਹਾਣੀ ਦੀ ਸਿਰਜਣਾ ਕਰਨਾ ਜਿਸ ਨੂੰ ਲੋਕਾਂ ਦੀ ਅਸਲ ਜ਼ਿੰਦਗੀ ਨਾਲ ਸੰਬੰਧਿਤ ਦੱਸਿਆ ਜਾਵੇ ਅਤੇ ਉਸ ਦੇਸ਼ ਦੇ ਅਸਲ ਮਾਲਕਾਂ ਨੂੰ ਹਾਸ਼ੀਆਗ੍ਰਸਤ ਕਰ ਦਿੱਤਾ ਜਾਵੇ।

2. ਇਸ ਤੋਂ ਬਾਅਦ ਤਰਕ ਉੱਪਰ ਹਮਲਾ ਕੀਤਾ ਜਾਂਦਾ ਹੈ ਅਤੇ ਭਾਸ਼ਾ ਨੂੰ ਇਕ ਨਵਾਂ ਜਾਮਾ ਪਹਿਨਾਇਆ ਜਾਂਦਾ ਹੈ ਜਿਸ ਨੂੰ ਭੜਕਾਊ ਨਾਹਰਿਆਂ ਰਾਹੀਂ ਲੋਕਾਂ ਉੱਪਰ ਥੋਪਿਆ ਜਾਂਦਾ ਹੈ।

3. ਨੇਤਾ ਸਭ ਸੰਗ ਸ਼ਰਮ ਨੂੰ ਛੱਡ ਕੇ ਆਪਣੇ ਸਮਰਥਕਾਂ ਨੂੰ ਆਪਣੇ ਰਾਹ ਉੱਪਰ ਚੱਲਣ ਲਈ ਹੀ ਕਹਿੰਦੇ ਹਨ।

4. ਉਨ੍ਹਾਂ ਸਾਰੀਆਂ ਸੰਸਥਾਵਾਂ ਨੂੰ ਤਬਾਹ ਕਰ ਦੇਣਾ ਜੋ ਕਿ ਕਾਰਜਕਾਰੀ ਸ਼ਕਤੀਆਂ ਵਿਚ ਸੰਤੁਲਨ ਬਣਾਈ ਰੱਖਣ ਲਈ ਜ਼ਿੰਮੇਵਾਰ ਹੁੰਦੀਆਂ ਹਨ।

5. ਨਵੇਂ ਨਾਗਰਿਕਾਂ ਨੂੰ ਤਿਆਰ ਕਰਨਾ ਜੋ ਕਿ ਇਤਿਹਾਸ ਦੇ 'ਬੋਝ' ਨੂੰ ਆਪਣੇ ਮੋਢਿਆਂ ਤੋਂ ਉਤਾਰ ਕੇ ਚੱਲਦੇ ਹਨ।

6. ਸਾਰੇ ਤਰਕਪੂਰਨ ਅਤੇ ਧਰਮ ਨਿਰਪੱਖ ਲੋਕਾਂ ਨੂੰ ਮਹੱਤਵਹੀਣ ਕਰ ਦੇਣਾ ਜਿੱਥੇ ਉਹ ਆਪਣੇ ਦੇਸ਼ ਦੀ ਸਥਿਤੀ ਉੱਪਰ ਸਿਰਫ਼ ਹੱਸ ਹੀ ਸਕਦੇ ਹਨ।

7. ਨਵੇਂ ਸੱਤਾਧਾਰੀ ਆਪਣੇ ਵਿਰੁੱਧ ਕਿਸੇ ਵੀ ਕਿਸਮ ਦੇ ਵਿਰੋਧ ਨੂੰ ਦਬਾ ਕੇ ਚੱਲਦੇ ਹਨ।

ਬੀ.ਆਰ. ਅੰਬੇਦਕਰ ਨੇ 1954 ਵਿਚ ਸੰਸਦ ਵਿਚ ਆਪਣੇ ਭਾਸ਼ਣ ਦੌਰਾਨ ਕਿਹਾ ਸੀ ਕਿ ਅਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਜਿਉਂਦਾ ਰੱਖਣਾ ਜਰੂਰੀ ਹੈ ਕਿਉਂ ਕਿ ਇਹ ਹੀ ਲੋਕਤੰਤਰ ਨੂੰ ਸਿਹਤਮੰਦ ਰੱਖ ਸਕਦੀਆਂ ਹਨ। ਸਰਦਾਰ ਪਟੇਲ ਨੇ ਕਿਹਾ ਸੀ ਕਿ ਭਾਰਤੀਆਂ ਨੂੰ ਰਸਤਾ ਦਿਖਾਉਣ ਦੀ ਪ੍ਰੇਰਣਾ ਥੱਲਿਓਂ ਆਉਣ ਦੀ ਬਜਾਏ ਉੱਪਰੋਂ ਆਉਂਦੀ ਹੈ ਅਤੇ ਜਿੰਨੀ ਦੇਰ ਵਿਕਾਸ ਬਿਲਕੁਲ ਹੇਠਲੇ ਪੱਧਰ ਤੱਕ ਨਹੀਂ ਹੁੰਦਾ ਉਦੋਂ ਤੱਕ ਸਭ ਕੁਝ ਢਹਿ-ਢੇਰੀ ਹੋਣ ਦਾ ਖਤਰਾ ਬਣਿਆ ਰਹੇਗਾ। ਤੁਰਕੀ ਦੇ ਪੱਤਰਕਾਰ ਦੀ ਹੀ ਤਰਾਂ ਅੰਬੇਦਕਰ ਦਾ ਵੀ ਮੰਨਣਾ ਸੀ ਕਿ ਲੋਕਤੰਤਰ ਨੂੰ ਬਚਾਈ ਰੱਖਣ ਲਈ ਨਾਬਰਾਬਰੀ ਨੂੰ ਖਤਮ ਕਰਨਾ ਜਰੂਰੀ ਹੈ ਅਤੇ ਮਜ਼ਬੂਤ ਵਿਰੋਧੀ ਧਿਰ, ਸੰਵਿਧਾਨ ਦੀ ਪਾਲਣਾ, ਨੈਤਿਕਤਾ ਅਤੇ ਘੱਟਗਿਣਤੀਆਂ ਉੱਪਰ ਬਹੁ-ਗਿਣਤੀਆਂ ਦਾ ਹਮਲਾ ਰੁਕਣਾ ਬਹੁਤ ਜ਼ਰੂਰੀ ਹੈ।

# ਨਸ਼ੇ ਕਾਰਨ ਸਭ ਤੋਂ ਵੱਧ ਮੌਤਾਂ ਦੇ ਮਾਮਲੇ 'ਚ ਪੰਜਾਬ ਭਾਰਤ 'ਚ ਤੀਜੇ ਸਥਾਨ 'ਤੇ



ਵਿਸ਼ੇਸ਼ ਰਿਪੋਰਟ
ਕਮਲਜੀਤ ਸਿੰਘ ਬਨਵੈਤ
ਮੋਬਾ. : 98147-34035

ਪੰਜਾਬ ਦੀਆਂ ਸਰਕਾਰਾਂ ਨੇ ਖਾਲੀ ਖਜ਼ਾਨਾ ਭਰਨ ਲਈ ਸ਼ਰਾਬ ਦੇ ਕਾਰੋਬਾਰ 'ਤੇ ਟੇਕ ਲਾ ਰੱਖੀ ਹੈ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਨੇ ਤਾਂ ਹੱਦ ਕਰ ਦਿੱਤੀ ਸੀ, ਜਦੋਂ ਕੋਵਿਡ ਮਹਾਂਮਾਰੀ ਦੌਰਾਨ ਆਮ ਵਰਤੋਂ ਦੀਆਂ ਦੁਕਾਨਾਂ ਦੇ ਖੋਲ੍ਹਣ ਦਾ ਸਮਾਂ ਨਿਰਧਾਰਤ ਕਰ ਦਿੱਤਾ ਗਿਆ, ਪਰ ਠੇਕੇ ਸਵੇਰੇ ਸਾਝਰੇ ਤੋਂ ਦੇਰ ਰਾਤ ਤੱਕ ਖੁੱਲ੍ਹੇ ਰੱਖਣ ਦੀ ਛੋਟ ਦੇ ਦਿੱਤੀ ਗਈ। ਅਕਾਲੀ-ਭਾਜਪਾ ਸਰਕਾਰ ਦੇ 10 ਸਾਲਾਂ ਦੇ ਸ਼ਾਸਨ ਦੌਰਾਨ ਸ਼ਰਾਬ ਦੇ ਕਾਰੋਬਾਰ ਵਿਚ 70 ਫ਼ੀਸਦੀ ਵਾਧਾ ਹੋਇਆ। ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਦੀ ਸ਼ਰਾਬ ਨੀਤੀ ਵੀ ਵਿਵਾਦਾਂ ਵਿਚ ਘਿਰ ਗਈ ਹੈ। ਬਾਵਜੂਦ ਇਸ ਦੇ ਸ਼ਰਾਬ ਦਾ ਗੈਰ-ਕਾਨੂੰਨੀ ਧੰਦਾ ਰੁਕ ਨਹੀਂ ਸਕਿਆ। ਤਤਕਾਲੀ ਕਾਂਗਰਸ ਦੇ ਸ਼ਾਸਨ ਕਾਲ ਦੌਰਾਨ ਪੰਜਾਬ ਵਿਚ ਸ਼ਰਾਬ ਦੀਆਂ ਅੱਧੀ ਦਰਜਨ ਗੈਰ ਕਾਨੂੰਨੀ ਫੈਕਟਰੀਆਂ ਫੜੀਆਂ ਗਈਆਂ ਸਨ, ਜਿਨ੍ਹਾਂ ਦੇ ਵਧੇਰੇ ਕਰਕੇ ਮਾਲਕ ਹਾਕਮ ਧਿਰ ਨਾਲ ਸੰਬੰਧ ਰੱਖਣ ਵਾਲੇ ਵਿਅਕਤੀ ਹੀ ਨਿਕਲੇ। ਹੈਰਾਨੀ ਹੁੰਦੀ ਹੈ ਇਹ ਸੋਚ ਕੇ ਕਿ ਸੂਬੇ ਵਿਚ ਗੈਰ-ਕਾਨੂੰਨੀ ਫੈਕਟਰੀਆਂ ਦਾ ਏਨਾ ਵੱਡਾ ਜਾਲ ਵਿਛਾਉਣ ਲਈ ਕਿੰਨੇ ਸਾਲ ਲੱਗੇ ਹੋਣਗੇ? ਕੀ ਇਹ ਮੰਨ ਲਿਆ ਜਾਵੇ ਕਿ ਇਸ ਸਮੇਂ ਦੌਰਾਨ ਸੂਬੇ ਦੇ ਹਾਕਮਾਂ ਨੇ ਅੱਖਾਂ ਬੰਦ ਕਰੀ ਰੱਖੀਆਂ ਜਾਂ ਫਿਰ ਕਾਂਗਰਸ ਅਤੇ ਅਕਾਲੀਆਂ ਨੇ ਆਪਣੇ ਰਾਜ ਵਿਚ ਇਕ-ਦੂਜੇ ਨੂੰ ਗੈਰ-ਕਾਨੂੰਨੀ ਧੰਦੇ ਤੋਂ ਵਰਜਿਆ ਹੀ ਨਹੀਂ। ਪੰਜਾਬ ਵਿਚ ਮਹਿੰਗੀ ਸ਼ਰਾਬ ਦੀਆਂ ਬੋਤਲਾਂ ਵਿਚ ਜਾਅਲੀ ਅਤੇ ਜ਼ਹਿਰੀਲੀ ਸ਼ਰਾਬ ਪਾ ਕੇ ਵੇਚਣ ਦਾ ਧੰਦਾ ਵੀ ਕਿਸੇ ਤੋਂ ਲੁਕਿਆ ਨਹੀਂ। ਇਕ ਜਾਣਕਾਰੀ ਅਨੁਸਾਰ ਪੰਜਾਬ ਵਿਚ ਇਕ ਸਾਲ ਦੌਰਾਨ ਏਨੀ ਸ਼ਰਾਬ ਵਿਕਦੀ ਹੈ, ਜਿੰਨਾ ਚੰਡੀਗੜ੍ਹ ਦੀ ਕੰਢਿਆਂ ਤੱਕ ਭਰੀ ਸੁਖਨਾ ਝੀਲ ਦਾ ਪਾਣੀ।

ਇਕ ਤਾਜ਼ਾ ਰਿਪੋਰਟ ਅਨੁਸਾਰ ਮੁਲਕ ਭਰ ਵਿਚੋਂ ਜ਼ਹਿਰੀਲੀ ਸ਼ਰਾਬ ਪੀਣ ਨਾਲ ਉੱਤਰ ਪ੍ਰਦੇਸ਼ ਤੋਂ ਬਾਅਦ ਸਭ ਤੋਂ ਵੱਧ ਮੌਤਾਂ ਪੰਜਾਬ ਵਿਚ ਹੋ ਰਹੀਆਂ ਹਨ। ਬੀਤੇ ਸਾਲ ਦੌਰਾਨ ਜ਼ਹਿਰੀਲੀ ਸ਼ਰਾਬ ਨਾਲ 127 ਮੌਤਾਂ ਹੋਈਆਂ। ਇਹ ਉਹ ਅੰਕੜੇ ਹਨ ਜਿਹੜੇ ਪੁਲਿਸ ਦੇ ਰਿਕਾਰਡ ਵਿਚ ਦਰਜ ਹਨ। ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ ਨੇ ਇਕ ਹੋਰ ਕੌੜਾ ਸੱਚ ਸਾਹਮਣੇ ਲਿਆਂਦਾ ਹੈ ਕਿ ਨਸ਼ੇ ਦੀ ਓਵਰਡੋਜ਼ ਨਾਲ ਮੁਲਕ ਭਰ ਵਿਚੋਂ ਸਭ ਤੋਂ ਵੱਧ ਮੌਤਾਂ ਹੋਣ ਦੇ ਮਾਮਲੇ ਵਿਚ ਪੰਜਾਬ ਤੀਜੇ ਸਥਾਨ 'ਤੇ ਆਉਂਦਾ ਹੈ। ਪੰਜਾਬ ਵਿਚ ਨਕਲੀ ਸ਼ਰਾਬ ਦੇ ਕਾਰੋਬਾਰ ਕਾਰਨ ਸੂਬੇ ਨੂੰ 5600 ਕਰੋੜ ਦਾ ਸਾਲਾਨਾ ਨੁਕਸਾਨ ਹੋ ਰਿਹਾ ਹੈ। ਪੰਜਾਬ ਦੀ ਕੈਪਟਨ ਸਰਕਾਰ ਨੇ ਆਪਣੇ ਰਾਜ ਦੇ ਆਖ਼ਰੀ ਸਾਲ ਦੌਰਾਨ ਸ਼ਰਾਬ ਤੋਂ 700 ਕਰੋੜ ਦੇ ਮਾਲੀਏ ਦਾ ਟੀਚਾ ਮਿੱਥਿਆ ਸੀ ਜਦਕਿ ਆਮ ਆਦਮੀ ਪਾਰਟੀ ਦੀ ਸਰਕਾਰ 800 ਕਰੋੜ ਦਾ ਨਿਸ਼ਾਨਾ ਰੱਖੀ ਬੈਠੀ ਹੈ। 'ਆਪ' ਸਰਕਾਰ ਮਾਰਚ ਵਿਚ ਬਣੀ ਸੀ ਅਤੇ ਉਸ ਤੋਂ ਬਾਅਦ ਤਿੰਨ ਮਹੀਨਿਆਂ ਲਈ 10 ਫੀਸਦੀ ਮਾਲੀਆ ਵਧਾਉਣ ਦੀ ਸ਼ਰਤ 'ਤੇ ਠੇਕਿਆਂ ਦੀ ਮਿਆਦ ਅੱਗੇ ਵਧਾ ਦਿੱਤੀ ਗਈ ਸੀ। ਪੰਜਾਬ ਵਿਚ ਪਿਛਲੇ ਸਾਲ ਠੇਕਿਆਂ ਦੀ ਗਿਣਤੀ 6000 ਦੇ ਕਰੀਬ ਦੱਸੀ ਗਈ ਸੀ ਅਤੇ ਦੇਸੀ ਸ਼ਰਾਬ ਦਾ ਕੋਟਾ 693 ਲੱਖ ਪਰੂਫ ਲੀਟਰ, ਅੰਗਰੇਜ਼ੀ ਸ਼ਰਾਬ ਦਾ 277 ਲੱਖ ਪਰੂਫ ਲੀਟਰ ਅਤੇ ਬੀਅਰ ਦਾ 302 ਲੱਖ ਪਰੂਫ ਲੀਟਰ ਮਿੱਥਿਆ ਗਿਆ ਸੀ।

ਅੰਕੜੇ ਬੋਲਦੇ ਹਨ ਕਿ ਸਾਲ 2021 ਦੌਰਾਨ ਜ਼ਹਿਰੀਲੀ ਜਾਂ ਮਿਲਾਵਟੀ ਸ਼ਰਾਬ ਦੇ 708 ਕੇਸ ਸਾਹਮਣੇ ਆਏ ਸਨ ਤੇ 782 ਲੋਕਾਂ ਦੀ ਜਾਨ ਗਈ ਸੀ। ਸਭ ਤੋਂ ਵੱਧ ਉੱਤਰ ਪ੍ਰਦੇਸ਼ ਵਿਚ 137 ਮੌਤਾਂ ਹੋਈਆਂ ਹਨ ਅਤੇ ਪੰਜਾਬ ਵਿਚ 127 ਲੋਕਾਂ ਦੀ ਜਾਨ ਗਈ ਸੀ। ਚਿੰਤਾ ਦੀ ਗੱਲ ਇਹ ਹੈ ਕਿ ਉੱਤਰ ਪ੍ਰਦੇਸ਼, ਪੰਜਾਬ ਨਾਲੋਂ ਖੇਤਰਫ਼ਲ ਅਤੇ ਆਬਾਦੀ ਦੇ ਪੱਖੋਂ ਕਈ ਗੁਣਾ ਵੱਡਾ ਹੈ, ਜਦਕਿ ਮੌਤਾਂ ਦੀ ਗਿਣਤੀ ਵਿਚ ਸਿਰਫ਼ 10 ਫੀਸਦੀ ਦਾ ਹੀ ਫ਼ਰਕ ਹੈ। ਮੱਧ ਪ੍ਰਦੇਸ਼ ਵਿਚ 108 ਅਤੇ ਕਰਨਾਟਕ ਵਿਚ 104 ਲੋਕਾਂ ਦੀ ਜ਼ਹਿਰੀਲੀ ਸ਼ਰਾਬ ਨੇ ਬਲੀ ਲਈ ਸੀ। ਰਿਪੋਰਟ ਵਿਚ ਇਸ ਗੱਲ ਦਾ ਜ਼ਿਕਰ ਵਿਸ਼ੇਸ਼ ਤੌਰ 'ਤੇ ਕੀਤਾ ਗਿਆ ਹੈ ਕਿ ਪੰਜਾਬ ਵਿਚ ਨਸ਼ੇ ਦੀ ਓਵਰਡੋਜ਼ ਲੈਣ ਨਾਲ 78 ਲੋਕ ਮੌਤ ਦੇ ਮੂੰਹ ਵਿਚ ਗਏ ਹਨ, ਜਦਕਿ ਭਾਰਤ ਭਰ ਵਿਚ ਮੌਤਾਂ ਦੀ ਗਿਣਤੀ 737 ਹੈ।

ਰਿਪੋਰਟ ਵਿਚ ਇਕ ਰਾਹਤ ਦੀ ਗੱਲ ਵੀ ਦੱਸੀ ਗਈ ਹੈ ਕਿ 2020 ਦੇ ਮੁਕਾਬਲੇ 2021 ਵਿਚ ਖ਼ੁਦਕੁਸ਼ੀਆਂ ਕਰਨ ਦੇ ਕੇਸਾਂ ਦੀ ਗਿਣਤੀ ਇਕ ਫ਼ੀਸਦੀ ਹੇਠਾਂ ਆਈ ਹੈ। ਪਿਛਲੇ ਸਾਲ ਪੰਜਾਬ ਵਿਚ 2600 ਲੋਕਾਂ ਨੇ ਖ਼ੁਦਕੁਸ਼ੀ ਕੀਤੀ, ਜਿਨ੍ਹਾਂ ਵਿਚੋਂ 464 ਬਿਮਾਰੀ ਕਰਕੇ, 1095 ਘੋਰ ਉਦਾਸੀ ਕਰਕੇ ਅਤੇ 83 ਵੱਧ ਮਾਤਰਾ ਵਿਚ ਨਸ਼ਾ ਲੈਣ ਦੀ ਵਜ੍ਹਾ ਕਰਕੇ ਮੌਤ ਦੇ ਮੂੰਹ ਵਿਚ ਜਾ ਪਏ ਸਨ।

ਸੂਬੇ ਵਿਚ ਸ਼ਰਾਬ ਦਾ ਧੰਦਾ ਆਮ ਤੌਰ 'ਤੇ ਸਿਆਸਤਦਾਨਾਂ ਦੇ ਹੱਥ ਰਿਹਾ ਹੈ। ਸਰਕਾਰ ਭਾਵੇਂ ਅਕਾਲੀਆਂ ਦੀ ਰਹੀ ਹੋਵੇ ਜਾਂ ਕਾਂਗਰਸ ਦੀ। ਠੇਕਿਆਂ 'ਤੇ ਦਬਦਬਾ ਵਿਧਾਇਕਾਂ ਦਾ ਹੀ ਦੇਖਣ ਨੂੰ ਮਿਲਦਾ ਹੈ। ਸੂਬੇ ਵਿਚ ਜ਼ਹਿਰੀਲੀ ਸ਼ਰਾਬ ਦਾ ਕਾਰੋਬਾਰ ਵਧਣ ਅਤੇ ਮਾਲੀਆ ਘਟਣ ਦਾ ਇਕ ਕਾਰਨ ਸਿਆਸੀ ਸਰਪ੍ਰਸਤੀ ਮੰਨੀ ਜਾ ਰਹੀ ਹੈ। ਸ਼ਰਾਬ ਦੇ ਕੰਮ ਨੂੰ ਸਰਕਾਰੀ ਕੰਟਰੋਲ ਹੇਠ ਲਿਆਉਣ ਲਈ ਕਈ ਆਗੂਆਂ ਨੇ ਵਕਾਲਤ ਕੀਤੀ ਹੈ, ਜਿਨ੍ਹਾਂ ਵਿਚ ਨਵਜੋਤ ਸਿੰਘ ਸਿੱਧੂ ਦਾ ਨਾਂਅ ਵਿਸ਼ੇਸ ਤੌਰ 'ਤੇ ਲਿਆ ਜਾ ਸਕਦਾ ਹੈ। ਤਾਮਿਲਨਾਡੂ ਵਿਚ ਸ਼ਰਾਬ ਦੀ ਵਿਕਰੀ ਪੂਰੀ ਤਰ੍ਹਾਂ ਸਰਕਾਰੀ ਕੰਟਰੋਲ ਹੇਠ ਹੈ, ਜਿਸ ਕਰਕੇ ਖਜ਼ਾਨੇ ਨੂੰ ਭਾਗ ਲੱਗੇ ਰਹਿੰਦੇ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਵੀ ਸ਼ਰਾਬ ਦਾ ਕਾਰੋਬਾਰ ਸਰਕਾਰੀ ਕੰਟਰੋਲ ਹੇਠ ਲਿਆਉਣ ਦੇ ਦਮਗਜ਼ੇ ਮਾਰਦੀ ਰਹੀ ਹੈ ਪਰ ਉਸ ਵਲੋਂ ਪੰਜਾਬ ਵਿਚ ਸ਼ਰਾਬ ਦੀ ਵਿਕਰੀ ਦਾ ਦਿੱਲੀ ਮਾਡਲ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਹੀ ਕੀਤੀਆਂ ਜਾ ਰਹੀਆਂ ਹਨ। ਯਾਦ ਰਹੇ ਦਿੱਲੀ ਵਿਚ 'ਆਪ' ਸਰਕਾਰ ਦੀ ਆਬਕਾਰੀ ਨੀਤੀ ਬਣਾਉਣ ਤੇ ਲਾਗੂ ਕਰਨ ਵਿਚ ਬੇਨਿਯਮੀਆਂ ਨੂੰ ਲੈ ਕੇ ਰਾਜਪਾਲ ਵਲੋਂ ਸੀ.ਬੀ.ਆਈ. ਜਾਂਚ ਦੇ ਹੁਕਮ ਦਿੱਤੇ ਗਏ ਹਨ, ਜਿਸ ਕਾਰਨ ਉੱਥੇ ਆਪ ਸਰਕਾਰ ਦੀ ਨਵੀਂ ਆਬਕਾਰੀ ਨੀਤੀ ਲਾਗੂ ਨਹੀਂ ਹੋ ਸਕੀ। ਪੰਜਾਬ ਵਿਚ ਵੀ ਆਪ ਦੀ ਨਵੀਂ ਆਬਕਾਰੀ ਨੀਤੀ ਨੂੰ ਹਾਈਕੋਰਟ ਵਿਚ ਚੁਣੌਤੀ ਦਿੱਤੀ ਗਈ ਹੈ, ਕੁੱਝ ਸ਼ਰਤਾਂ ਸਹਿਤ ਨਵੀਂ ਨੀਤੀ ਲਾਗੂ ਕਰਨ ਦੀ ਆਗਿਆ ਦਿੱਤੀ ਗਈ ਹੈ। ਇਸ ਸੰਬੰਧੀ ਫੈਸਲਾ ਹਾਈਕੋਰਟ ਹੀ ਕਰੇਗੀ।

# ਕੀ 'ਆਪ' ਕਾਂਗਰਸ ਨੂੰ ਪਿੱਛੇ ਛੱਡ ਜਾਏਗੀ ?



ਗੁਰਮੀਤ ਸਿੰਘ ਪਲਾਹੀ
ਮੋ. 9815802070



"ਰਾਸ਼ਟਰੀ ਸਿਆਸਤ ਉੱਤੇ ਜੇਕਰ ਨਜ਼ਰ ਮਾਰੀ ਜਾਵੇਂ ਤਾਂ ਦੂਰਦਰਾਜ ਤੱਕ ਦੋ ਐਕਸ਼ਨ ਦਿਖਾਈ ਦੇ ਰਹੇ ਹਨ। ਪਹਿਲਾਂ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਜੋ ਦੱਖਣ 'ਚ ਗੁਜ਼ਰ ਰਹੀ ਹੈ ਅਤੇ ਦੂਜਾ ਆਮ ਆਦਮੀ ਪਾਰਟੀ ਦਾ ਗੁਜਰਾਤ ਜਿੱਤਣ ਲਈ ਭਾਜਪਾ ਅਤੇ ਕਾਂਗਰਸ ਉੱਤੇ ਵੱਡਾ ਹਮਲਾ ਅਤੇ ਪ੍ਰਚਾਰ। ਦੋ ਸਾਲ ਪਹਿਲਾਂ 'ਆਪ' ਦਾ 'ਸਟਾਰਟ ਅੱਪ' ਪ੍ਰੋਗਰਾਮ ਚਾਲੂ ਹੋਇਆ ਸੀ, ਉਹ ਲਗਾਤਾਰ ਜਾਰੀ ਹੈ। ਦਿੱਲੀ ਤੋਂ ਬਾਅਦ ਪੰਜਾਬ ਵਿੱਚ ਉਸਨੇ ਜਿੱਤ ਪ੍ਰਾਪਤ ਕਰ ਲਈ ਹੈ।"

ਕੁੱਝ ਗੱਲਾਂ ਆਮ ਆਦਮੀ ਪਾਰਟੀ ਸੰਬੰਧੀ ਸਪੱਸ਼ਟ ਹਨ, ਪਹਿਲੀ ਇਹ ਹੈ ਕਿ 'ਆਪ' ਇੱਕ ਵਿਅਕਤੀ ਦੀ ਰਹਿਨੁਮਈ ਹੇਠ ਚੱਲ ਰਹੀ ਹੈ। ਦੂਸਰਾ ਇਹ ਹੈ ਕਿ ਆਮ ਆਦਮੀ ਪਾਰਟੀ ਦੀ ਕੋਈ ਵਿਚਾਰਧਾਰਾ ਨਹੀਂ ਹੈ ਜਾਂ ਉਸਨੇ ਕੋਈ ਸਿਧਾਂਤਕ ਵਿਚਾਰ ਪੇਸ਼ ਹੀ ਨਹੀਂ ਕੀਤਾ। ਸਿਆਸੀ ਵਿਸ਼ਲੇਸ਼ਕ ਸ਼ਰੂਤੀ ਕਪਿਲਾ ਨੇ ਇੱਕ ਥਾਂ ਲਿਖਿਆ ਹੈ ਕਿ ਉਹ 'ਆਪ' ਨੂੰ ਭਾਜਪਾ ਦਾ ਸੁਸਤ, ਦੋਸ਼-ਭਾਵਨਾ ਵਿਰੋਧੀ ਐਡੀਸ਼ਨ ਮੰਨਦੀ ਹੈ।

ਇੱਥੇ ਸਵਾਲ ਉੱਠਦਾ ਹੈ ਕਿ ਕੀ ਸਿਆਸਤ ਵਿਚਾਰਧਾਰਾ ਤੋਂ ਬਿਨਾਂ ਚੱਲ ਸਕਦੀ ਹੈ? ਕੀ ਵਿਚਾਰਧਾਰਾ ਮੁਕਤ ਸਿਆਸਤ ਨੂੰ ਮਜ਼ਬੂਤੀ ਮੰਨਿਆ ਜਾਵੇ ਜਾਂ ਕਮਜ਼ੋਰੀ?

ਆਮ ਆਦਮੀ ਪਾਰਟੀ ਨੇਤਾ-ਵਿਰੋਧ ਦੇ ਨਾਹਰੇ ਨਾਲ ਭਾਰਤੀ ਮੰਚ ਉੱਤੇ ਆਈ। ਉਹ ਸਿਆਸਤ ਨੂੰ ਬੁਰੀ ਚੀਜ਼ ਮੰਨਦੀ ਸੀ। ਅੱਗੇ ਜਾ ਕੇ ਉਹ ਸਿਆਸੀ ਪਾਰਟੀ ਬਣੀ। ਅੱਜ ਉਹ ਕਲਿਆਣਕਾਰੀ ਰੂਪ ਵਿੱਚ ਸਾਡੇ ਸਾਹਮਣੇ ਹੈ। ਪਰ ਕੀ ਉਹ ਭਾਰਤੀ ਸਿਆਸਤ ਉੱਤੇ ਕਾਬਜ਼ ਮੋਦੀ ਦੀ ਭਾਜਪਾ ਦੇ ਰਾਸ਼ਟਰਵਾਦ ਦਾ ਮੁਕਬਾਲਾ ਕਰ ਸਕਦੀ ਹੈ? ਸ਼ਾਇਦ ਨਹੀਂ। ਭਾਵੇਂ ਕਿ 'ਆਪ' ਨੂੰ ਭਾਜਪਾ ਆਰ.ਐਸ.ਐਸ. 'ਬੀ' ਦੀ ਟੀਮ ਕੁੱਝ ਲੋਕ ਕਹਿੰਦੇ ਹਨ। ਪਰ ਉਹ ਹਿੰਦੂਆਂ ਦੀ ਨਰਾਜ਼ਗੀ ਦਾ ਡਰ ਮਨ 'ਚ ਰੱਖਦਿਆਂ ਮੁਸਲਮਾਨਾਂ ਦੇ ਹੱਕ 'ਚ ਨਾ ਬੋਲਣ ਦੀ ਸਾਵਧਾਨੀ ਵਰਤਦੀ ਹੈ। ਲੇਕਿਨ ਉਸ ਨੂੰ ਪਤਾ ਹੈ ਕਿ ਦੇਰ-ਸਵੇਰ ਮੁਸਲਮਾਨਾਂ ਦੀ ਵੋਟ ਉਸਨੂੰ ਹੀ ਮਿਲਣਗੇ।

ਰਾਸ਼ਟਰੀ ਸਿਆਸਤ ਉੱਤੇ ਜੇਕਰ ਨਜ਼ਰ ਮਾਰੀ ਜਾਵੇਂ ਤਾਂ ਦੂਰਦਰਾਜ ਤੱਕ ਦੋ ਐਕਸ਼ਨ ਦਿਖਾਈ ਦੇ ਰਹੇ ਹਨ। ਪਹਿਲਾਂ ਰਾਹੁਲ ਗਾਂਧੀ ਦੀ 'ਭਾਰਤ ਜੋੜੋ ਯਾਤਰਾ' ਜੋ ਦੱਖਣ 'ਚ ਗੁਜ਼ਰ ਰਹੀ ਹੈ ਅਤੇ ਦੂਜਾ ਆਮ ਆਦਮੀ ਪਾਰਟੀ ਦਾ ਗੁਜਰਾਤ ਜਿੱਤਣ ਲਈ ਭਾਜਪਾ ਅਤੇ ਕਾਂਗਰਸ ਉੱਤੇ ਵੱਡਾ ਹਮਲਾ ਅਤੇ ਪ੍ਰਚਾਰ। ਦੋ ਸਾਲ ਪਹਿਲਾਂ 'ਆਪ' ਦਾ 'ਸਟਾਰਟ ਅੱਪ' ਪ੍ਰੋਗਰਾਮ ਚਾਲੂ ਹੋਇਆ ਸੀ, ਉਹ ਲਗਾਤਾਰ ਜਾਰੀ ਹੈ। ਦਿੱਲੀ ਤੋਂ ਬਾਅਦ ਪੰਜਾਬ ਵਿੱਚ ਉਸਨੇ ਜਿੱਤ ਪ੍ਰਾਪਤ ਕਰ ਲਈ ਹੈ। ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਅਤੇ ਗੁਜਰਾਤ ਦੀਆਂ ਵਿਧਾਨ ਸਭਾ ਚੋਣਾਂ 'ਚ ਆਪਣੀ ਹੋਂਦ ਹੀ ਨਹੀਂ ਵਿਖਾ ਰਹੀ ਸਗੋਂ ਭਾਜਪਾ ਅਤੇ ਕਾਂਗਰਸ ਉਤੇ ਹਮਲਾਵਰ ਸਥਿਤੀ ਵਿੱਚ ਹੈ। ਇਹ ਬਿਲਕੁਲ ਸੱਚਾਈ ਹੈ ਕਿ ਸਿਆਸਤ ਵਿੱਚ ਸਿਫ਼ਰ ਸਥਿਤੀ ਨਾਮ ਦੀ ਕੋਈ ਚੀਜ਼ ਨਹੀਂ ਹੁੰਦੀ ਅਤੇ ਨਾ ਹੀ ਇਹ ਸਥਿਤੀ ਸਵੀਕਾਰੀ ਜਾਂਦੀ ਹੈ। ਨਰੇਂਦਰ ਮੋਦੀ ਦੀ ਸ਼ਖ਼ਸੀਅਤ ਇਸ ਸਿਫ਼ਰ ਵਾਲੀ ਸਥਿਤੀ ਨੂੰ ਕੇਵਲ ਭਰ ਹੀ ਨਹੀਂ ਰਹੀ ਬਲਕਿ ਉਸਦੇ ਬਾਹਰ ਵੀ ਫੈਲ ਰਹੀ ਹੈ। ਇਹ ਸਿਫ਼ਰ ਦੀ ਸਥਿਤੀ ਵਿਰੋਧੀ ਧਿਰ ਦੀ ਹੈ, ਜੋ ਇਸ ਵਿੱਚ ਨਿਕਲਣ ਲਈ ਯਤਨਸ਼ੀਲ ਹੈ। ਆਮ ਆਦਮੀ ਪਾਰਟੀ ਵੀ ਇਸ ਸਥਿਤੀ 'ਚੋਂ ਨਿਕਲਣ ਲਈ ਯਤਨਸ਼ੀਲ ਹੈ।

ਇਹ ਸਹੀ ਹੈ ਕਿ ਭਾਜਪਾ ਪੂਰਾ ਜ਼ੋਰ ਲਾ ਕੇ ਵੀ ਦਿੱਲੀ 'ਚ ਕੇਜਰੀਵਾਲ ਨੂੰ ਅਤੇ ਪੱਛਮੀ ਬੰਗਾਲ ਵਿੱਚ ਮਮਤਾ ਬੈਨਰਜੀ ਨੂੰ ਨਹੀਂ ਹਰਾ ਸਕੀ, ਪਰ ਪਿਛਲੇ ਅੱਠ ਸਾਲਾਂ ਵਿਚ ਭਾਜਪਾ ਨੂੰ ਕੋਈ ਵੱਡੀ ਰਾਸ਼ਟਰੀ ਚਣੌਤੀ ਨਹੀਂ ਮਿਲੀ। ਪਰ ਹਾਂ ਇਨ੍ਹਾਂ ਸਿਆਸੀ ਪਾਰਟੀਆਂ ਨੇ ਭਾਜਪਾ ਦੇ ਜੇਤੂ ਰੱਥ ਨੂੰ ਲਗਾਮ ਲਗਾ ਦਿੱਤੀ ਹੈ। ਕਈ ਖੇਤਰਾਂ 'ਚ ਮਜ਼ਬੂਤ ਦਾਅਵੇਦਾਰਾਂ ਨੇ ਵਿਰੋਧੀ ਧਿਰ ਵਜੋਂ ਕਬਜ਼ਾ ਕੀਤਾ ਹੋਇਆ ਹੈ ਜਾਂ ਕਰ ਰਹੇ ਹਨ। ਮੋਦੀ, ਅਮਿਤ ਸ਼ਾਹ ਅਤੇ ਜੇ.ਪੀ. ਨੱਢਾ ਦੀ ਰਹਿਨੁਮਾਈ 'ਚ ਭਾਜਪਾ ਚਾਹੇ ਜਿੰਨੀ ਵੀ ਮਰਜ਼ੀ ਸਮਰੱਥਵਾਨ, ਜੇਤੂ ਕਿਉਂ ਨਾ ਹੋਵੇ, ਪਰ ਉਹ ਚੀਨ ਦੀ ਕਮਿਊਨਿਸਟ ਪਾਰਟੀ ਵਾਂਗਰ ਨਹੀਂ ਹੈ ਅਤੇ ਇਹ ਵੀ ਸੱਚ ਹੈ ਕਿ ਭਾਰਤ ਚੀਨ ਦੀ ਤਰ੍ਹਾਂ ਇਕੋ ਪਾਰਟੀ ਵਾਲਾ ਦੇਸ਼ ਨਹੀਂ ਬਣ ਸਕਦਾ। ਭਾਰਤ ਰੂਸ ਦੇ ਰਾਸ਼ਟਰਪਤੀ ਪੁਤਿਨ ਵਰਗਾ ਵੀ ਨਹੀਂ ਹੋ ਸਕਦਾ ਭਾਰਤ ਦੇ ਸਿਆਸੀ ਦ੍ਰਿਸ਼ ਉਤੇ ਨਜ਼ਰ ਮਾਰੋ, ਜਿਸਦੀਆਂ ਇੱਕ ਤੋਂ ਵੱਧ ਰਾਜਾਂ ਵਿਚ ਆਪਣੀ ਮੌਜੂਦਗੀ ਹੈ। ਪਰ ਕਾਂਗਰਸ ਜਿਸ ਦਿਸ਼ਾ ਵੱਲ ਚਲ ਰਹੀ ਹੈ, ਉਸਦੀ ਸਥਿਤੀ ਲਗਾਤਾਰ ਕਮਜ਼ੋਰ ਹੋ ਰਹੀ ਹੈ। ਪਿਛਲੇ ਚਾਰ ਸਾਲਾਂ 'ਚ ਇਸਦਾ ਅਧਾਰ ਸੁੰਗੜ ਰਿਹਾ ਹੈ। ਆਖ਼ਰੀ ਵੇਰ ਇਹ ਪਾਰਟੀ ਛੱਤੀਸਗੜ੍ਹ, ਮੱਧ ਪ੍ਰਦੇਸ਼, ਰਾਜਸਥਾਨ 'ਚ ਜੇਤੂ ਰਹੀ, ਇਹ 2018 ਦਾ ਸਾਲ ਸੀ। ਲੇਕਿਨ ਜਲਦੀ ਹੀ ਇਹ ਤਿਲਕਣ ਲੱਗ ਪਈ। ਆਪਣੀ ਪਦ ਯਾਤਰਾ ਅਤੇ ਪ੍ਰਧਾਨਗੀ ਦੀ ਚੋਣ ਤੋਂ ਬਾਅਦ ਕੀ ਹੁੰਦਾ ਹੈ, ਇਹ ਤਾਂ ਬਾਅਦ 'ਚ ਵੇਖਣ ਵਾਲੀ ਗੱਲ ਹੋਏਗੀ, ਪਰ ਰਾਜਸਥਾਨ ਵਿਚ ਕਾਂਗਰਸ ਦੇ ਵੱਡੇ ਨੇਤਾ ਅਸ਼ੋਕ ਗਹਿਲੋਤ ਵਲੋਂ ਹਾਈ ਕਮਾਂਡ ਨੂੰ ਅੱਖਾਂ ਦਿਖਾਉਣ ਨਾਲ ਇਸ ਵੇਲੇ ਸਥਿਤੀ ਹੋਰ ਵੀ ਨਿੱਘਰ ਗਈ ਹੈ। ਹਾਲਾਂਕਿ ਅਸ਼ੋਕ ਗਹਿਲੋਤ ਨੂੰ ਕਾਂਗਰਸ ਦੇ ਰਾਸ਼ਟਰੀ ਪ੍ਰਧਾਨ ਬਣਾਕੇ ਜਾਣ ਦੀ ਸੰਭਾਵਨਾ ਸੀ।

ਇਸ ਵੇਲੇ ਤਾਂ ਕਾਂਗਰਸ ਵਿਰੋਧੀ ਧਿਰ ਵਜੋਂ ਆਪਣੀ ਭੂਮਿਕਾ ਗਵਾ ਰਹੀ ਹੈ ਅਤੇ ਸਿਫ਼ਰ ਸਥਿਤੀ 'ਚ ਜਾ ਰਹੀ ਹੈ। ਇਸੇ ਖਾਲੀ ਜਗਾਹ ਨੂੰ ਭਰਨ ਲਈ ਆਪ ਅੱਗੇ ਵਧ ਰਹੀ ਹੈ। ਇਸ ਪਾਰਟੀ ਨੇ ਮਹੱਤਵਪੂਰਨ ਸੂਬਿਆਂ 'ਚ ਆਪਣੀ ਹਕੂਮਤ ਬਣਾ ਲਈ ਹੈ ਅਤੇ ਨਿੱਤ ਦਿਨ ਹੋਰ ਰਾਜਾਂ 'ਚ ਅੱਗੇ ਵੱਧ ਰਹੀ ਹੈ। ਕਾਂਗਰਸ ਦਾ ਨਿੱਤ ਗਿਰਦਾ ਗ੍ਰਾਫ਼, ਆਮ ਆਦਮੀ ਪਾਰਟੀ ਨੂੰ ਜਗਾਹ ਦੇ ਰਿਹਾ ਹੈ। ਗੁਜਰਾਤ, ਹਿਮਾਚਲ ਪ੍ਰਦੇਸ਼ ਅਤੇ ਫਿਰ ਕਰਨਾਟਕ 'ਚ ਆਮ ਆਦਮੀ ਪਾਰਟੀ ਲਈ ਅੱਗੇ ਵੱਧਣ ਦਾ ਮੌਕਾ ਹੈ। ਕਾਂਗਰਸ ਦੀ ਸਮੱਸਿਆ ਇਹ ਹੈ ਕਿ ਇਹ ਇਕੋ ਵੇਲੇ ਕਈ ਕੰਮ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਆਉਂਦੀਆਂ ਚੋਣਾਂ ਲਈ ਇਹ ਕੋਈ ਖ਼ਾਸ ਤਿਆਰੀ ਨਹੀਂ ਕਰ ਰਹੀ।

(ਬਾਕੀ ਸਫ਼ਾ 31 'ਤੇ)

ਲਖੀਮਪੁਰ ਖੀਰੀ ਭਗਵੀਂ ਹਿੰਸਾ ਦਾ ਮਾਮਲਾ

# ਪੀੜਤ ਪਰਿਵਾਰਾਂ ਨੂੰ ਸਾਲ ਬਾਅਦ ਵੀ ਇਨਸਾਫ਼ ਦੀ ਉਡੀਕ

➢ ਅਜੈ ਮਿਸ਼ਰਾ ਨੂੰ ਕੇਂਦਰੀ ਵਜ਼ਾਰਤ ਵਿਚੋਂ ਲਾਂਭੇ ਕਰਨ ਦੀ ਮੰਗ ਦੁਹਰਾਈ ➢ ਪਰਿਵਾਰ ਦੇ ਇਕ-ਇਕ ਜੀਅ ਨੂੰ ਸਰਕਾਰੀ ਨੌਕਰੀ ਦੇਣ ਦੀ ਮੰਗ





ਨਵੀਂ ਦਿੱਲੀ/ਏ.ਟੀ.ਨਿਊਜ਼ :-4 ਸਾਲ ਪਹਿਲਾਂ ਲਖੀਮਪੁਰ ਖੀਰੀ ਹਿੰਸਾ ਵਿੱਚ ਮਾਰੇ ਗਏ ਅੱਠ ਵਿਅਕਤੀਆਂ, ਜਿਨ੍ਹਾਂ ਵਿਚੋਂ ਚਾਰ ਕਿਸਾਨਾਂ ਤੇ ਇਕ ਪੱਤਰਕਾਰ ਨੂੰ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਦੇ ਪੁੱਤਰ ਆਸ਼ੀਸ਼ ਮਿਸ਼ਰਾ ਦੀ ਐੱਸਯੂਵੀ ਨੇ ਦਰੜ ਦਿੱਤਾ ਸੀ, ਦੇ ਪੀੜਤ ਪਰਿਵਾਰਾਂ ਨੂੰ ਅਜੇ ਤੱਕ ਇਨਸਾਫ਼ ਦੀ ਉਡੀਕ ਹੈ। ਚਾਰ ਕਿਸਾਨਾਂ- ਲਵਪ੍ਰੀਤ ਸਿੰਘ, ਦਲਜੀਤ ਸਿੰਘ, ਗੁਰਵਿੰਦਰ ਸਿੰਘ ਤੇ ਨਛੱਤਰ ਸਿੰਘ ਅਤੇ ਪੱਤਰਕਾਰ ਰਮਨ ਕਸ਼ਯਪ ਦੀ ਪਹਿਲੀ ਬਰਸੀ ਲਈ ਜੁੜੇ ਇਕੱਠ ਨੇ ਪੀੜਤ ਪਰਿਵਾਰਾਂ ਦੇ ਇਕ-ਇਕ ਜੀਅ ਨੂੰ ਸਰਕਾਰੀ ਨੌਕਰੀ ਦੇਣ ਤੇ ਅਜੈ ਮਿਸ਼ਰਾ ਨੂੰ ਕੇਂਦਰੀ ਮੰਤਰੀ ਦੇ ਅਹੁਦੇ ਤੋਂ ਲਾਂਭੇ ਕਰਨ ਦੀ ਮੰਗ ਕੀਤੀ ਸੀ। ਆਸ਼ੀਸ਼ ਮਿਸ਼ਰਾ ਦੀ ਐੱਸਯੂਵੀ ਹੇਠ ਦਰੜਨ ਕਰਕੇ ਮੌਤ ਦੇ ਮੂੰਹ ਪਏ ਕਿਸਾਨ ਲਵਪ੍ਰੀਤ ਸਿੰਘ ਦੇ ਪਿਤਾ ਸਤਨਾਮ ਸਿੰਘ ਨੇ ਕਿਹਾ ਸੀ, 'ਇਹ ਉਨ੍ਹਾਂ ਦੀ ਸਰਕਾਰ ਤੇ ਉਨ੍ਹਾਂ ਦੇ ਹੁਕਮ ਹਨ। ਸਾਡੀ ਆਵਾਜ਼ ਨੂੰ ਕੌਣ ਸੁਣਦਾ ਹੈ।' ਯੂ.ਪੀ. ਪੁਲਿਸ ਵੱਲੋਂ ਗ੍ਰਿਫ਼ਤਾਰ ਆਸ਼ੀਸ਼ ਮਿਸ਼ਰਾ ਇਸ ਵੇਲੇ ਜੇਲ੍ਹ ਵਿੱਚ ਹੈ। ਸੁਪਰੀਮ ਕੋਰਟ ਨੇ ਇਸ ਸਾਲ ਅਪ੍ਰੈਲ ਵਿੱਚ ਆਸ਼ੀਸ਼ ਨੂੰ ਅਲਾਹਾਬਾਦ ਹਾਈ ਕੋਰਟ ਵੱਲੋਂ ਦਿੱਤੀ ਜ਼ਮਾਨਤ ਰੱਦ ਕਰ ਦਿੱਤੀ ਸੀ, ਪਰ ਉਸ ਦਾ ਪਿਤਾ ਅਜੇ ਵੀ ਕੇਂਦਰੀ ਵਜ਼ਾਰਤ ਵਿੱਚ ਹੈ। ਗੁਰਦੁਆਰਾ ਕੋੜੀਵਾਲਾ ਘਾਟ ਵਿੱਚ ਰੱਖੇ ਅਖੰਡ ਪਾਠ ਵਿੱਚ ਆਪਣੇ ਪਰਿਵਾਰ ਤੇ ਹੋਰਨਾਂ ਪੀੜਤ ਪਰਿਵਾਰਾਂ ਨਾਲ ਪੁੱਜੇ ਸਤਨਾਮ ਸਿੰਘ ਨੇ ਕਿਹਾ, 'ਅਜੈ ਮਿਸ਼ਰਾ ਨੂੰ ਕੇਂਦਰੀ ਵਜ਼ਾਰਤ 'ਚੋਂ ਹਟਾਉਣ ਸਬੰਧੀ ਸਾਡੀ ਮੰਗ ਅਜੇ ਤੱਕ ਨਹੀਂ ਮੰਨੀ ਗਈ। ਇਸ ਸਾਜ਼ਿਸ਼ ਵਿੱਚ ਉਸ ਦੀ ਸ਼ਮੂਲੀਅਤ ਬਾਰੇ ਸਪੱਸ਼ਟ ਸਬੂਤ ਹਨ। ਅਸੀਂ ਮੁੜ ਨਿਆਂ ਦੀ ਮੰਗ ਕਰਦੇ ਹਾਂ।' ਖੇੜੀ ਕਿਸਾਨ ਯੂਨੀਅਨ ਦੇ ਗੁਰਮੀਤ ਸਿੰਘ ਰੰਧਾਵਾ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚਾ ਨੇ ਲਖੀਮਪੁਰ ਹਿੰਸਾ ਕੇਸ ਵਿਚ ਐੱਸਯੂਵੀ ਦੇ ਡਰਾਈਵਰ ਵੱਲੋਂ ਦਰਜ ਕਾਊਂਟਰ ਐੱਫਆਈਆਰ ਕਰਕੇ ਸਲਾਖਾਂ ਪਿੱਛੇ ਬੰਦ ਚਾਰ ਕਿਸਾਨਾਂ ਦੇ ਪਰਿਵਾਰਾਂ ਨੂੰ 2-2 ਲੱਖ ਰੁਪਏ ਦੇ ਚੈੱਕ ਸੌਂਪੇ ਹਨ।

37 ਸਾਲ ਦੇ ਕਿਸਾਨ ਦਲਜੀਤ ਸਿੰਘ ਚਾਰ ਕਿਸਾਨਾਂ ਅਤੇ ਪੱਤਰਕਾਰਾਂ ਵਿੱਚੋਂ ਇੱਕ ਸਨ, ਜਿਨ੍ਹਾਂ ਨੂੰ ਪਿਛਲੇ ਸਾਲ 3 ਅਕਤੂਬਰ ਨੂੰ ਲਖੀਮਪੁਰ ਖੀਰੀ ਦੇ ਤਿਕੂਨੀਆ ਵਿੱਚ ਕਿਸਾਨ ਪ੍ਰਦਰਸ਼ਨ ਦੌਰਾਨ ਭਾਜਪਾ ਗੁੰਡਿਆਂ ਵਲੋਂ ਥਾਰ ਜੀਪ ਰਾਹੀਂ ਦਰੜ ਦਿੱਤਾ ਗਿਆ ਸੀ, ਦੀ ਪਤਨੀ ਪਰਮਜੀਤ ਕੌਰ ਦਾ ਕਹਿਣਾ ਹੈ ਕਿ ਸੋਸ਼ਲ ਮੀਡੀਆ ਉੱਤੇ ਸਾਡੀਆਂ ਧੀਆਂ ਤੱਕ ਨੂੰ ਬਦਨਾਮ ਕਰਨ ਦੀਆਂ ਸਾਜ਼ਿਸ਼ਾਂ ਹੋ ਰਹੀਆਂ ਹਨ। ਜਨਾਬ, ਕੀ ਦੱਸੀਏ ਉਹ ਮੰਤਰੀ ਅਸੀਂ ਛੋਟੇ ਕਿਸਾਨ, ਇਸੇ ਲਈ ਸਾਨੂੰ ਕੁਚਲਿਆ ਗਿਆ, ਸਾਨੂੰ ਮਾਰਿਆ ਗਿਆ ਤੇ ਧਮਕਾਇਆ ਗਿਆ ਹੈ। ਹੁਣ ਤਾਂ ਉਮੀਦ ਤਾਂ ਉਦੋਂ ਹੀ ਹੋਵੇਗੀ ਜਦੋਂ ਇਨਸਾਫ਼ ਮਿਲੇਗਾ।

ਚੁੰਨੀ ਨਾਲ ਹੰਝੂ ਪੂੰਝਦਿਆਂ ਪਰਮਜੀਤ ਕੌਰ ਕਹਿੰਦੀ ਹੈ, 'ਤਿੰਨ ਅਕਤੂਬਰ ਆ ਰਹੀ ਹੈ, ਮਨ ਬਹੁਤ ਉਦਾਸ ਹੋ ਰਿਹਾ ਹੈ। ਇਸ ਦਿਨ ਤਿਕੂਨੀਆ ਵਿੱਚ ਕਿਸਾਨਾਂ ਨੂੰ ਕੁਚਲੇ ਜਾਣ ਦੀ ਘਟਨਾ ਨੂੰ ਇੱਕ ਸਾਲ ਪੂਰਾ ਹੋ ਰਿਹਾ ਹੈ।

ਮਾਰੇ ਗਏ ਦਲਜੀਤ ਸਿੰਘ ਦਾ ਵੀ ਬਹਿਰਾਇਚ ਜ਼ਿਲ੍ਹੇ ਦੇ ਪਿੰਡ ਬੰਜਾਰਾ ਟਾਂਡਾ ਦੇ ਬਾਹਰਵਾਰ ਇੱਕ ਘਰ ਹੈ। ਦਲਜੀਤ 3 ਅਕਤੂਬਰ, 2021 ਨੂੰ ਤਿਕੂਨੀਆ ਵਿੱਚ ਜਾਰੀ ਕਿਸਾਨਾਂ ਦੇ ਧਰਨੇ ਵਿੱਚ ਗਿਆ ਸੀ ਪਰ ਘਰ ਵਾਪਸ ਨਹੀਂ ਆਇਆ। ਉਸ ਮੌਕੇ ਨੂੰ ਯਾਦ ਕਰਕੇ ਰਾਜਦੀਪ ਕੰਬ ਉੱਠਦਾ ਹੈ। ਉਹ ਦੱਸਦਾ ਹੈ, 'ਡੈਡੀ ਨੂੰ ਕੁਚਲਣ ਤੋਂ ਬਾਅਦ ਥਾਰ ਦੀ ਜੀਪ ਉਨ੍ਹਾਂ ਨੂੰ ਬਹੁਤ ਦੂਰ ਘਸੀਟ ਕੇ ਲੈ ਗਈ ਸੀ। ਸਮਝ ਨਹੀਂ ਆ ਰਿਹਾ ਸੀ ਕਿ ਅਚਾਨਕ ਕੀ ਹੋ ਗਿਆ...ਹਰ ਪਾਸੇ ਰੌਲਾ ਪੈ ਗਿਆ, ਇਸ ਤੋਂ ਬਾਅਦ ਉਹ ਖ਼ੂਨ ਨਾਲ ਲਥਪਥ ਪਿਤਾ ਨੂੰ ਲੈ ਕੇ ਹਸਪਤਾਲ ਪਹੁੰਚੇ ਪਰ ਪਿਤਾ ਜੀ ਨਹੀਂ ਬਚੇ।'

ਉਸ ਦਿਨ ਨੂੰ ਯਾਦ ਕਰਦਿਆਂ ਪਰਮਜੀਤ ਕੌਰ ਕਹਿੰਦੀ ਹੈ, ਸਾਡੀ ਦੁਨੀਆਂ ਇੱਕ ਸਾਲ ਵਿੱਚ ਬਹੁਤ ਬਦਲ ਗਈ ਹੈ, ਕੋਈ ਵੀ ਦਿਨ ਅਜਿਹਾ ਨਹੀਂ ਜਦੋਂ ਉਨ੍ਹਾਂ ਨੂੰ ਯਾਦ ਨਾ ਕੀਤਾ ਗਿਆ ਹੋਵੇ। ਹੁਣ ਤਾਂ ਸਿਰਫ਼ ਇਨਸਾਫ਼ ਚਾਹੀਦਾ ਹੈ।ਦਲਜੀਤ ਆਪਣੇ ਪਿੱਛੇ ਪਤਨੀ ਤੋਂ ਇਲਾਵਾ ਇੱਕ ਪੁੱਤਰ ਅਤੇ ਇੱਕ ਧੀ ਛੱਡ ਗਏ ਹਨ। ਬੇਟੀ ਬੀ.ਐੱਸ.ਸੀ ਨਰਸਿੰਗ ਕਰ ਰਹੀ ਹੈ ਅਤੇ ਬੇਟਾ ਹਾਈ ਸਕੂਲ ਵਿੱਚ ਪੜ੍ਹ ਰਿਹਾ ਹੈ। ਬੇਟੇ ਰਾਜਦੀਪ ਨੇ ਆਪਣੇ ਪਿਤਾ ਦੀ ਥਾਰ ਨਾਲ ਕੁਚਲੇ ਜਾਣ ਨਾਲ ਹੋਈ ਦਰਦਨਾਕ ਮੌਤ ਦੇਖੀ ਹੈ।

ਤਿੰਨ ਅਕਤੂਬਰ, 2021 ਨੂੰ ਦੁਪਹਿਰ ਲਗਭਗ ਡੇਢ ਵਜੇ ਯੂ.ਪੀ. ਦੇ ਤਿਕੂਨੀਆ ਵਿੱਚ ਪ੍ਰਦਰਸ਼ਨਕਾਰੀ ਕਿਸਾਨਾਂ ਉੱਪਰ ਥਾਰ ਜੀਪ ਚੜ੍ਹਾ ਦਿੱਤੀ ਗਈ ਸੀ।

ਘਟਨਾ ਵਿੱਚ ਭਾਜਪਾ ਦੇ ਕੇਂਦਰੀ ਮੰਤਰੀ ਅਜੇ ਮਿਸ਼ਰ ਟੇਨੀ ਦੇ ਪੁੱਤਰ ਦਾ ਨਾਮ ਆਇਆ ਸੀ ਤੇ ਉਸ ਦੀ ਗ੍ਰਿਫ਼ਤਾਰੀ ਵੀ ਹੋਈ ਸੀ।

ਦਲਜੀਤ ਦੇ ਚਾਚਾ ਚਰਨਜੀਤ ਸਿੰਘ ਕਹਿੰਦੇ ਹਨ, 'ਅਸੀਂ ਉਹ ਦਿਨ ਕਿਵੇਂ ਭੁੱਲ ਸਕਦੇ ਹਾਂ। ਹੁਣ ਤਾਂ ਸਾਨੂੰ ਇਨਸਾਫ਼ ਦੀ ਆਸ ਬੱਝੀ ਹੈ ਪਰ ਜਦੋਂ ਤੱਕ ਮੰਤਰੀ ਆਪਣੀ ਕੁਰਸੀ 'ਤੇ ਬੈਠੇ ਹਨ, ਉਦੋਂ ਤੱਕ ਇਨਸਾਫ਼ ਵੀ ਨਜ਼ਰ ਨਹੀਂ ਆ ਰਿਹਾ। ਅਸੀਂ ਚਾਹੁੰਦੇ ਹਾਂ ਕਿ ਅਜਿਹੇ ਲੋਕਾਂ ਨੂੰ ਫਾਂਸੀ ਦਿੱਤੀ ਜਾਵੇ।

ਮਾਰੇ ਗਏ ਪੱਤਰਕਾਰ ਰਮਨ ਕਸ਼ਯਪ ਦਾ ਪਰਿਵਾਰ ਵੀ ਬਾਕੀਆਂ ਵਾਂਗ ਹੀ ਨਿਆਂ ਦੀ ਉਡੀਕ ਕਰ ਰਿਹਾ ਹੈ।

ਪਿਛਲੇ ਸਾਲ ਤਿੰਨ ਅਕਤੂਬਰ ਨੂੰ 18 ਸਾਲ ਗੁਰਵਿੰਦਰ ਵੀ ਕਿਸਾਨਾਂ ਦੇ ਧਰਨੇ ਵਿੱਚ ਗਿਆ ਸੀ ਜੋ ਭਗਵਿਆਂ ਦੀ ਥਾਰ ਜੀਪ ਰਾਹੀਂ ਸ਼ਿਕਾਰ ਬਣਾਇਆ ਗਿਆ।

ਗੁਰਵਿੰਦਰ ਨੂੰ ਯਾਦ ਕਰਦਿਆਂ ਪਿਤਾ ਸੁਖਵਿੰਦਰ ਹਉਕਾ ਲੈਂਦਾ ਕਹਿੰਦਾ ਹੈ, 'ਸਾਡੀਆਂ ਉਮੀਦਾਂ ਅਦਾਲਤ ਤੋਂ ਹੀ ਹਨ। ਇਨ੍ਹਾਂ ਕਾਤਲਾਂ ਤੋਂ ਨਹੀਂ। ਅਸੀਂ ਸਿਰਫ ਅਦਾਲਤ 'ਤੇ ਭਰੋਸਾ ਕਰਾਂਗੇ। ਸਰਕਾਰ ਨੇ ਅਜੇ ਤੱਕ ਕੋਈ ਵਾਅਦਾ ਪੂਰਾ ਨਹੀਂ ਕੀਤਾ। ਸਰਕਾਰੀ ਨੌਕਰੀ ਨਹੀਂ ਦਿੱਤੀ ਗਈ।' ਘਰ ਤੋਂ ਥੋੜ੍ਹੀ ਦੂਰ ਸੁਖਵਿੰਦਰ ਸਿੰਘ ਨੇ ਆਪਣੇ ਬੇਟੇ ਦੀ ਸਮਾਧ ਬਣਾਈ ਹੋਈ ਹੈ।

ਨਾਮਦਾਰ ਪੁਰਵਾ ਦੇ ਵਾਸੀ 60 ਸਾਲਾ ਨਛੱਤਰ ਸਿੰਘ ਵੀ 3 ਅਕਤੂਬਰ 2021 ਨੂੰ ਮੰਤਰੀ ਨੂੰ ਕਾਲੀਆਂ ਝੰਡੀਆਂ ਦਿਖਾਉਣ ਲਈ ਤਿਕੂਨੀਆ ਗਿਆ ਸੀ। ਪਰ ਉਹ ਜਿਉਂਦਾ ਘਰ ਨਹੀਂ ਆਇਆ।

ਨਛੱਤਰ ਸਿੰਘ ਦੀ ਵਿਧਵਾ ਪਤਨੀ ਜਸਵੰਤ ਕੌਰ ਕਹਿੰਦੀ ਹੈ, 'ਜਿਸ ਦਿਨ ਉਹ ਅੰਦੋਲਨ ਵਿਚ ਗਏ ਸੀ, ਉਸ ਦਿਨ ਉਨ੍ਹਾਂ ਦਾ ਜਨਮ ਦਿਨ ਵੀ ਸੀ। ਸਾਲ ਬੀਤ ਜਾਣ ਦੇ ਬਾਵਜੂਦ ਇਨਸਾਫ਼ ਨਹੀਂ ਮਿਲਿਆ। ਮੰਤਰੀ ਅਜੇ ਵੀ ਅਹੁਦੇ ਉੱਪਰ ਕਾਇਮ ਹੈ। ਸਾਨੂੰ ਤਾਂ ਇਨਸਾਫ਼ ਮਿਲ ਜਾਵੇ, ਹੋਰ ਕੁਝ ਨਹੀਂ ਚਾਹੀਦਾ। ਨਛੱਤਰ ਸਿੰਘ ਦੇ ਪੁੱਤਰ ਜਗਦੀਪ ਸਿੰਘ ਦਾ ਕਹਿਣਾ ਹੈ, 'ਸਾਨੂੰ ਉਸ ਸਮੇਂ ਛੱਤੀਸਗੜ੍ਹ ਅਤੇ ਪੰਜਾਬ ਸਰਕਾਰ ਤੋਂ 50-50 ਲੱਖ ਰੁਪਏ ਮਿਲੇ ਸਨ। 40 ਲੱਖ ਰੁਪਏ ਯੋਗੀ ਜੀ ਨੇ ਵੀ ਦਿੱਤੇ ਸਨ। ਪੰਜ ਲੱਖ ਕਿਸਾਨ ਦੁਰਘਟਨਾ ਬੀਮਾ ਤੋਂ ਮਿਲਿਆ। ਇਸ ਦੇ ਨਾਲ ਹੀ ਬਣ ਰਹੇ ਮਕਾਨ ਨੂੰ ਦਿਖਾਉਂਦੇ ਹੋਏ ਦੱਸਦੇ ਹਨ ਉਸ ਪੈਸੇ ਨਾਲ ਹੀ ਉਹ ਕੰਮ ਕਰਵਾ ਰਹੇ ਹਨ।

ਜਗਦੀਪ ਨੇ ਆਪਣੇ ਖੇਤਾਂ ਵਿਚ ਆਪਣੇ ਪਿਤਾ ਨਛੱਤਰ ਸਿੰਘ ਦੀ ਸਮਾਧ ਬਣਾਈ ਹੋਈ ਹੈ। ਨਛੱਤਰ ਸਿੰਘ ਦਾ ਛੋਟਾ ਬੇਟਾ ਐਸਐਸਬੀ ਭਰਤੀ ਹੋ ਕੇ ਦੇਸ਼ ਸੇਵਾ ਕਰ ਰਿਹਾ ਹੈ। ਜਦੋਂ ਕਿ ਵੱਡਾ ਪੁੱਤਰ ਜਗਦੀਪ ਕਾਸ਼ਤਕਾਰ ਹੈ। ਇੱਕ ਸਾਲ ਬਾਅਦ, ਜਗਦੀਪ ਕੇਸ ਦੀ ਸਥਿਤੀ ਬਾਰੇ ਦੱਸਦਾ ਹੋਇਆ ਆਖਦਾ ਹੈ ਕਿ ਸਾਡਾ ਕੇਸ 'ਜਿਵੇਂ ਸੀ, ਉਵੇਂ' ਹੀ ਪਿਆ ਹੈ। ਜਿਸ ਵਿੱਚ ਅੱਜ ਤੱਕ ਕਿਸੇ ਕਿਸਮ ਦੀ ਕੋਈ ਕਾਰਵਾਈ ਨਹੀਂ ਕੀਤੀ ਜਾ ਰਹੀ ਹੈ। ਸਾਡੇ ਕੇਸ ਵਿੱਚ ਅੱਜ ਤੱਕ ਸੁਣਵਾਈ ਸ਼ੁਰੂ ਨਹੀਂ ਹੋਈ। ਹੁਣ ਤੱਕ ਸਿਰਫ਼ ਜ਼ਮਾਨਤ ਦੀ ਹੀ ਖੇਡ ਚੱਲ ਰਹੀ ਹੈ। 'ਮੰਤਰੀ ਦੀ ਬਰਖ਼ਾਸਤਗੀ ਅੱਜ ਵੀ ਉਸੇ ਤਰ੍ਹਾਂ ਰੱਖੀ ਹੋਈ ਹੈ। ਮੋਦੀ ਜੀ ਉਸ ਨੂੰ ਫੁੱਲ ਦਿੰਦੇ ਹਨ, ਉਹ ਉਸ ਤੋਂ ਫੁੱਲ ਲੈਂਦੇ ਹਨ, ਉਹ ਉਸ ਨੂੰ ਜਨਮ ਦਿਨ ਦੀ ਵਧਾਈ ਦਿੰਦੇ ਹਨ, ਉਹ ਉਨ੍ਹਾਂ ਨੂੰ ਦਿੰਦੇ ਹਨ, ਇਸ ਕਾਰਨ ਇਹ ਮਾਮਲਾ ਉੱਥੇ ਹੀ ਰੁਕ ਗਿਆ ਹੈ। ਸਾਡੇ ਚਾਰ-ਪੰਜ ਕਿਸਾਨ ਮਾਰੇ ਗਏ, ਪਰ ਨਾ ਮੋਦੀ ਜੀ ਅਤੇ ਨਾ ਹੀ ਯੋਗੀ ਜੀ ਦੇ ਮੂੰਹੋਂ ਇਹ ਨਿਕਲਿਆ ਕਿ ਕੋਈ ਦੁਖਦਾਈ

(ਬਾਕੀ ਸਫ਼ਾ 31 'ਤੇ)

## ਕਿਸਾਨਾਂ ਨੂੰ ਇਨਸਾਫ਼ ਮਿਲਣਾ ਬਾਕੀ : ਰਾਹੁਲ



ਨਵੀਂ ਦਿੱਲੀ: ਕਾਂਗਰਸ ਆਗੂ ਰਾਹੁਲ ਗਾਂਧੀ ਤੇ ਪ੍ਰਿਯੰਕਾ ਗਾਂਧੀ ਵਾਡਰਾ ਨੇ ਦੋਸ਼ ਲਾਇਆ ਹੈ ਕਿ ਭਾਜਪਾ ਲਖੀਮਪੁਰ ਖੀਰੀ ਦੇ ਅਪਰਾਧੀਆਂ ਨੂੰ ਬਚਾਅ ਰਹੀ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਅਜੇ ਤੱਕ ਇਨਸਾਫ਼ ਨਹੀਂ ਮਿਲਿਆ ਹੈ। ਰਾਹੁਲ ਗਾਂਧੀ ਨੇ ਕਿਹਾ ਕਿ ਕਿਸਾਨਾਂ ਦਾ ਸੰਘਰਸ਼ ਕਾਂਗਰਸ ਦੀ 'ਭਾਰਤ ਜੋੜੋ ਯਾਤਰਾ' ਲਈ ਵੀ ਵੱਡੀ ਪ੍ਰੇਰਣਾ ਬਣਿਆ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਲਈ ਨਿਆਂ ਯਕੀਨੀ ਬਣਾਏ ਬਿਨਾਂ ਇਹ ਸੰਘਰਸ਼ ਖ਼ਤਮ ਨਹੀਂ ਹੋਵੇਗਾ। ਕਾਂਗਰਸ ਜਨਰਲ ਸਕੱਤਰ ਵਾਡਰਾ ਨੇ ਕਿਹਾ ਕਿ ਲਖੀਮਪੁਰ ਖੀਰੀ ਦੀ ਹਿੰਸਾ ਨੇ ਭਾਜਪਾ ਦਾ 'ਕਿਸਾਨ ਵਿਰੋਧੀ' ਚਿਹਰਾ ਨੰਗਾ ਕੀਤਾ ਹੈ। ਉਨ੍ਹਾਂ ਕਿਹਾ ਕਿ ਇਕ ਸਾਲ ਬਾਅਦ ਵੀ ਕੇਂਦਰੀ ਮੰਤਰੀ ਆਪਣੇ ਅਹੁਦੇ ਉਤੇ ਬਣਿਆ ਹੋਇਆ ਹੈ ਕਿਉਂਕਿ ਸੱਤਾਧਾਰੀ ਉਸ ਨੂੰ ਬਚਾ ਰਹੇ ਹਨ।

ਪ੍ਰਿਯੰਕਾ ਨੇ ਕਿਹਾ ਕਿ ਮਾਮਲੇ ਦੀ ਸੁਣਵਾਈ ਬਹੁਤ ਸੁਸਤ ਰਫ਼ਤਾਰ ਨਾਲ ਅੱਗੇ ਵੱਧ ਰਹੀ ਹੈ ਤੇ ਪੀੜਤ ਪਰਿਵਾਰ ਨਿਰਾਸ਼ ਹਨ। ਉਨ੍ਹਾਂ ਕਿਹਾ ਕਿ ਸੰਘਰਸ਼ ਦੇ ਬਾਵਜੂਦ ਕਿਸਾਨਾਂ ਨੂੰ 'ਨਾ ਤਾਂ ਐਮਐੱਸਪੀ ਕਾਨੂੰਨ ਮਿਲਿਆ ਹੈ ਤੇ ਨਾ ਹੀ ਸ਼ਹੀਦ ਹੋਏ ਕਿਸਾਨਾਂ ਲਈ ਇਨਸਾਫ਼ ਮਿਲਿਆ ਹੈ।' ਲਖੀਮਪੁਰ ਖੀਰੀ ਹਿੰਸਾ ਦੀ ਪਹਿਲੀ ਬਰਸੀ ਮੌਕੇ ਕਾਂਗਰਸ ਨੇ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਟੈਨੀ ਨੂੰ ਅਜੇ ਤੱਕ ਕੇਂਦਰੀ ਵਜ਼ਾਰਤ ਵਿੱਚ ਬਣਾਈ ਰੱਖਣ ਲਈ ਮੋਦੀ ਸਰਕਾਰ 'ਤੇ ਜ਼ੋਰਦਾਰ ਹਮਲੇ ਕੀਤੇ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ, 'ਇਸ ਤੋਂ ਵੱਧ ਨਿਰਾਦਰ ਹੋਰ ਕੀ ਹੋ ਸਕਦਾ ਹੈ ਕਿ ਤਿੰਨ ਕਾਲੇ ਕੇਂਦਰੀ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ ਨੂੰ ਮਿੱਥ ਕੇ ਜੀਪ ਹੇਠ ਦਰੜ ਦਿੱਤਾ ਜਾਵੇ ਤੇ ਅਪਰਾਧੀ ਦਾ ਪਿਤਾ ਕੇਂਦਰੀ ਵਜ਼ਾਰਤ ਵਿੱਚ ਬਣਿਆ ਰਹੇ।' ਰਮੇਸ਼ ਨੇ ਕਿਹਾ ਕਿ ਚਾਰ ਕਿਸਾਨਾਂ ਤੇ ਇਕ ਪੱਤਰਕਾਰ ਦੀ ਹੱਤਿਆ ਵਿੱਚ ਕੇਂਦਰੀ ਮੰਤਰੀ ਦੇ ਪੁੱਤਰ ਦੀ ਕਥਿਤ ਸ਼ਮੂਲੀਅਤ ਬਾਰੇ ਸਪੱਸ਼ਟ ਸਬੂਤ ਸਨ।

## ਪੰਜਾਬ 'ਚ ਆਈਐਸਆਈ ਸਮਰਥਕ ਯੋਗਰਾਜ ਨਾਰਕੋ ਟੈਰਰ ਮਡਿਊਲ ਦਾ ਪਰਦਾਫਾਸ਼

ਹਥਿਆਰਾਂ ਤੇ ਹੈਰੋਇਨ ਸਮੇਤ ਇਕ ਗ੍ਰਿਫ਼ਤਾਰ




ਚੰਡੀਗੜ੍ਹ/ਅੰਮ੍ਰਿਤਸਰ/ਏ.ਟੀ.ਨਿਊਜ਼ :- ਪੰਜਾਬ ਪੁਲਿਸ ਨੇ ਪਾਕਿਸਤਾਨ ਦੀ ਖ਼ੁਫੀਆ ਏਜੰਸੀ ਆਈਐਸਆਈ ਸਮਰਥਕ ਨਾਰਕੋ ਟੈਰਰ ਮਡਿਊਲ ਦਾ ਪਰਦਾਫਾਸ਼ ਕੀਤਾ ਹੈ। ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਯੋਗਰਾਜ ਯੋਗ ਨਾਂ ਦੇ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਉਸ ਕੋਲੋਂ ਆਈਈਡੀ ਟਿਫ਼ਨ ਬਾਕਸ, ਦੋ ਏਕੇ 56 ਰਾਈਫਲ, ਇੱਕ ਪਿਸਤੌਲ ਅਤੇ ਦੋ ਕਿਲੋ ਹੈਰੋਇਨ ਬਰਾਮਦ ਹੋਈ ਹੈ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਗ੍ਰਿਫਤਾਰ ਯੋਗਰਾਜ ਯੋਗਾ ਕੈਨੇਡਾ ਸਥਿਤ ਨੱਡਾ ਅਤੇ ਪਾਕਿਸਤਾਨ ਸਥਿਤ ਰਿੰਦਾ ਦੇ ਇਸ਼ਾਰੇ 'ਤੇ ਕੰਮ ਕਰਦਾ ਸੀ। ਮੁਲਜ਼ਮ ਨੂੰ ਸਤੰਬਰ 2019 ਵਿੱਚ ਵੀ ਹਥਿਆਰਾਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ ਸੀ।

## ਸਰਕਾਰੀ ਕੰਮਕਾਜ ਠੱਪ ਹੋਣ ਦੀ ਸੰਭਾਵਨਾ, 'ਆਪ' ਵਜ਼ੀਰਾਂ ਤੇ ਵਿਧਾਇਕਾਂ ਦੀਆਂ ਵਹੀਰਾਂ ਗੁਜਰਾਤ ਵੱਲ

ਚੰਡੀਗੜ੍ਹ/ਏ.ਟੀ.ਨਿਊਜ਼ :- ਪੰਜਾਬ ਵਿਧਾਨ ਸਭਾ ਦੇ ਇਜਲਾਸ ਤੋਂ ਬਾਅਦ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਤੇ ਬਹੁਤੇ ਮੰਤਰੀਆਂ ਨੂੰ ਗੁਜਰਾਤ ਵਿਚ ਚੋਣ ਪ੍ਰਚਾਰ ਲਈ ਪੁੱਜਣ ਦੇ ਹੁਕਮ ਹੋ ਗਏ ਹਨ। ਹਾਲਾਂਕਿ ਚੋਣ ਕਮਿਸ਼ਨ ਵਲੋਂ ਗੁਜਰਾਤ ਵਿਖੇ ਚੋਣਾਂ ਦਾ ਪ੍ਰੋਗਰਾਮ ਅਜੇ ਨਾ ਐਲਾਨੇ ਜਾਣ ਕਾਰਨ ਇਹ ਸਪੱਸ਼ਟ ਨਹੀਂ ਹੈ ਕਿ ਉਥੇ ਚੋਣਾਂ ਨਵੰਬਰ 2022 ਤੋਂ ਜਨਵਰੀ 2023 ਦਰਮਿਆਨ ਕਦੋਂ ਹੋਣਗੀਆਂ, ਪਰ ਪਾਰਟੀ ਸੁਪਰੀਮੋ ਅਰਵਿੰਦ ਕੇਜਰੀਵਾਲ ਦੇ ਹੁਕਮਾਂ ਦੀ ਪਾਲਣਾ ਕਰਨਾ ਸਾਰੇ ਮੰਤਰੀਆਂ ਤੇ ਵਿਧਾਇਕਾਂ ਲਈ ਜ਼ਰੂਰੀ ਬਣ ਗਿਆ ਹੈ। ਚੋਣ ਜ਼ਾਬਤਾ ਲਾਗੂ ਨਾ ਹੋਣ ਕਾਰਨ ਫ਼ਿਲਹਾਲ ਗੁਜਰਾਤ ਜਾਣ ਲਈ ਮੰਤਰੀਆਂ ਤੇ ਵਿਧਾਇਕਾਂ 'ਤੇ ਵੀ ਕੋਈ ਪਾਬੰਦੀ ਨਹੀਂ ਹੈ। ਪੰਜਾਬ ਤੋਂ ਰਾਜ ਸਭਾ ਮੈਂਬਰ ਰਾਘਵ ਚੱਢਾ ਵੀ ਆਪਣੇ ਨੀਤੀ ਸਟਾਫ਼ ਨਾਲ ਕੋਈ 8-10 ਦਿਨ ਪਹਿਲਾਂ ਗੁਜਰਾਤ ਚਲੇ ਗਏ ਸਨ, ਜਿਨ੍ਹਾਂ ਨੂੰ ਚੋਣਾਂ ਲਈ ਸਹਿ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਚੱਢਾ ਪੰਜਾਬ ਦੇ ਮੰਤਰੀਆਂ ਅਤੇ ਵਿਧਾਇਕਾਂ ਨੂੰ ਗੁਜਰਾਤ ਵਿਚੋਂ ਡਿਊਟੀਆਂ ਆਦਿ ਅਲਾਟ ਕਰ ਰਹੇ ਹਨ। ਦਿਲਚਸਪ ਗੱਲ ਹੈ ਕਿ ਇਕ ਪ੍ਰਮੁੱਖ ਚੋਣ ਕੰਪਨੀ, ਜਿਸ ਵਲੋਂ ਬੀਤੇ ਦਿਨੀਂ ਗੁਜਰਾਤ ਵਿਖੇ ਕੀਤੇ ਸਰਵੇਖਣ ਤੋਂ ਬਾਅਦ ਆਮ ਆਦਮੀ ਪਾਰਟੀ ਨੂੰ ਕਾਫ਼ੀ ਹੇਠਾਂ ਦੱਸਿਆ ਹੈ, ਇਸ ਦੇ ਬਾਵਜੂਦ ਕੇਜਰੀਵਾਲ ਵਲੋਂ ਆਪਣੀ ਪਾਰਟੀ ਦੀ ਸਮੁੱਚੀ ਸ਼ਕਤੀ ਗੁਜਰਾਤ ਵਿਚ ਝੋਕਣ ਦਾ ਫ਼ੈਸਲਾ ਕਿਉਂ ਲਿਆ ਹੈ ਇਹ ਵੀ ਸਿਆਸੀ ਹਲਕਿਆਂ ਵਿਚ ਚਰਚਾ ਦਾ ਵਿਸ਼ਾ ਹੈ। ਸਰਕਾਰੀ ਸੂਤਰਾਂ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਤੇ ਉਨ੍ਹਾਂ ਦੇ ਸਾਥੀ ਮੰਤਰੀਆਂ ਨੇ ਆਉਣ ਵਾਲੇ ਦਿਨਾਂ ਲਈ ਕਈ ਨਿਸ਼ਚਿਤ ਪ੍ਰੋਗਰਾਮ ਤੇ ਮੀਟਿੰਗਾਂ ਰੱਦ ਕੀਤੇ ਹਨ, ਕਿਉਂਕਿ ਉਹ ਗੁਜਰਾਤ ਵਿਚ ਹੋਣਗੇ। ਪਰ ਸਰਕਾਰੀ ਹਲਕਿਆਂ ਵਿਚ ਚਰਚਾ ਹੈ ਕਿ ਮੰਤਰੀਆਂ ਤੇ ਵਿਧਾਇਕਾਂ ਦੀ ਗ਼ੈਰਹਾਜ਼ਰੀ ਦਾ ਅਸਰ ਸਰਕਾਰੀ ਕੰਮਕਾਜ 'ਤੇ ਵੀ ਪਵੇਗਾ। ਮੁੱਖ ਮੰਤਰੀ ਤਾਂ ਪਹਿਲਾਂ ਹੀ ਪੰਜਾਬ ਸਿਵਲ ਸਕੱਤਰੇਤ ਵਿਖੇ ਮੰਤਰੀ ਮੰਡਲ ਦੀ ਜਾਂ ਕਿਸੇ ਹੋਰ ਵਿਸ਼ੇਸ਼ ਮੀਟਿੰਗ ਲਈ ਹੀ ਆਉਂਦੇ ਹਨ, ਪਰ ਹੁਣ ਅਗਲੇ ਦਿਨਾਂ ਦੌਰਾਨ ਬਹੁਤੇ ਮੰਤਰੀ ਵੀ ਸਿਵਲ ਸਕੱਤਰੇਤ ਤੋਂ ਗੈਰ ਹਾਜ਼ਰ ਰਹਿਣਗੇ। ਪ੍ਰਸ਼ਾਸਨਿਕ ਹਲਕਿਆਂ 'ਚ ਸਮਝਿਆ ਜਾ ਰਿਹਾ ਹੈ ਕਿ ਗੁਜਰਾਤ ਚੋਣ ਕਾਰਨ ਪੰਜਾਬ ਸਰਕਾਰ ਇਕ ਤਰ੍ਹਾਂ ਨਾਲ ਅਗਲੇ ਦੋ ਮਹੀਨੇ ਠੱਪ ਰਹੇਗੀ।

# ਸਾਨੂੰ 93 ਵੋਟਾਂ ਪਈਆਂ : ਭਗਵੰਤ ਮਾਨ

## ਵੋਟਿੰਗ ਲਈ ਅਕਾਲੀ ਅਤੇ ਬਸਪਾ ਵਿਧਾਇਕ ਦਾ ਕੀਤਾ ਧੰਨਵਾਦ

## ਅਕਾਲੀ ਮੈਂਬਰ ਮਨਪ੍ਰੀਤ ਸਿੰਘ ਇਯਾਲੀ ਤੇ ਬਸਪਾ ਦੇ ਡਾ. ਨਛੱਤਰਪਾਲ ਨੇ ਆਪ ਦੇ ਝੂਠ ਦਾ ਕੀਤਾ ਪਰਦਾਫਾਸ਼, ਸਪੱਸ਼ਟ ਕੀਤਾ ਕਿ ਉਨ੍ਹਾਂ ਨੇ ਮਤੇ ਨੂੰ ਸਮਰਥਨ ਨਹੀਂ ਦਿੱਤਾ



ਚੰਡੀਗੜ੍ਹ/ਏ.ਟੀ.ਨਿਊਜ਼ :- ਪੰਜਾਬ ਵਿਧਾਨ ਸਭਾ ਇਜਲਾਸ ਦੇ ਆਖ਼ਰੀ ਦਿਨ ਵਿਧਾਨ ਸਭਾ ਵਲੋਂ ਮੁੱਖ ਮੰਤਰੀ ਭਗਵੰਤ ਮਾਨ ਵਲੋਂ ਪੇਸ਼ ਮੰਤਰੀ ਮੰਡਲ ਵਿਚ ਵਿਸ਼ਵਾਸ ਮਤੇ ਨੂੰ ਪਾਸ ਕਰ ਦਿੱਤਾ ਗਿਆ। ਸਪੀਕਰ ਵਲੋਂ ਸਦਨ ਵਿਚ ਹਾਲਾਂਕਿ ਮਤੇ ਦੇ ਸਮਰਥਨ ਵਿਚ 93 ਵੋਟਾਂ ਦਾ ਐਲਾਨ ਕੀਤਾ ਗਿਆ, ਪਰ ਆਮ ਆਦਮੀ ਪਾਰਟੀ ਦੇ 91 ਵਿਧਾਇਕਾਂ ਤੋਂ ਇਲਾਵਾ ਉਸ ਸਮੇਂ ਸਦਨ ਵਿਚ ਹਾਜ਼ਰ ਅਕਾਲੀ ਮੈਂਬਰ ਮਨਪ੍ਰੀਤ ਸਿੰਘ ਇਯਾਲੀ ਤੇ ਬਸਪਾ ਦੇ ਡਾ. ਨਛੱਤਰਪਾਲ ਨੇ ਇਸ ਦਾ ਖੰਡਨ ਕਰਦਿਆਂ ਸਪੱਸ਼ਟ ਕੀਤਾ ਕਿ ਉਨ੍ਹਾਂ ਨੇ ਮਤੇ ਨੂੰ ਸਮਰਥਨ ਨਹੀਂ ਦਿੱਤਾ। ਮੁੱਖ ਮੰਤਰੀ ਨੇ ਵਿਸ਼ਵਾਸ ਮਤੇ 'ਤੇ ਹੋਈ ਬਹਿਸ ਦਾ ਜਵਾਬ ਦਿੰਦਿਆਂ ਕਿਹਾ ਕਿ ਵਿਰੋਧੀ ਧਿਰ ਦੇ ਮੁੱਦਿਆਂ 'ਤੇ ਅਸੀਂ ਜਵਾਬਦੇਹ ਹਾਂ, ਪ੍ਰੰਤੂ ਫੌਜਾ ਸਿੰਘ ਸਰਾਰੀ, ਜਿਸ ਸੰਬੰਧੀ ਵਿਰੋਧੀ ਧਿਰ ਲਗਾਤਾਰ ਮੁੱਖ ਮੰਤਰੀ ਤੋਂ ਜਵਾਬ ਮੰਗਦੀ ਰਹੀ, ਦੇ ਸੰਬੰਧ ਵਿਚ ਮੁੱਖ ਮੰਤਰੀ ਦੀ ਚੁੱਪੀ ਬਰਕਰਾਰ ਰਹੀ। ਮੁੱਖ ਮੰਤਰੀ ਨੇ ਦੋਸ਼ ਲਗਾਇਆ ਕਿ ਕਾਂਗਰਸ, ਜੋ ਖ਼ੁਦ ਭਾਜਪਾ ਦੇ ਆਪ੍ਰੇਸ਼ਨ ਲੋਟਸ ਤੋਂ ਪੀੜਤ ਹੈ, ਫਿਰ ਵੀ ਅਜਿਹੀਆਂ ਸਾਜਿਸ਼ਾਂ ਦਾ ਸਮਰਥਨ ਕਰ ਰਹੀ ਹੈ। ਮੁੱਖ ਮੰਤਰੀ ਨੇ ਆਪਣੇ ਭਾਸ਼ਨ ਵਿਚ ਪ੍ਰਤਾਪ ਸਿੰਘ ਬਾਜਵਾ ਨੂੰ ਬਾਜਵਾ ਦੀ ਥਾਂ ਪਹਿਲਾਂ ਭਾਜਪਾ ਕਿਹਾ ਤੇ ਫਿਰ ਨੌਟੰਕੀ ਵਾਲੇ ਅੰਦਾਜ਼ ਵਿਚ ਆਪਣੇ ਮੈਂਬਰ ਵੱਲ ਵੇਖ ਕੇ ਕਿਹਾ ਕਿ ਮੁਆਫ਼ ਕਰਨਾ, ਮੈਂ ਬਾਜਵਾ ਕਹਿਣਾ ਸੀ। ਰਾਹੁਲ ਗਾਂਧੀ ਦਾ ਨਾਂ ਲਏ ਬਿਨਾਂ ਉਨ੍ਹਾਂ ਕਿਹਾ ਕਿ ਕਾਂਗਰਸ ਦਾ ਮੁਖੀ ਨਾ ਮੰਤਰੀ ਤੇ ਨਾ ਪ੍ਰਧਾਨ ਬਣਨ ਲਈ ਤਿਆਰ ਹੋਇਆ ਤੇ ਸਿੱਧਾ ਪ੍ਰਧਾਨ ਮੰਤਰੀ ਬਣਨਾ ਚਾਹੁੰਦਾ ਹੈ, ਜੋ ਉਸ ਨੂੰ ਲੋਕ ਬਣਾ ਨਹੀਂ ਰਹੇ। ਮੁੱਖ ਮੰਤਰੀ ਨੇ ਕਿਹਾ ਕਿ ਉਹ ਆਪਣੇ ਸਾਥੀਆਂ ਦੀ ਗਾਰੰਟੀ ਲੈਂਦੇ ਹਨ ਕਿ ਕਿਸੇ 'ਤੇ ਕੋਈ ਦਾਗ਼ ਨਹੀਂ ਹੈ। ਮਤੇ 'ਤੇ ਬੋਲਦਿਆਂ ਮੁੱਖ ਮੰਤਰੀ ਕਿਹਾ ਕਿ ਪੰਜਾਬ 'ਚ ਜ਼ੀਰੋ ਬਿੱਲ ਵਾਲੇ ਬਿਜਲੀ ਖਪਤਕਾਰਾਂ ਦੀ ਗਿਣਤੀ 50 ਲੱਖ 'ਤੇ ਪੁੱਜ ਗਈ ਹੈ। ਉਨ੍ਹਾਂ ਐਲਾਨ ਕੀਤਾ ਕਿ ਸਰਕਾਰ ਨੇ ਗੰਨੇ ਦੇ ਖ਼ਰੀਦ ਭਾਅ ਵਿਚ 20 ਰੁਪਏ ਦਾ ਵਾਧਾ ਕਰਦਿਆਂ ਖ਼ਰੀਦ ਮੁੱਲ 380 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਹੈ ਅਤੇ ਇਸ ਨਾਲ ਸਰਕਾਰੀ ਖ਼ਜ਼ਾਨੇ 'ਤੇ ੨੦੦ ਕਰੋੜ ਰੁਪਏ ਦਾ ਵਾਧੂ ਬੋਝ ਪਵੇਗਾ। ਉਨ੍ਹਾਂ ਕਿਹਾ ਕਿ ਜੋ ਗੰਨਾ ਮਿੱਲ ਮਾਲਕ ਗੰਨੇ ਦੀ ਕੀਮਤ ਦੀ ਅਦਾਇਗੀ ਕੀਤੇ ਬਿਨਾਂ ਵਿਦੇਸ਼ ਭੱਜੇ ਹੋਏ ਹਨ, ਉਨ੍ਹਾਂ ਦੀਆਂ ਮਿੱਲਾਂ ਦੀ ਕੁਰਕੀ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਮਾਨਸਾ ਪੁਲਿਸ ਦੀ ਹਿਰਾਸਤ ਵਿਚੋਂ ਫ਼ਰਾਰ ਹੋਏ ਗੈਂਗਸਟਰ ਦੀਪਕ ਟੀਨੂੰ ਸੰਬੰਧੀ ਦਾਅਵਾ ਕੀਤਾ ਕਿ ਉਸ ਨੂੰ ਛੇਤੀ ਫੜ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਗੈਂਗਸਟਰਵਾਦ ਇਕ ਦਿਨ ਵਿਚ ਪੈਦਾ ਨਹੀਂ ਹੋਇਆ ਅਤੇ ਇਸ ਲਈ ਮਗਰਲੀਆਂ ਸਰਕਾਰਾਂ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਸਿੱਧੂ ਮੂਸੇਵਾਲਾ ਕੇਸ ਨਾਲ ਸੰਬੰਧਿਤ 36 'ਚੋਂ 28 ਦੋਸ਼ੀ ਗ੍ਰਿਫ਼ਤਾਰ ਹੋ ਚੁੱਕੇ ਹਨ ਤੇ 24 ਦੋਸ਼ੀਆਂ ਵਿਰੁੱਧ ਚਲਾਨ ਵੀ ਪੇਸ਼ ਹੋ ਚੁੱਕਾ ਹੈ। ਇਸ ਤੋਂ ਪਹਿਲਾਂ ਮਤੇ 'ਤੇ ਬੋਲਦਿਆਂ ਅਕਾਲੀ ਦਲ ਦੇ ਮਨਪ੍ਰੀਤ ਸਿੰਘ ਇਯਾਲੀ ਨੇ ਕਿਹਾ ਕਿ ਭਰੋਸੇ ਦਾ ਮਤਾ ਲਿਆਉਣ ਦੀ ਤਾਂ ਕਿਸੇ ਵਲੋਂ ਮੰਗ ਹੀ ਨਹੀਂ ਸੀ ਤੇ ਨਾ ਹੀ ਇਸ ਦਾ ਕੋਈ ਜ਼ਿਕਰ ਕਾਰਜ ਸਲਾਹਕਾਰ ਕਮੇਟੀ ਦੀ ਬੈਠਕ ਦੌਰਾਨ ਹੋਇਆ। ਉਨ੍ਹਾਂ ਕਿਹਾ ਕਿ ਜੇ ਕਿਸੇ ਵਲੋਂ ਪੈਸੇ ਦੇਣ ਦੀ ਪੇਸ਼ਕਸ਼ ਹੋਈ ਹੈ ਤਾਂ ਉਸ ਦਾ ਸਬੂਤ ਲੋਕਾਂ ਸਾਹਮਣੇ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਸਰਕਾਰ ਵਲੋਂ ਵਿਜੀਲੈਂਸ ਕੋਲ 20-22 ਪਹਿਲਾਂ ਕੇਸ ਦਰਜ ਕਰਵਾਇਆ ਗਿਆ ਸੀ ਪਰ ਅੱਜ ਤੱਕ ਉਸ 'ਤੇ ਕਾਰਵਾਈ ਨਹੀਂ ਹੋਈ। ਉਨ੍ਹਾਂ ਕਿਹਾ ਕਿ ਗੁਜਰਾਤ ਤੇ ਹਿਮਾਚਲ ਦੀਆਂ ਚੋਣਾਂ ਲਈ ਇਸ ਨੂੰ ਮੁੱਦਾ ਬਣਾਉਣ ਦਾ ਡਰਾਮਾ ਹੋ ਰਿਹਾ ਹੈ। ਉਨ੍ਹਾਂ ਸਦਨ ਵਿਚ ਸਪੱਸ਼ਟ ਕਿਹਾ ਕਿ ਉਹ ਮਤੇ ਦੇ ਵਿਰੋਧ ਵਿਚ ਹਨ ਅਤੇ ਇਸ ਦੀ ਕੋਈ ਲੋੜ ਨਹੀਂ ਸੀ। ਮਤੇ 'ਤੇ ਮੰਤਰੀ ਅਨਮੋਲ ਗਗਨ ਮਾਨ, ਬਲਜਿੰਦਰ ਕੌਰ, ਜਸਵੰਤ ਸਿੰਘ ਗੱਜਣਮਾਜਰਾ, ਦਿਨੇਸ਼ ਚੱਢਾ, ਸ਼ੀਤਲ ਅੰਗੁਰਾਲ, ਅਜੀਤਪਾਲ ਸਿੰਘ ਕੋਹਲੀ, ਅੰਮ੍ਰਿਤਪਾਲ ਸਿੰਘ, ਬੁੱਧ ਰਾਮ, ਅਮੋਲਕ ਸਿੰਘ, ਗੁਰਦੇਵ ਸਿੰਘ ਅਤੇ ਬਸਪਾ ਦੇ ਡਾ. ਨਛੱਤਰਪਾਲ ਨੇ ਵੀ ਵਿਚਾਰ ਰੱਖੇ।

ਸਿਫ਼ਰ ਕਾਲ : ਸਿਫ਼ਰ ਕਾਲ ਦੌਰਾਨ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਸੂਬੇ ਵਿਚ ਅਜਿਹੇ ਹਾਲਾਤ ਬਣੇ ਹੋਏ ਹਨ ਕਿ ਆਮ ਲੋਕ ਵੱਡੇ ਡਰ ਤੇ ਸਹਿਮ ਵਿਚ ਹਨ। ਸੂਬੇ ਨੂੰ ਇਕ ਤਰ੍ਹਾਂ ਨਾਲ ਗੈਂਗਸਟਰਾਂ ਵਲੋਂ ਚਲਾਇਆ ਜਾ ਰਿਹਾ ਹੈ। ਉਹ ਕਿਸੇ ਨੂੰ ਵੀ ਮਾਰ ਰਹੇ ਹਨ, ਕਿਸੇ ਤੋਂ ਵੀ ਫਿਰੌਤੀ ਲੈ ਸਕਦੇ ਹਨ ਤੇ ਦੀਪਕ ਟੀਨੂੰ ਜਿਸ ਵਿਰੁੱਧ 34 ਕੇਸ ਹਨ, ਉਸ ਨੂੰ ਪੁਲਿਸ ਵਲੋਂ ਭਜਾ ਦਿੱਤਾ ਗਿਆ, ਜੋ ਕਿ ਮੂਸੇਵਾਲਾ ਕੇਸ ਵਿਚ ਅਹਿਮ ਕੜੀ ਸੀ। ਉਨ੍ਹਾਂ ਕਿਹਾ ਕਿ ਮਾਨਸਾ ਸੀ.ਆਈ.ਏ. ਸਟਾਫ਼ ਦਾ ਮੁਖੀ ਇਕ ਏ.ਐਸ.ਆਈ. ਓ.ਆਰ. ਰੈਂਕ ਦੇ ਇੰਸਪੈਕਟਰ ਬਣਾ ਕੇ ਲਗਾਇਆ ਹੋਇਆ ਸੀ, ਜਿਸ ਵਲੋਂ 'ਏ' ਸ਼੍ਰੇਣੀ ਦੇ ਗੈਂਗਸਟਰ ਨੂੰ ਭਜਾਇਆ ਗਿਆ। ਉਨ੍ਹਾਂ ਕਿਹਾ ਕਿ ਇਕ ਹੋਰ ਗੈਂਗਸਟਰ ਅਮਰੀਕ ਸਿੰਘ ਨੂੰ ਜੇਲ੍ਹ ਸੁਪਰਡੈਂਟ ਪਟਿਆਲਾ ਦੀ ਸੂਚਨਾ ਤੋਂ ਬਿਨਾਂ ਜੇਲ੍ਹ ਤੋਂ ਕੱਢ ਕੇ ਭਜਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਹਾਲਾਤ ਦੇ ਮੁੱਖ ਮੰਤਰੀ ਤੇ ਡੀ.ਜੀ.ਪੀ. ਖ਼ੁਦ ਜ਼ਿੰਮੇਵਾਰ ਹਨ, ਪਰ ਕਾਂਗਰਸ ਦੇ ਸੁਖਪਾਲ ਸਿੰਘ ਖਹਿਰਾ ਸਮੇਤ ਦੂਜੇ ਮੈਂਬਰਾਂ ਨੂੰ ਸਿਫ਼ਰ ਕਾਲ ਵਿਚ ਸਪੀਕਰ ਵਲੋਂ ਮੁੱਦਾ ਉਠਾਉਣ ਲਈ ਸਮਾਂ ਨਾ ਮਿਲਣ ਕਾਰਨ ਕਾਂਗਰਸ ਮੈਂਬਰ ਸਪੀਕਰ ਦੀ ਕੁਰਸੀ ਸਾਹਮਣੇ ਜਾ ਕੇ ਨਾਅਰੇਬਾਜ਼ੀ ਕਰਨ ਲੱਗੇ ਤੇ ਕੁਝ ਸਮੇਂ ਬਾਅਦ ਸਦਨ ਤੋਂ ਵਾਕਆਊਟ ਕਰ ਗਏ। ਦਿਲਚਸਪ ਗੱਲ ਇਹ ਸੀ ਕਿ ਇਸ ਤੋਂ ਪਹਿਲਾਂ ਵੀ ਬਾਜਵਾ ਨੇ ਸਿਫ਼ਰ ਕਾਲ ਸਮਾਗਮ ਦੇ ਅਖ਼ੀਰ ਵਿਚ ਰੱਖਣ ਦੀ ਥਾਂ ਵਿਸ਼ਵਾਸ ਮਤੇ ਤੋਂ ਪਹਿਲਾਂ ਰੱਖਣ ਦੀ ਮੰਗ ਉਠਾਈ ਤਾਂ ਸਪੀਕਰ ਸਦਨ 15 ਮਿੰਟਾਂ ਲਈ ਮੁਅੱਤਲ ਕਰਕੇ ਚਲੇ ਗਏ।

ਹਲਵਾਰਾ ਹਵਾਈ ਅੱਡੇ ਦਾ ਨਾਂ ਕਰਤਾਰ ਸਿੰਘ ਸਰਾਭਾ ਦੇ ਨਾਂ 'ਤੇ ਰੱਖਣ ਦੀ ਕਰਾਂਗੇ ਮੰਗ

ਅਕਾਲੀ ਦਲ ਦੇ ਮਨਪ੍ਰੀਤ ਸਿੰਘ ਇਯਾਲੀ ਵਲੋਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ 16 ਨਵੰਬਰ ਨੂੰ ਬਰਸੀ ਤੋਂ ਪਹਿਲਾਂ ਉਨ੍ਹਾਂ ਦੇ ਇਲਾਕੇ ਲਈ ਮੁੱਖ ਮਾਰਗ ਦੀ ਮੁਰੰਮਤ ਦੀ ਮੰਗ ਉਠਾਉਣ 'ਤੇ ਮੁੱਖ ਮੰਤਰੀ ਨੇ ਕਿਹਾ ਕਿ ਇਹ ਸੜਕ ਠੀਕ ਹੋ ਜਾਵੇਗੀ ਤੇ ਅਸੀਂ ਭਾਰਤ ਸਰਕਾਰ ਵਲੋਂ ਹਲਵਾਰਾ ਹਵਾਈ ਅੱਡੇ ਦਾ ਨਾਂ ਕਰਤਾਰ ਸਿੰਘ ਸਰਾਭਾ ਦੇ ਨਾਂ 'ਤੇ ਰੱਖਣ ਲਈ ਵੀ ਲਿਖ ਰਹੇ ਹਾਂ। ਸਦਨ ਦੀ ਬੈਠਕ ਉੱਠਣ ਤੋਂ ਪਹਿਲਾਂ ਇਸ ਮੌਕੇ ਮੁੱਖ ਮੰਤਰੀ ਨੇ ਕੇਂਦਰ ਸਰਕਾਰ ਦਾ ਮੋਹਾਲੀ ਹਵਾਈ ਅੱਡੇ ਦਾ ਨਾਂ ਸ਼ਹੀਦ ਭਗਤ ਸਿੰਘ ਦੇ ਨਾਂ 'ਤੇ ਰੱਖਣ ਲਈ ਧੰਨਵਾਦ ਕੀਤਾ। ਉਨ੍ਹਾਂ ਬੇਅਦਬੀ ਕਾਂਡ ਅਤੇ ਬਰਗਾੜੀ ਤੇ ਬਹਿਬਲ ਕਲਾਂ ਘਟਨਾਵਾਂ ਦੀ ਜਾਂਚ ਛੇਤੀ ਪੂਰੀ ਕਰਨ ਅਤੇ ਇਨਸਾਫ਼ ਦੇਣ ਦਾ ਵਾਅਦਾ ਵੀ ਦੁਹਰਾਇਆ।

ਕਾਰਵਾਈ ਵਾਹਿਗੁਰੂ ਜੀ ਕੀ ਫ਼ਤਹਿ ਨਾਲ ਖ਼ਤਮ

ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਸਦਨ ਦੀ ਆਖ਼ਰੀ ਬੈਠਕ ਅਣਮਿੱਥੇ ਸਮੇਂ ਲਈ ਉਠਾ ਦਿੱਤੇ ਜਾਣ ਦਾ ਐਲਾਨ ਕਰਨ ਤੋਂ ਬਾਅਦ ਕਾਰਵਾਈ ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ ਨਾਲ ਖ਼ਤਮ ਕੀਤੀ।

(ਬਾਕੀ ਸਫ਼ਾ 31 'ਤੇ)

# ਪੁਲਿਸ ਦੀ ਰਾਈਫਲ ਲੈ ਕੇ ਭੱਜਿਆ ਨੌਜਵਾਨ ਕਾਬੂ



ਧਾਰੀਵਾਲ/ਏ.ਟੀ.ਨਿਊਜ਼ :- ਥਾਣਾ ਧਾਰੀਵਾਲ ਵਿਖੇ ਡਿਊਟੀ ਕਰਦੇ ਸਮੇਂ ਸੰਤਰੀ ਕੋਲੋਂ ਇਕ ਨੌਜਵਾਨ ਵਲੋਂ ਰਾਈਫਲ ਖੋਹ ਕੇ ਰਫੂ ਚੱਕਰ ਹੋਣ ਉਪਰੰਤ ਆਪਣੀ ਫੇਸਬੁੱਕ ਆਈ.ਡੀ. 'ਤੇ ਲਾਈਵ ਹੋ ਕੇ ਵੀਡੀਓ ਵਾਇਰਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਬੇਸ਼ੱਕ ਪੁਲਿਸ ਨੇ ਮੁਸ਼ਤੈਦੀ ਵਰਤਦਿਆਂ ਪਿੰਡ ਕੋਟ ਧੰਦਲ ਤੋਂ ਰਾਈਫ਼ਲ ਸਮੇਤ ਨੌਜਵਾਨ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਡੀ. ਐਸ. ਪੀ. ਸੁਖਵਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਉਕਤ ਨੌਜਵਾਨ ਸਵੇਰੇ ਥਾਣਾ ਧਾਰੀਵਾਲ ਵਿਖੇ ਚਿੱਟੇ ਰੰਗ ਦੀ ਕਾਰ 'ਤੇ ਆਇਆ ਤਾਂ ਇਸ ਦੌਰਾਨ ਡਿਊਟੀ ਕਰ ਰਹੇ ਪੰਜਾਬ ਹੋਮਗਾਰਡ ਦੇ ਜਵਾਨ ਪ੍ਰਦੀਪ ਕੁਮਾਰ ਨੰਬਰ-114 ਵਾਸੀ ਸੋਹਲ ਨੇ ਜਸਵਿੰਦਰ ਸਿੰਘ ਨੂੰ ਪੁਛਿਆ ਕਿ ਕਿਸ ਨੂੰ ਮਿਲਣਾ ਹੈ, ਜਿਸ ਨੇ ਕਿਹਾ ਕਿ ਮੇਰਾ ਨਾਂ ਜਸਵਿੰਦਰ ਸਿੰਘ ਪਿੰਡ ਗੁਰਦਾਸ ਨੰਗਲ ਹੈ ਅਤੇ ਮੈਂ ਮੁਨਸ਼ੀ ਨੂੰ ਮਿਲਣਾ ਹੈ ਤਾਂ ਏਨਾ ਕਹਿ ਕੇ ਉਹ ਇਸ ਦੇ ਪਾਸ ਜੋ ਏ.ਐਲ.ਆਰ. ਬਾਡੀ ਨੰਬਰ 33227 ਬੱਟ ਨੰਬਰ 27 ਸੀ, ਜਿਸ ਵਿਚ 15 ਰੌਂਦ ਸਨ, ਇਸ ਨੂੰ ਧੱਕਾ ਮਾਰ ਕੇ ਖੋਹ ਕੇ ਭੱਜ ਗਿਆ। ਪੁਲਿਸ ਵਲੋਂ ਨੌਜਵਾਨ ਦੇ ਮੋਬਾਈਲ ਦੀ ਲੋਕੇਸ਼ਨ ਰਾਹੀਂ ਉਸ ਨੂੰ ਪਿੰਡ ਕੋਟ ਧੰਦਲ ਦੇ ਟਿਊਬਵੈਲ 'ਤੇ ਘੇਰਾ ਪਾ ਲਿਆ।

ਇਸੇ ਦੌਰਾਨ ਨੌਜਵਾਨ ਜਸਵਿੰਦਰ ਸਿੰਘ ਫੇਸਬੁੱਕ 'ਤੇ ਲਾਈਵ ਹੋ ਕੇ ਉਸ ਨੇ ਪਿੰਡ ਗੁਰਦਾਸ ਨੰਗਲ ਦੇ ਗੁਰਦੁਆਰਾ ਕਮੇਟੀ 'ਤੇ ਧੱਕੇਸ਼ਾਹੀ ਦੇ ਦੋਸ਼ ਲਗਾਏ ਅਤੇ ਕਿਹਾ ਕਿ ਉਸ ਨੇ ਇਹ ਕੰਮ ਐਸ.ਐਚ.ਓ. ਨੂੰ ਸਬਕ ਸਿਖਾਉਣ ਲਈ ਕੀਤਾ ਹੈ। ਵੀਡੀਓ ਸੁਣ ਸਾਰੇ ਪੱਤਰਕਾਰ ਅਤੇ ਕੁਝ ਵਕੀਲ ਵੀ ਉਥੇ ਪਹੁੰਚ ਗਏ, ਜਿਨ੍ਹਾਂ ਦੀ ਹਾਜ਼ਰੀ ਵਿਚ ਉਸ ਨੇ ਪੁਲਿਸ ਅੱਗੇ ਆਤਮ ਸਮਰਪਣ ਕਰ ਦਿੱਤਾ। ਡੀ.ਐਸ.ਪੀ. ਬਰਾੜ ਨੇ ਅੱਗੇ ਦੱਸਿਆ ਕਿ ਰਾਈਫਲ ਨੂੰ ਆਪਣੇ ਕਬਜ਼ੇ ਵਿਚ ਲੈ ਕੇ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

# ਗੁਰਦੁਆਰੇ ਵਿਚ ਬੇਅਦਬੀ ਕਰਨ ਵਾਲੇ ਨੌਜਵਾਨ ਨੂੰ ਖੰਭੇ ਨਾਲ ਬੰਨ੍ਹ ਕੇ ਕੁੱਟਿਆ

## ਸੇਵਾਦਾਰਾਂ ਨੇ ਕੀਤਾ ਪੁਲਿਸ ਹਵਾਲੇ





ਅੰਮ੍ਰਿਤਸਰ/ਏ.ਟੀ.ਨਿਊਜ਼ :- ਥਾਣਾ ਸਦਰ ਅਧੀਨ ਪੈਂਦੇ ਮਜੀਠਾ ਰੋਡ ਇਲਾਕੇ ਵਿੱਚ ਸਥਿਤ ਗੁਰਦੁਆਰਾ ਸਾਹਿਬ ਵਿੱਚ ਦਾਖ਼ਲ ਹੋ ਕੇ ਬੇਅਦਬੀ ਕਰਨ ਵਾਲੇ ਨੌਜਵਾਨ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਘਟਨਾ ਦਾ ਪਤਾ ਲੱਗਣ ਸਾਰ ਮੌਕੇ 'ਤੇ ਮੌਜੂਦ ਸੇਵਾਦਾਰਾਂ ਨੇ ਉਸ ਨੂੰ ਫੜਕੇ ਖੰਭੇ ਨਾਲ ਬੰਨ੍ਹ ਕੇ ਉਸ ਦੀ ਕੁੱਟਮਾਰ ਕੀਤੀ।

ਘਟਨਾ ਦਾ ਪਤਾ ਲੱਗਦਿਆਂ ਹੀ ਥਾਣਾ ਸਦਰ ਦੀ ਪੁਲਿਸ ਨੇ ਕਿਸੇ ਤਰ੍ਹਾਂ ਉਕਤ ਨੌਜਵਾਨ ਨੂੰ ਛੁਡਵਾ ਕੇ ਥਾਣੇ ਲਿਆਂਦਾ। ਇੰਸਪੈਕਟਰ ਮੋਹਿਤ ਕੁਮਾਰ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਮੁਢਲੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਬੇਅਦਬੀ ਦਾ ਮੁਲਜ਼ਮ ਨੌਜਵਾਨ ਮਾਨਸਿਕ ਤੌਰ 'ਤੇ ਠੀਕ ਨਹੀਂ ਹੈ। ਫਿਲਹਾਲ ਮੁਲਜ਼ਮ ਖ਼ਿਲਾਫ਼ ਮਾਮਲਾ ਦਰਜ ਕਰ ਲਿਆ ਗਿਆ ਹੈ। ਉਸ ਦੇ ਪਰਿਵਾਰ ਦਾ ਪਤਾ ਲਗਾਇਆ ਜਾ ਰਿਹਾ ਹੈ।

ਮੌਕੇ 'ਤੇ ਮੌਜੂਦ ਸੇਵਾਦਾਰਾਂ ਨੇ ਦੱਸਿਆ ਕਿ ਐਤਵਾਰ ਸ਼ਾਮ ਨੂੰ ਅਚਾਨਕ ਇਕ ਨੌਜਵਾਨ ਗੁਰਦੁਆਰਾ ਸਾਹਿਬ ਵਿਚ ਦਾਖ਼ਲ ਹੋ ਗਿਆ। ਉਸ ਸਮੇਂ ਗੁਰਦੁਆਰੇ ਦੇ ਅੰਦਰ ਕੋਈ ਨਹੀਂ ਸੀ। ਮੁਲਜ਼ਮ ਨੇ ਪਹਿਲਾਂ ਗੋਲਕ 'ਤੇ ਰੱਖੇ ਕੁਝ ਪੈਸੇ ਚੋਰੀ ਕਰ ਲਏ। ਫਿਰ ਉਹ ਉਥੇ ਰੱਖੇ ਹਥਿਆਰ ਵੀ ਚੁੱਕ ਕੇ ਬਾਹਰ ਭੱਜਣ ਲੱਗਾ। ਇਸ ਦੌਰਾਨ ਕੁਝ ਸੇਵਾਦਾਰਾਂ ਨੇ ਉਸ ਨੂੰ ਦੇਖ ਕੇ ਪਿੱਛਾ ਕੀਤਾ ਅਤੇ ਕੁਝ ਦੂਰੀ 'ਤੇ ਹੀ ਉਸ ਨੂੰ ਫੜ ਲਿਆ। ਸੇਵਾਦਾਰਾਂ ਨੇ ਆਪਣੇ ਪੱਧਰ 'ਤੇ ਮੁਲਜ਼ਮ ਬਾਰੇ ਪਤਾ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹ ਕੁਝ ਨਹੀਂ ਦੱਸ ਰਿਹਾ ਸੀ। ਫਿਰ ਉਸ ਨੂੰ ਗੁਰਦੁਆਰਾ ਸਾਹਿਬ ਦੀ ਹਦੂਦ ਅੰਦਰ ਖੰਭੇ ਨਾਲ ਰੱਸੀ ਨਾਲ ਬੰਨ੍ਹ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਆਮ ਆਦਮੀ ਪਾਰਟੀ ਨੇ ਬੇਅਦਬੀ ਮਾਮਲਿਆਂ ਦੀ ਜਾਂਚ ਲਈ ਕਮਿਸ਼ਨ ਬਣਾਉਣ ਦੀ ਗੱਲ ਵੀ ਕੀਤੀ ਸੀ ਪਰ 'ਆਪ' ਸਰਕਾਰ ਵੀ ਇਸ ਦਿਸ਼ਾ ਵਿਚ ਬਹੁਤਾ ਕੁਝ ਨਹੀਂ ਕਰ ਸਕੀ। ਇਸ ਕਾਰਨ ਬੇਅਦਬੀ ਦੇ ਮਾਮਲੇ ਲਗਾਤਾਰ ਵੱਧ ਰਹੇ ਹਨ।

## ਦਿੱਲੀ ਹਵਾਈ ਅੱਡੇ 'ਤੇ ਲਾਇਬੇਰੀਆ ਤੋਂ ਆਏ ਤਸਕਰ ਕੋਲੋਂ 9 ਕਰੋੜ ਦੀ ਕੋਕੀਨ ਬਰਾਮਦ

ਨਵੀਂ ਦਿੱਲੀ/ਏ.ਟੀ.ਨਿਊਜ਼ :- ਕੌਮਾਂਤਰੀ ਹਵਾਈ ਅੱਡੇ 'ਤੇ ਕਸਟਮ ਵਿਭਾਗ ਨੇ ਲਾਇਬੇਰੀਆ ਤੋਂ ਆਏ ਇਕ ਵਿਅਕਤੀ ਨੂੰ ਦੇਸ਼ ਵਿਚ ਤਸਕਰੀ ਲਈ ਲਿਆਂਦੀ 9 ਕਰੋੜ ਰੁਪਏ ਦੀ ਕੋਕੀਨ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਸਬੰਧੀ ਦੱਸਿਆ ਗਿਆ ਹੈ ਕਿ ਯਾਤਰੀ ਨੂੰ 29 ਸਤੰਬਰ ਨੂੰ ਅਦੀਸ ਅਬਾਬਾ ਦੇ ਰਸਤੇ ਅਜ਼ਰਬਾਈਜਾਨ ਤੋਂ ਪਹੁੰਚਣ ਤੋਂ ਬਾਅਦ ਰੋਕਿਆ ਗਿਆ ਸੀ। ਉਸ ਦੀ ਨਿੱਜੀ ਤੇ ਸਾਮਾਨ ਦੀ ਡੂੰਘਾਈ ਨਾਲ ਜਾਂਚ ਕਰਨ 'ਤੇ ਕੁਝ ਵੀ ਸ਼ੱਕੀ ਨਹੀਂ ਮਿਲਿਆ, ਪਰ ਪੁੱਛਗਿੱਛ ਕਰਨ 'ਤੇ ਯਾਤਰੀ ਨੇ ਸਵੀਕਾਰ ਕੀਤਾ ਕਿ ਉਸ ਨੇ ਕੁਝ ਕੈਪਸੂਲ ਨਿਗਲੇ ਹਨ। ਡਾਕਟਰੀ ਪ੍ਰਕਿਰਿਆ ਤੋਂ ਬਾਅਦ 50 ਕੈਪਸੂਲਾਂ ਦੀ ਰਿਕਵਰੀ ਹੋਈ, ਜਿਨ੍ਹਾਂ ਵਿਚੋਂ ਕੁੱਲ 599 ਗ੍ਰਾਮ ਚਿੱਟੇ ਪਾਊਡਰ ਦੀ ਰਿਕਵਰੀ ਹੋਈ, ਜੋ ਕੋਕੀਨ ਸੀ, ਜਿਸ ਦਾ ਕੌਮਾਂਤਰੀ ਬਾਜ਼ਾਰ ਵਿਚ ਮੁੱਲ ਲਗਭਗ 9 ਕਰੋੜ ਰੁਪਏ ਹੈ।

# ਦਲ ਖ਼ਾਲਸਾ ਵੱਲੋਂ 29 ਸਤੰਬਰ ਨੂੰ ਹੁਸ਼ਿਆਰਪੁਰ ਵਿਖੇ 'ਅਜ਼ਾਦੀ -ਇੱਕੋ-ਇੱਕ ਹੱਲ' ਵਿਸ਼ੇ 'ਤੇ ਆਯੋਜਿਤ ਕਨਵੈਨਸ਼ਨ ਵਿੱਚ ਪਾਸ ਕੀਤੇ ਮਤੇ

ਹੁਸ਼ਿਆਰਪੁਰ ਵਿਖੇ ਹੋਇਆ ਇਹ ਇਕੱਠ ਕੌਮੀ ਅਜ਼ਾਦੀ ਸੰਘਰਸ਼ ਨੂੰ ਪ੍ਰਣਾਈਆਂ ਜਥੇਬੰਦੀਆਂ ਅਤੇ ਸ਼ਖਸੀਅਤਾਂ ਦਾ ਇਕੱਠ ਹੈ। ਸਾਡੇ ਸਾਰਿਆਂ ਵਿੱਚ ਇਤਫ਼ਾਕ ਅਤੇ ਇੱਕਸੁਰਤਾ ਬਣੀ ਰਹੇ ਵਾਹਿਗੁਰੂ ਅੱਗੇ ਇਹ ਅਰਦਾਸ ਹੈ।






**ਮਤਾ : 1**

1849 ਵਿੱਚ ਖੁੱਸੇ ਰਾਜ-ਭਾਗ ਅਤੇ ਤਖ਼ਤੋ-ਤਾਜ ਤੋਂ ਬਾਅਦ ਸਿੱਖ ਕੌਮ ਅੰਦਰ ਆਪਣਾ ਸਵੈ-ਰਾਜ ਨੂੰ ਮੁੜ ਹਾਸਿਲ ਕਰਨ ਦੀ ਤਾਂਘ ਤੇ ਇੱਛਾ ਲੁਕਵੇਂ ਜਾਂ ਖੁੱਲੇ ਰੂਪ ਵਿੱਚ ਹਮੇਸ਼ਾ ਹੀ ਰਹੀ ਹੈ। ਰਾਜ ਕਰੇਗਾ ਖਾਲਸਾ ਦਾ ਦੋਹਰਾ ਸਿੱਖ ਕੇਵਲ ਪੜ੍ਹਣ ਲਈ ਹੀ ਨਹੀਂ ਪੜਦੇ, ਉਨ੍ਹਾਂ ਦੇ ਮਨਾਂ ਅੰਦਰ ਆਪਣਾ ਰਾਜ ਸਥਾਪਿਤ ਕਰਨ ਦੀ ਭਾਵਨਾ ਕਿਸੇ ਕੋਨੇ ਵਿੱਚ ਜਗਦੀ ਰਹਿੰਦੀ ਹੈ। 1947 ਦੀ ਭਾਰਤ-ਪਾਕਿਸਤਾਨ ਵੰਡ ਮੌਕੇ ਸਿੱਖ ਆਪਣਾ ਰਾਜ-ਭਾਗ ਅਤੇ ਅਜ਼ਾਦੀ ਹਾਸਿਲ ਕਰਨ ਤੋਂ ਖੁੰਝ ਗਏ, ਇਸ ਗੱਲ ਦਾ ਰੰਜ ਤੇ ਅਫ਼ਸੋਸ ਹੈ ਅਤੇ ਇਹ ਗੱਲ ਅੱਜ ਦੀ ਪੀੜ੍ਹੀ ਨੂੰ ਪ੍ਰੇਸ਼ਾਨ ਕਰ ਰਹੀ ਹੈ।

13 ਅਪ੍ਰੈਲ 1978 ਦੀ ਖ਼ੂਨੀ ਵਿਸਾਖੀ ਅਤੇ 13 ਸਿੰਘਾਂ ਦੇ ਡੁੱਲੇ ਖੂਨ ਨੇ ਸਿੱਖ ਕੌਮ ਅੰਦਰ ਭਾਰਤ ਦੀ ਗੁਲਾਮੀ ਦਾ ਅਹਿਸਾਸ ਜਗਾਇਆ ਅਤੇ ਉਹ ਅਜ਼ਾਦੀ ਦੇ ਰਾਹ ਤੇ ਪੈ ਤੁਰੇ ਭਾਵੇਂ ਕਿ ਉਸ ਮੌਕੇ ਕੌਮ ਦੇ ਨਿਸ਼ਾਨੇ ਉਤੇ ਨਕਲੀ ਗੁਰੂਡੰਮ ਦਾ ਸਫਾਇਆ ਸੀ, ਜੋ ਭਾਰਤ ਹਕੂਮਤ ਦੀ ਪੁਸ਼ਤਪਨਾਹੀ ਹੇਠ ਪੰਜਾਬ ਅੰਦਰ ਆਪਣਾ ਜਾਲ ਮਜ਼ਬੂਤੀ ਨਾਲ ਫੈਲਾ ਰਿਹਾ ਸੀ।

1978 ਦੇ ਘਟਨਾਕ੍ਰਮ ਵਿੱਚੋਂ ਹੀ ਦਲ ਖਾਲਸਾ ਅਤੇ ਬੱਬਰ ਖਾਲਸਾ ਦਾ ਜਨਮ ਅਤੇ ਦਮਦਮਾ ਟਕਸਾਲ ਦੇ ਮੁਖੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦਾ ਉਭਾਰ ਹੋਇਆ।

ਦਲ ਖਾਲਸਾ ਵੱਲੋਂ 1980 ਵਿੱਚ ਖਾਲਿਸਤਾਨ ਨੂੰ ਆਪਣਾ ਟੀਚਾ ਮਿਥਿਆ ਗਿਆ, ਇਸੇ ਤਰ੍ਹਾਂ ਬੱਬਰ ਖਾਲਸਾ ਨੇ ਰਸਮੀ ਤੌਰ 'ਤੇ 1982/83 ਵਿੱਚ ਖਾਲਿਸਤਾਨ ਦੀ ਸਿਰਜਣਾ ਨੂੰ ਆਪਣਾ ਮਿਸ਼ਨ ਐਲਾਨੀਆ ਅਤੇ ਸੰਤ ਭਿੰਡਰਾਂਵਾਲਿਆਂ ਦੇ ਅਮਲਾਂ ਅਤੇ ਬੋਲਾਂ ਵਿੱਚ ਗੁਲਾਮੀ ਦੀਆਂ ਜ਼ੰਜੀਰਾਂ ਨੂੰ ਤੋੜਨ ਅਤੇ ਅਜ਼ਾਦੀ ਹਾਸਿਲ ਕਰਨ ਦੇ ਸੁਨੇਹੇ ਨੇ ਖਾਲਿਸਤਾਨ ਦੇ ਸੰਘਰਸ਼ ਦਾ ਰਾਹ ਪੱਧਰਾ ਕੀਤਾ। ਜੂਨ 1984 ਦੇ ਦਰਬਾਰ ਸਾਹਿਬ ਦੇ ਹਮਲੇ ਨੇ ਭਾਰਤੀ ਸਟੇਟ ਦਾ ਕਰੂਪ ਚਿਹਰਾ ਸਾਹਮਣੇ ਲਿਆਂਦਾ ਜਿਸ ਨੇ ਸਿੱਖ ਕੌਮ ਨੂੰ ਖੁੱਲ੍ਹ ਰੂਪ ਵਿੱਚ ਭਾਰਤੀ ਜੂਲ਼ੇ ਤੋਂ ਅਜ਼ਾਦੀ ਹਾਸਿਲ ਕਰਨ ਦੇ ਰਾਹ ਤੋਰ ਦਿੱਤਾ। 29 ਅਪ੍ਰੈਲ 1986 ਦੇ ਪੰਥਕ ਕਮੇਟੀ ਦੇ ਅਕਾਲ ਤਖਤ ਸਾਹਿਬ ਤੋਂ ਖਾਲਿਸਤਾਨ ਐਲਾਨਨਾਮੇ ਨੇ ਸਿੱਖਾਂ ਦੇ ਰਿਸ਼ਤੇ ਦਾ ਭਾਰਤ ਨਾਲ਼ੋਂ ਨਿਖੇੜਾ ਕਰ ਦਿੱਤਾ। ਖਾਲਿਸਤਾਨ ਦੀ ਸਿਰਜਣਾ ਲਈ 1978 ਤੋਂ ਬਾਅਦ ਆਰੰਭ ਹੋਇਆ ਸਿੱਖ ਜੁਝਾਰੂ ਸੰਘਰਸ਼ 1984 ਦੇ ਹਮਲੇ ਤੋਂ ਬਾਅਦ ਸਿੱਖਰਾਂ ਤੇ ਪਹੁੰਚਿਆ। ਫਿਰ ਸ਼ੁਰੂ ਹੋਇਆ ਸ਼ਹਾਦਤਾਂ ਦਾ, ਕੁਰਬਾਨੀਆਂ ਦਾ ਅਤੇ ਨਜ਼ਰਬੰਦੀਆਂ ਦਾ ਸਿਲਸਿਲਾ ਤੇ ਦੌਰ। ਭਾਈ ਫੌਜਾ ਸਿੰਘ ਤੋਂ ਆਰੰਭ ਹੋਇਆ ਇਹ ਦੌਰ ਸੰਤ ਜਰਨੈਲ ਸਿੰਘ ਜੀ ਖਾਲਸਾ ਤੋਂ ਹੁੰਦਾ ਹੋਇਆ ਭਾਈ ਦਿਲਾਵਰ ਸਿੰਘ ਤੱਕ ਜਾਰੀ ਰਿਹਾ ਅਤੇ ਜਾਰੀ ਹੈ। ਸ਼ਹਾਦਤਾਂ ਦਾ ਇਹ ਦੌਰ ਸਾਡੀ ਕੌਮ ਦਾ ਸੁਨਹਿਰਾ ਦੌਰ ਸੀ।

ਅੱਜ ਕੌਮ ਜਿਨ੍ਹਾਂ ਬੰਦੀ ਸਿੰਘਾਂ ਦੀ ਰਿਹਾਈ ਲਈ ਸੰਘਰਸ਼ ਕਰ ਰਹੀ ਹੈ, ਇਹ ਸਿੰਘ ਉਸੇ ਸੰਘਰਸ਼ ਦੇ ਜੁਝਾਰੂ ਹਨ ਜੋ ਕੌਮ ਦਾ ਆਜ਼ਾਦ ਘਰ ਬਣਾਉਣ ਲਈ ਆਪਣੀਆਂ ਜ਼ਿੰਦਗੀਆਂ ਲੇਖੇ ਲਾਈ ਬੈਠੇ ਹਨ। ਅੱਜ ਜਲਾਵਤਨੀ ਹੰਢਾ ਰਹੇ ਸਿੱਖ ਆਗੂ ਉਹ ਜੁਝਾਰੂ ਜਰਨੈਲ ਹਨ ਜਿਨਾਂ ਦੀ ਅਗਵਾਈ ਹੇਠ ਦੋ ਦਹਾਕੇ ਖਾੜਕੂ ਸੰਘਰਸ਼ ਲੜਿਆ ਗਿਆ ਤੇ ਲੜਿਆ ਜਾ ਰਿਹਾ ਹੈ। ਪਿਛਲੇ ਸਮੇਂ ਅੰਦਰ ਬਹੁਤ ਸਾਰੇ ਨੌਜਵਾਨਾਂ ਨੇ ਵੀ ਇਹ ਰਾਹ ਅਖਤਿਆਰ ਕੀਤਾ ਅਤੇ ਉਨ੍ਹਾਂ ਦਾ ਨਾਮ ਵੀ ਅੱਜ ਬੰਦੀ ਸਿੰਘਾਂ ਦੀ ਸੂਚੀ ਵਿੱਚ ਸ਼ਾਮਿਲ ਹੈ। ਇਹ ਸਾਰੇ ਹੀ ਕੌਮੀ ਅਜ਼ਾਦੀ ਦੇ ਪ੍ਰਵਾਨੇ ਹਨ, ਝੰਡਾ ਬਰਦਾਰ ਹਨ। ਇਨ੍ਹਾਂ ਸ਼ਹਾਦਤਾਂ, ਜਲਾਵਤਨੀਆਂ, ਤੇ ਨਜ਼ਰਬੰਦੀਆਂ ਤੋਂ ਪ੍ਰੇਰਣਾ ਲੈਂਦਿਆਂ, ਇਹ ਇੱਕਠ ਪੰਜਾਬ ਦੀ ਪ੍ਰਭੂਸੱਤਾ ਅਤੇ ਅਜ਼ਾਦੀ ਲਈ ਲੜੇ ਜਾ ਰਹੇ ਸਿੱਖ ਸੰਘਰਸ਼ ਨੂੰ ਜਿੱਤ ਤੱਕ ਜਾਰੀ ਰੱਖਣ ਲਈ ਵਚਨਬੱਧਤਾ ਦੁਹਰਾਉਂਦਾ ਹੈ। ਭਾਰਤੀ ਸਟੇਟ ਵੱਲੋਂ ਮਿਲੇ ਜ਼ਖ਼ਮ ਤੇ ਢਾਹੇ ਗਏ ਜ਼ੁਲਮ, ਸਿੱਖ ਕੌਮ ਦਾ ਹਿੰਦੂ-ਰਾਸ਼ਟਰ ਦੇ ਅਧੀਨ ਰਹਿਣ ਦਾ 75 ਸਾਲਾ ਦਾ ਕੌੜਾ ਤਜਰਬਾ ਸਪੱਸ਼ਟ ਦੱਸਦਾ ਹੈ ਕਿ ਗੁਰੂ ਗ੍ਰੰਥ ਅਤੇ ਪੰਥ, ਜ਼ਮੀਨ ਤੇ ਪਾਣੀ, ਗੁਰੂ ਘਰ ਤੇ ਤਖਤ, ਕੌਮੀ ਹੋਂਦ ਤੇ ਹਿਤ ਭਾਰਤੀ ਨਿਜ਼ਾਮ ਅਧੀਨ ਕੁਝ ਵੀ ਸੁਰੱਖਿਅਤ ਨਹੀਂ ਹੈ।

ਪੰਜਾਬ ਕੋਲ ਗ਼ੈਰ ਰਾਏਪੇਰੀਅਨ ਸੂਬਿਆਂ ਨੂੰ ਦੇਣ ਲਈ ਪਾਣੀ ਦੀ ਇੱਕ ਬੂੰਦ ਵੀ ਫਾਲਤੂ ਨਹੀਂ ਹੈ। ਸਿੱਖ ਰਾਜਸੀ ਕੈਦੀਆਂ ਨੂੰ ਸਜ਼ਾ ਪੂਰੀ ਹੋਣ ਦੇ ਬਾਵਜੂਦ ਵੀ ਬੰਦੀ ਬਣਾਈ ਰੱਖਣਾ ਅਤੇ ਸਟੇਟ ਦੀ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿੱਚ ਦਖਲਅੰਦਾਜੀ ਕਰਨੀ ਬਰਦਾਸ਼ਤ ਤੋਂ ਬਾਹਰ ਹੈ।

ਖਾਲਿਸਤਾਨ ਦੀ ਸਿਰਜਣਾ ਤੱਕ ਭਾਰਤੀ ਸਟੇਟ ਦੀਆਂ ਦਮਨਕਾਰੀ ਅਤੇ ਫਾਸੀਵਾਦੀ ਨੀਤੀਆਂ ਦਾ ਹਰ ਹੀਲੇ ਤੇ ਹਰ ਤਰੀਕਿਆਂ ਨਾਲ ਵਿਰੋਧ ਜਾਰੀ ਰਹੇਗਾ। ਯੂ.ਐਨ.ਓ ਅਤੇ ਅਮਰੀਕਾ, ਇੰਗਲੈਂਡ, ਚੀਨ ਵਰਗੇ ਸ਼ਕਤੀਸ਼ਾਲੀ ਮੁਲਕਾਂ ਨੂੰ ਅਪੀਲ ਹੈ ਕਿ ਉਹ ਆਰਥਿਕ ਮੁਫ਼ਾਦਾਂ ਤੋਂ ਅੱਗੇ ਦੇਖਣ ਅਤੇ ਇਸ ਖ਼ਿੱਤੇ ਵਿੱਚ ਸਦੀਵੀ ਸ਼ਾਂਤੀ ਲਈ ਕਸ਼ਮੀਰ ਤੇ ਪੰਜਾਬ ਦੇ ਅਜ਼ਾਦੀ ਸੰਘਰਸ਼ ਨੂੰ ਮਾਨਤਾ ਦੇਣ। ਇਸੇ ਤਰ੍ਹਾਂ ਭਾਰਤ ਸਰਕਾਰ ਪੰਜਾਬ ਸਮੱਸਿਆ ਨੂੰ ਲਾਅ ਐਂਡ ਆਰਡਰ ਦੀ ਸਮੱਸਿਆ ਦੇ ਰੂਪ ਵਿੱਚ ਦੇਖਣਾ ਤੇ ਨਜਿੱਠਣਾ ਬੰਦ ਕਰੇ ਅਤੇ ਯੂ.ਐਨ.ਓ ਦੀ ਅਗਵਾਈ ਵਿੱਚ ਇਨ੍ਹਾਂ ਖ਼ਿੱਤਿਆਂ ਵਿੱਚ ਰਿਫਰੈਂਡਮ ਰਾਹੀਂ ਲੋਕਾਂ ਨੂੰ ਸਵੈ ਨਿਰਣੇ ਦਾ ਹੱਕ ਇਸਤੇਮਾਲ ਕਰਨ ਦਾ ਮੌਕਾ ਦੇਵੇ।

**ਮਤਾ : 2**

29 ਸਤੰਬਰ 1981 ਨੂੰ ਜਲਾਵਤਨ ਹੋਏ ਦਲ ਖ਼ਾਲਸਾ ਦੇ ਬਾਨੀ ਆਗੂ ਭਾਈ ਗਜਿੰਦਰ ਸਿੰਘ ਦੀ ਜਲਾਵਤਨੀ ਨੂੰ ਅੱਜ 41 ਵਰ੍ਹੇ ਪੂਰੇ ਹੋ ਗਏ ਹਨ। ਭਾਈ ਗਜਿੰਦਰ ਸਿੰਘ ਨੇ ਆਪਣੇ ਪੰਜ ਸਾਥੀਆਂ ਸਤਿਨਾਮ ਸਿੰਘ ਪਾਉਂਟਾ ਸਾਹਿਬ ਅਤੇ ਹੋਰਨਾਂ ਨਾਲ ਮਿਲਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਰਿਹਾਈ ਅਤੇ ਦੁਨੀਆਂ ਦਾ ਧਿਆਨ ਪੰਜਾਬ ਦੀ ਅਜ਼ਾਦੀ ਦੇ ਸੰਘਰਸ਼ ਵੱਲ ਖਿੱਚਣ ਲਈ 29 ਸਤੰਬਰ 1981 ਨੂੰ ਬਿਨ੍ਹਾਂ ਕਿਸੇ ਯਾਤਰੀ ਨੂੰ ਨੁਕਸਾਨ ਪਹੁੰਚਾਏ ਭਾਰਤੀ ਜਹਾਜ਼ ਹਾਈਜੈਕ ਕਰਕੇ ਲਾਹੌਰ ਲੈ ਗਏ ਸੀ। ਪਾਕਿਸਤਾਨ ਦੀ ਅਦਾਲਤ ਨੇ ਉਨ੍ਹਾਂ ਪੰਜਾਂ ਸਿੰਘਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਜੋ ਉਨ੍ਹਾਂ ਨੇ ਤਕਰੀਬਨ ਚੌਦਾਂ ਸਾਲ ਕਾਲ ਕੋਠੜੀ ਵਿੱਚ ਗੁਜਾਰੇ।ਕੌਮੀ ਘਰ ਬਣਾਉਣ ਲਈ ਆਪਣਾ ਘਰ ਛੱਡਣ ਵਾਲੇ ਭਾਈ ਗਜਿੰਦਰ ਸਿੰਘ ਦੀ ਜਲਾਵਤਨੀ ਅਤੇ ਸੰਘਰਸ਼ ਅੱਜ ਵੀ ਜਾਰੀ ਹੈ।

ਪਿਛਲੇ ਦਿਨੀਂ ਗਜਿੰਦਰ ਸਿੰਘ ਨੇ ਗੁਰਦੁਆਰਾ ਪੰਜਾ ਸਾਹਿਬ, ਪਾਕਿਸਤਾਨ ਵਿੱਚ ਦਰਸ਼ਨ ਦਿਦਾਰੇ ਕਰਦਿਆਂ ਦੀ ਆਪਣੀ ਤਸਵੀਰ ਜਨਤਕ ਕਰਕੇ ਦੱਸ ਦਿੱਤਾ ਹੈ ਕਿ ਉਹ ਕਿੱਥੇ ਹਨ। ਜਨਵਰੀ 2002 ਵਿੱਚ ਭਾਰਤ ਸਰਕਾਰ ਨੇ ਗਜਿੰਦਰ ਸਿੰਘ ਦਾ ਨਾਮ 20 ਅਤਿ ਲੁੜੀਂਦੇ ਵਿਅਕਤੀਆਂ ਵਿੱਚ ਸ਼ਾਮਿਲ ਕਰਕੇ ਪਾਕਿਸਤਾਨ ਤੋਂ ਉਨ੍ਹਾਂ ਦੀ ਹਵਾਲਗੀ ਦੀ ਮੰਗ ਕੀਤੀ ਸੀ, ਜਿਸ ਤੋਂ ਪਾਕਿਸਤਾਨ ਨੇ ਇਨਕਾਰ ਕਰ ਦਿੱਤਾ ਸੀ। ਦਲ ਖਾਲਸਾ ਭਾਰਤ ਸਰਕਾਰ ਦੀ ਇਸ ਕਾਰਵਾਈ ਦਾ ਲਗਾਤਾਰ ਵਿਰੋਧ ਕਰਦਾ ਰਿਹਾ। 28 ਮਾਰਚ 2011 ਨੂੰ ਭਾਰਤ ਸਰਕਾਰ ਵੱਲੋਂ ਲੋੜੀਂਦੇ 50 ਵਿਅਕਤੀਆਂ ਦੀ ਸੂਚੀ ਵਿੱਚ ਭਾਈ ਗਜਿੰਦਰ ਸਿੰਘ ਦਾ ਨਾਮ ਸ਼ਾਮਿਲ ਨਹੀਂ ਕੀਤਾ ਗਿਆ ਸੀ।

ਇਸ ਇਕੱਠ ਦਾ ਮੰਨਣਾ ਹੈ ਕਿ ਗਜਿੰਦਰ ਸਿੰਘ ਇੱਕ ਬੇਵਤਨਾ ਸਿੱਖ ਹੈ ਜੋ ਆਪਣੀ ਸਵੈ-ਇੱਛਾ ਨਾਲ ਆਪਣੀ ਮਰਜ਼ੀ ਦੀ ਥਾਂ ਤੇ ਬਾਕੀ ਦਾ ਜੀਵਨ ਬਿਨਾਂ ਕਿਸੇ ਖ਼ੌਫ਼ ਤੇ ਦਬਾਅ ਦੇ ਬਿਤਾਉਣਾ ਚਾਹੁੰਦੇ ਹੈ। ਹਾਈਜੈਕਿੰਗ ਦੀ ਸਜ਼ਾ ਭੁਗਤਣ ਤੋਂ ਬਾਅਦ ਉਹ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਇੱਕ ਆਜ਼ਾਦ ਵਿਅਕਤੀਗਤ ਜੀਵਨ ਬਤੀਤ ਕਰਨ ਦੇ ਹੱਕਦਾਰ ਹਨ।

ਇਹ ਇਕੱਠ ਪਾਕਿਸਤਾਨ ਸਰਕਾਰ ਤੋਂ ਭਾਈ ਗਜਿੰਦਰ ਸਿੰਘ ਨੂੰ ਆਪਣੇ ਮੁਲਕ ਅੰਦਰ ਕਾਨੂੰਨੀ ਤੌਰ ਤੇ ਰਾਜਸੀ ਪਨਾਹ ਦੇਣ ਦੀ ਵਕਾਲਤ ਕਰਦਾ ਹੈ। ਜੇਕਰ ਭਾਈ ਗਜਿੰਦਰ ਸਿੰਘ ਉਸ ਮੁਲਕ ਅੰਦਰ ਰਹਿਣ ਦੇ ਇੱਛੁਕ ਹਨ ਅਤੇ ਉਹ ਪਾਕਿਸਤਾਨ ਅਧਿਕਾਰੀਆਂ ਤੱਕ ਰਾਜਸੀ ਸ਼ਰਨ ਲੈਣ ਲਈ ਪਹੁੰਚ ਕਰਦੇ ਹਨ ਤਾਂ ਆਸ ਕਰਦੇ ਹਾਂ ਕਿ ਉਨ੍ਹਾਂ ਦਾ ਕੇਸ humanitarian grounds 'ਤੇ ਹਾਂ-ਪੱਖੀ ਨਜ਼ਰੀਏ ਨਾਲ ਵਿਚਾਰਿਆ ਜਾਵੇਗਾ।

ਇਸ ਸੰਬੰਧੀ ਭਾਈ ਗਜਿੰਦਰ ਸਿੰਘ ਦਾ ਪੱਖ ਤੇ ਕੇਸ ਪੇਸ਼ ਕਰਨ ਲਈ ਜਥੇਬੰਦੀ ਵਲੋਂ ਪਾਕਿਸਤਾਨ ਸਰਕਾਰ ਨੂੰ ਅਪੀਲ ਰੂਪੀ ਖੱਤ ਲਿਖਿਆ ਜਾਵੇਗਾ। ਭਾਰਤ ਸਰਕਾਰ ਤੋਂ ਆਸ ਕਰਦੇ ਹਾਂ ਕਿ ਉਹ ਗਜਿੰਦਰ ਸਿੰਘ ਖ਼ਿਲਾਫ਼ ਮਜੀਦ ਹੋਰ ਕੂੜ ਪ੍ਰਚਾਰ ਨਹੀਂ ਕਰੇਗੀ ਅਤੇ ਨਾ ਹੀ ਉਸਨੂੰ ਆਪਣੀ ਨਫ਼ਰਤ ਤੇ ਬਦਲੇ ਦਾ ਸ਼ਿਕਾਰ ਬਣਾਵੇਗੀ। ਗੁਰੂ ਰਾਖਾ...!

# ਚਮਕੌਰ ਸਾਹਿਬ ਵਿਖੇ ਖ਼ਾਲਿਸਤਾਨੀ ਟਾਈਗਰ ਫੋਰਸ ਦੇ ਦੋ ਖਾੜਕੂ ਗ੍ਰਿਫ਼ਤਾਰ



ਚੰਡੀਗੜ੍ਹ/ਏ.ਟੀ.ਨਿਊਜ਼ :- ਪੰਜਾਬ ਦੇ ਰੂਪਨਗਰ ਜ਼ਿਲ੍ਹੇ ਦੇ ਚਮਕੌਰ ਸਾਹਿਬ 'ਚ 'ਵੀਚ ਖ਼ਾਲਿਸਤਾਨ ਟਾਈਗਰ ਫੋਰਸ ਦੇ ਮਾਡਿਊਲ ਦਾ ਪੁਲਿਸ ਨੇ ਪਰਦਾਫਾਸ਼ ਕਰਨ ਦਾ ਦਾਅਵਾ ਹੈ। ਪੁਲਿਸ ਦੇ ਦਾਅਵੇ ਅਨੁਸਾਰ ਪਾਕਿਸਤਾਨੀ ਖੁਫ਼ੀਆ ਏਜੰਸੀ ਆਈਐੱਸਆਈ ਦੁਆਰਾ ਭੇਜੇ ਗਏ ਹਥਿਆਰਾਂ ਦਾ ਨਿਪਟਾਰਾ ਕਰਨ ਅਤੇ ਉਨ੍ਹਾਂ ਨੂੰ ਵੱਖ-ਵੱਖ ਥਾਵਾਂ 'ਤੇ ਪਹੁੰਚਾਉਣ ਲਈ ਦੋ ਕੇਟੀਐੱਫ ਖਾੜਕੂਆਂ ਨੂੰ ਗ੍ਰਿਫਤਾਰ ਕੀਤਾ ਹੈ। ਖ਼ਾਲਿਸਤਾਨ ਟਾਈਗਰ ਫੋਰਸ ਦੇ ਮੈਂਬਰਾਂ ਦੀ ਗ੍ਰਿਫ਼ਤਾਰੀ ਨਾਲ ਰੂਪਨਗਰ ਪੁਲਿਸ ਨੇ ਖਾੜਕੂ ਗਰੁਪ ਨੂੰ ਵੱਡਾ ਝਟਕਾ ਦਿੱਤਾ ਹੈ। ਦੋਵਾਂ ਮੁਲਜ਼ਮਾਂ ਨੇ ਕਬੂਲ ਕੀਤਾ ਹੈ ਕਿ ਉਹ ਕੈਨੇਡਾ ਦੇ ਗੈਂਗਸਟਰ ਅਰਸ਼ਦੀਪ ਸਿੰਘ ਉਰਫ਼ ਅਰਸ਼ ਡਾਲਾ ਦੇ ਦੱਸੇ ਗਏ ਟਿਕਾਣਿਆਂ 'ਤੇ ਪਾਕਿਸਤਾਨ ਤੋਂ ਡ੍ਰੋਨ ਰਾਹੀਂ ਹਥਿਆਰ ਪਹੁੰਚਾਉਂਦੇ ਸਨ। ਇਨ੍ਹਾਂ ਹਥਿਆਰਾਂ ਦੀ ਵਰਤੋਂ ਫਿਰਕੂ ਸਦਭਾਵਨਾ ਨੂੰ ਭੰਗ ਕਰਨ ਲਈ ਯੋਜਨਾਬੱਧ ਕਤਲ ਲਈ ਕੀਤੀ ਜਾਣੀ ਸੀ।

ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਖਾੜਕੂ ਮਾਡਿਊਲ ਨੂੰ ਕੈਨੇਡਾ ਵਿਚ ਰਹਿ ਰਹੇ ਗੈਂਗਸਟਰ ਅਰਸ਼ਦੀਪ ਸਿੰਘ ਉਰਫ ਅਰਸ਼ ਡਾਲਾ ਵੱਲੋਂ ਚਲਾਇਆ ਜਾ ਰਿਹਾ ਹੈ। ਉਹ ਕੇਟੀਐਫ ਦੇ ਕੈਨੇਡਾ ਸਥਿਤ ਮੁਖੀ ਹਰਦੀਪ ਸਿੰਘ ਨਿੱਝਰ ਦਾ ਨਜ਼ਦੀਕੀ ਸਾਥੀ ਹੈ।ਉਨ੍ਹਾਂ ਦੱਸਿਆ ਕਿ ਫੜੇ ਗਏ ਮੁਲਜ਼ਮ ਵੀਸਾ ਸਿੰਘ ਉਰਫ਼ ਗਗਨ ਉਰਫ਼ ਗੱਗੂ ਮੋਗਾ ਜ਼ਿਲ੍ਹੇ ਦੇ ਪਿੰਡ ਚੰਦ ਨਵਾਂ ਅਤੇ ਰਣਜੋਧ ਸਿੰਘ ਉਰਫ਼ ਜੋਤੀ ਪਿੰਡ ਗੰਜੀ ਗੁਲਾਬ ਸਿੰਘ ਵਾਲਾ ਜ਼ਿਲ੍ਹਾ ਮੋਗਾ ਦੇ ਰਹਿਣ ਵਾਲੇ ਹਨ।ਪੁਲਿਸ ਨੇ ਇਨ੍ਹਾਂ ਕੋਲੋਂ ਇੱਕ .22 ਬੋਰ ਦਾ ਰਿਵਾਲਵਰ ਅਤੇ .32 ਬੋਰ ਦਾ ਪਿਸਤੌਲ ਸਮੇਤ 21 ਕਾਰਤੂਸ ਬਰਾਮਦ ਕੀਤੇ ਹਨ। ਚਾਰ ਦਿਨਾਂ ਬਾਅਦ ਫ਼ਿਰੋਜ਼ਪੁਰ ਦੇ ਪਿੰਡ ਆਰਿਫ਼ਕੇ ਦੇ ਝੋਨੇ ਦੇ ਖੇਤਾਂ ਵਿੱਚੋਂ ਦੋ ਮੈਗਜ਼ੀਨ ਅਤੇ 60 ਕਾਰਤੂਸ, ਇੱਕ ਆਧੁਨਿਕ ਏ.ਕੇ.-47 ਅਸਾਲਟ ਰਾਈਫ਼ਲ ਸਮੇਤ ਬਰਾਮਦ ਕੀਤੇ ਗਏ ਹਨ। ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਖੇਪ ਗੈਂਗਸਟਰ ਅਰਸ਼ ਡਾਲਾ ਦੇ ਨਿਰਦੇਸ਼ਾਂ 'ਤੇ ਡ੍ਰੋਨ ਤੋਂ ਸੁੱਟੀ ਗਈ ਸੀ ਅਤੇ ਇਹ ਪਿੰਡ ਆਰਿਫਕੇ ਦੇ ਵੀਜਾ ਸਿੰਘ ਅਤੇ ਰਣਜੋਧ ਸਿੰਘ ਵੱਲੋਂ ਪ੍ਰਾਪਤ ਕੀਤੀ ਜਾਣੀ ਸੀ।ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਫਿਰੋਜ਼ਪੁਰ ਤੋਂ ਹਥਿਆਰਾਂ ਦੀ ਬਰਾਮਦਗੀ ਤੋਂ ਬਾਅਦ ਖਾੜਕੂਆਂ ਨੂੰ ਫੜਨ ਲਈ ਸੂਬੇ ਭਰ 'ਚ ਖੁਫੀਆ ਏਜੰਸੀ ਦੀ ਅਗਵਾਈ ਵਿਚ ਮੁਹਿੰਮ ਚਲਾਈ ਗਈ ਸੀ ਅਤੇ ਪੁਖਤਾ ਸੂਚਨਾ ਦੇ ਆਧਾਰ 'ਤੇ ਰੂਪਨਗਰ ਪੁਲਿਸ ਨੇ ਇਨ੍ਹਾਂ ਨੂੰ ਗ੍ਰਿਫਤਾਰ ਕੀਤਾ ਹੈ।ਉਨ੍ਹਾਂ ਦੱਸਿਆ ਕਿ ਮੁੱਢਲੀ ਪੁੱਛਗਿੱਛ ਦੌਰਾਨ ਕਾਬੂ ਕੀਤੇ ਵਿਅਕਤੀਆਂ ਨੇ ਮੰਨਿਆ ਹੈ ਕਿ ਉਹ ਗੈਂਗਸਟਰ ਅਰਸ਼ ਡਾਲਾ ਦੇ ਨਿਰਦੇਸ਼ਾਂ 'ਤੇ ਖੇਪ ਬਰਾਮਦ ਕਰਨ ਲਈ ਪਿੰਡ ਆਰਿਫਕੇ ਗਏ ਸਨ ਪਰ ਨਾਕਾਮ ਰਹੇ। ਬਾਅਦ ਵਿਚ ਖੇਤ ਦੇ ਮਾਲਕ ਦੀ ਸੂਚਨਾ ਦੇ ਆਧਾਰ 'ਤੇ ਇਹ ਖੇਪ ਫਿਰੋਜ਼ਪੁਰ ਪੁਲਿਸ ਨੇ ਬਰਾਮਦ ਕੀਤੀ।

**ਐੱਫਆਈਆਰ ਦਰਜ** :ਰੂਪਨਗਰ ਦੇ ਐਸਐਸਪੀ ਡਾਕਟਰ ਸੰਦੀਪ ਗਰਗ ਨੇ ਦੱਸਿਆ ਕਿ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਜਲਦੀ ਹੀ ਹੋਰ ਗ੍ਰਿਫ਼ਤਾਰੀਆਂ ਹੋਣ ਦੀ ਸੰਭਾਵਨਾ ਹੈ। ਮੁਲਜ਼ਮਾਂ ਖ਼ਿਲਾਫ਼ ਥਾਣਾ ਚਮਕੌਰ ਸਾਹਿਬ ਵਿਖੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ।

ਕੈਨੇਡਾ ਵਾਸੀ ਅਰਸ਼ ਡਾਲਾ ਮੋਗਾ ਦੇ ਪਿੰਡ ਡਾਲਾ ਦਾ ਰਹਿਣ ਵਾਲਾ ਹੈ। ਉਹ ਪੰਜਾਬ ਅਤੇ ਵਿਦੇਸ਼ਾਂ ਵਿੱਚ ਵੱਖ-ਵੱਖ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਰਿਹਾ ਹੈ ਅਤੇ ਪੰਜਾਬ ਪੁਲਿਸ ਲਈ ਮੋਸਟ ਵਾਂਟੇਡ ਹੈ। ਇਸ ਦਾ ਮੁੱਢ ਸਰਹੱਦੀ ਸੂਬੇ ਪੰਜਾਬ ਵਿੱਚ ਵਾਪਰੀਆਂ ਵੱਖ-ਵੱਖ ਯੋਜਨਾਬੱਧ ਹੱਤਿਆਵਾਂ ਵਿੱਚ ਵੀ ਸਾਹਮਣੇ ਆਇਆ ਹੈ।

# ਹਨੀਪ੍ਰੀਤ ਦੀ ਡੇਰੇ 'ਤੇ ਅਜ਼ਾਰੇਦਾਰੀ ਹੋਣ ਦੀ ਗੱਲ ਸਾਹਮਣੇ ਆਈ



ਹਿਸਾਰ/ਚੰਡੀਗੜ੍ਹ/ਏ.ਟੀ.ਨਿਊਜ਼ :- ਹਨੀਪ੍ਰੀਤ ਸਾਧ ਰਾਮ ਰਹੀਮ ਦੇ ਬੇਹੱਦ ਨੇੜੇ ਹੈ। ਰਾਮ ਰਹੀਮ ਉਸ ਨੂੰ ਰੂਹਾਨੀ ਧੀ ਬਣਾ ਚੁੱਕਾ ਹੈ ਤੇ ਸਮਾਜ ਵਿਚ ਇਸ ਰਿਸ਼ਤੇ ਨੂੰ ਲੈ ਕੇ ਤਰ੍ਹਾਂ-ਤਰ੍ਹਾਂ ਦੀਆਂ ਪ੍ਰਤੀਕਿਰਿਆਵਾਂ ਆਉਂਦੀਆਂ ਰਹਿੰਦੀਆਂ ਹਨ। ਹਾਲ ਹੀ ਵਿਚ ਜਦੋਂ ਦੋ ਧੀਆਂ ਤੋਂ ਬਾਅਦ ਰਾਮ ਰਹੀਮ ਦਾ ਬੇਟਾ ਵੀ ਵਿਦੇਸ਼ ਪੁੱਜਾ ਤਾਂ ਹਨੀਪ੍ਰੀਤ ਦੀ ਡੇਰੇ 'ਤੇ ਅਜ਼ਾਰੇਦਾਰੀ ਹੋਣ ਦੀ ਗੱਲ ਸਾਹਮਣੇ ਆਈ। ਹਾਲਾਂਕਿ ਡੇਰੇ ਨੇ ਇਸ ਗੱਲ ਨੂੰ ਖਾਰਜ ਕਰਦੇ ਹੋਏ ਕਿਹਾ ਕਿ ਰਾਮ ਰਹੀਮ ਹੀ ਡੇਰਾ ਦੇ ਮੁਖੀ ਹਨ। ਪਰ ਇਹ ਮਾਮਲਾ ਚਰਚਾ ਦਾ ਵਿਸ਼ਾ ਬਣਿਆ ਰਿਹਾ।ਹੁਣ ਇਕ ਹੋਰ ਮਾਮਲਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਰਾਮ ਰਹੀਮ ਦੀ ਫੈਮਿਲੀ ਆਈਡੀ ਵਿਚ ਪਤਨੀ ਤੇ ਮਾਂ, ਪਿਤਾ ਦਾ ਨਾਂ ਨਹੀਂ, ਸਗੋਂ ਉਸ ਵਿਚ ਹਨੀਪ੍ਰੀਤ ਨੂੰ ਬੇਟੀ ਦੱਸ ਕੇ ਨਾਮ ਜੁੜਵਾਇਆ ਗਿਆ ਹੈ। ਪਰਿਵਾਰਕ ਆਈ ਡੀ ਵਿਚ ਸੋਧ ਇਸ ਸਾਲ ਦੇ ਜੁਲਾਈ ਮਹੀਨੇ ਦੀ ਦਿਖਾਈ ਗਈ ਹੈ। ਇਸ ਆਈਡੀ ਦੇ ਜਨਤਕ ਹੋਣ ਨਾਲ ਰਾਮ ਰਹੀਮ ਤੇ ਪਰਿਵਾਰ ਵਿਚਾਲੇ ਵਧਦੀ ਦੂਰੀ ਦਾ ਕਾਰਨ ਵੀ ਇਕ ਤਰ੍ਹਾਂ ਨਾਲ ਸਪੱਸ਼ਟ ਹੋ ਗਿਆ ਹੈ।

ਹਰਿਆਣਾ ਦੀ ਸੁਨਾਰੀਆ ਜੇਲ੍ਹ ਵਿਚ ਬੰਦ ਰਾਮ ਰਹੀਮ ਨੇ ਆਪਣੀ ਫੈਮਿਲੀ ਆਈ ਡੀ ਵਿਚ ਨਾ ਤਾਂ ਆਪਣੀ ਪਤਨੀ ਹਰਜੀਤ ਕੌਰ ਦਾ ਨਾਂ ਦਰਜ ਕਰਵਾਇਆ ਤੇ ਨਾ ਹੀ ਆਪਣੀ ਮਾਂ ਨਸੀਬ ਕੌਰ ਤੇ ਨਾ ਹੀ ਪਿਤਾ ਦਾ, ਪਰ ਹਨੀਪ੍ਰੀਤ ਦਾ ਨਾਂ ਦਰਜ ਹੈ। ਯੂ.ਪੀ. ਦੇ ਬਾਗਪਤ ਆਸ਼ਰਮ ਵਿਚ ਰਹਿਣ ਦੌਰਾਨ ਬਣੀ ਆਈ ਡੀ ਵਿਚ ਹਨੀਪ੍ਰੀਤ ਨੂੰ ਰਾਮ ਰਹੀਮ ਦੀ ਮੁੱਖ ਸ਼ਿਸ਼ ਤੇ ਮੂੰਹ-ਬੋਲੀ ਧੀ ਦੱਸਿਆ ਗਿਆ ਹੈ। ਰਾਮ ਰਹੀਮ ਨੇ ਆਪਣੇ ਪਿਤਾ ਤੇ ਮਾਤਾ ਦੇ ਨਾਂ ਵਾਲੇ ਕਾਲਮ 'ਚ ਸ਼ਿਸ਼ ਅਤੇ ਗੱਦੀਨਸ਼ੀਨ ਸ਼ਾਹ ਸਤਨਾਮ ਸਿੰਘ ਮਹਾਰਾਜ ਅੰਕਿਤ ਕਰਵਾਇਆ ਹੈ, ਜਦਕਿ ਹਨੀਪ੍ਰੀਤ ਦੇ ਪਿਤਾ ਤੇ ਮਾਤਾ ਦੇ ਨਾਂ ਵਾਲੇ ਕਾਲਮ 'ਚ ਮੁੱਖ ਸ਼ਿਸ਼ ਤੇ ਮੂੰਹ-ਬੋਲੀ ਧੀ ਸਾਧ ਗੁਰਮੀਤ ਰਾਮ ਰਹੀਮ ਸਿੰਘ ਇੰਸਾ ਦਰਜ ਕਰਵਾਇਆ ਹੈ।

## ਦਰਪਣ ਝੂਠ ਨਹੀਂ ਬੋਲਦਾ

# ਫਿਰਕੂ ਹਿੰਦੂਤਵੀਆਂ ਦੀ ਨਜ਼ਰ ਵਿਚ ਖ਼ਾਲਿਸਤਾਨੀ ਅਰਸ਼ਦੀਪ ਸਿੰਘ ਖੇਡ ਪ੍ਰੇਮੀਆਂ ਦੀ ਨਜ਼ਰ 'ਚ ਸਟਾਰ



**ਭਾਰਤ-ਪਾਕਿਸਤਾਨ ਮੈਚ ਵਿਚ ਛੁੱਟੇ ਕੈਚ ਤੋਂ ਬਾਅਦ ਦੱਖਣੀ ਅਫਰੀਕਾ ਖਿਲਾਫ ਆਪਣੀ ਗੇਂਦਬਾਜੀ ਕਾਰਨ ਚਰਚਾ 'ਚ 32 ਦੌੜਾਂ ਦੇ ਕੇ ਤਿੰਨ ਵਿਕਟਾਂ ਲੈਣ ਕਾਰਨ ਮੈਨ ਆਫ ਦਿ ਮੈਚ ਐਲਾਨਿਆ ਗਿਆ**

ਫਿਰਕੂ ਹਿੰਦੂਤਵੀਆਂ ਦੀ ਨਜ਼ਰ ਵਿਚ ਖਾਲਿਸਤਾਨੀ ਅਰਸ਼ਦੀਪ ਖੇਡ ਪ੍ਰੇਮੀਆਂ ਦੀ ਨਜ਼ਰ ਵਿਚ ਸਟਾਰ ਬਣਕੇ ਉਭਰਿਆ ਹੈ। ਘਰੇਲੂ ਮੈਦਾਨ ਵਿੱਚ ਕ੍ਰਿਕਟਰ ਅਰਸ਼ਦੀਪ ਦਾ ਪਲੇਠਾ ਟੀ-20 ਮੈਚ ਸੀ। ਇਸ ਮੈਚ ਅਤੇ ਟੂਰਨਾਮੈਂਟ ਦੇ ਆਪਣੇ ਪਹਿਲੇ ਹੀ ਓਵਰ ਵਿੱਚ ਉਨ੍ਹਾਂ ਨੇ 32 ਦੌੜਾਂ ਦੇ ਕੇ ਤਿੰਨ ਵਿਕਟਾਂ ਲਈਆਂ। ਅਰਸ਼ਦੀਪ ਨੇ ਦੂਜੀ ਗੇਂਦ 'ਤੇ ਕੁਇੰਟਨ ਡਿਕੌਕ ਨੂੰ ਬੋਲਡ ਕੀਤਾ, ਫਿਰ ਪੰਜਵੀਂ ਗੇਂਦ 'ਤੇ ਰੋਸੋ ਨੂੰ ਵਿਕਟ ਦੇ ਪਿੱਛਿਓਂ ਕੈਚ ਦਿੱਤਾ ਅਤੇ ਆਖਰੀ ਗੇਂਦ 'ਤੇ ਡੇਵਿਡ ਮਿਲਰ ਨੂੰ ਬੋਲਡ ਕਰਕੇ ਸਕੋਰ ਚਾਰ ਵਿਕਟਾਂ 'ਤੇ ਅੱਠ ਦੌੜਾਂ ਕਰ ਦਿੱਤਾ। ਅਰਸਦੀਪ ਨੇ ਚਾਰ ਓਵਰਾਂ ਵਿੱਚ 32 ਦੌੜਾਂ ਦੇ ਕੇ ਤਿੰਨ ਵਿਕਟਾਂ ਲਈਆਂ। ਇਹ ਮਹਿਮਾਨ ਟੀਮ ਦੱਖਣੀ ਅਫਰੀਕਾ ਦੇ ਪੈਰਾਂ ਥੱਲਿਓਂ ਜਮੀਨ ਖਿਸਕਾਉਣ ਵਰਗਾ ਸੀ। ਉਨ੍ਹਾਂ ਨੂੰ ਆਪਣੇ ਪ੍ਰਦਰਸ਼ਨ ਲਈ ਮੈਨ ਆਫ ਦਿ ਮੈਚ ਐਲਾਨਿਆ ਗਿਆ। ਐਲਾਨ ਹੁੰਦਿਆਂ ਹੀ ਅਰਸ਼ਦੀਪ ਪੂਰੇ ਤਿਆਰ ਸਨ। ਉਨ੍ਹਾਂ ਨੂੰ ਆਪਣਾ ਇਨਾਮ ਲੈਣ ਨਾਲੋਂ ਜਿਆਦਾ ਕਾਹਲ ਆਪਣੇ 'ਦੋ ਸ਼ਬਦ' ਕਹਿਣ ਦੀ ਸੀ। ਕਮੈਂਟੇਟਰ ਅਤੇ ਸਾਬਕਾ ਫਿਰਕੀ ਗੇਂਦਬਾਜ ਮੁਰਲੀ ਕਾਰਤਿਕ ਵੀ ਉਨ੍ਹਾਂ ਦਾ ਉਤਾਵਲਾਪਣ ਦੇਖ ਕੇ ਹੈਰਾਨ ਸਨ ਅਤੇ ਬੋਲੇ ਇੰਨਾ ਉਤਾਵਲਾ ਮੇਰੇ ਨਾਲ ਗੱਲ ਕਰਨ ਲਈ ਮੈਂ ਕਿਸੇ ਨੂੰ ਨਹੀਂ ਦੇਖਿਆ।

ਅਰਸ਼ਦੀਪ ਨੇ ਹਾਜਰ ਜਵਾਬੀ ਨਾਲ ਕਿਹਾ, 'ਕੀ ਕਰਾਂ ਮੈਂ ਮੈਨ ਆਫ ਦਿ ਮੈਚ ਦੀ ਸਪੀਚ ਤਿਆਰ ਕੀਤੀ ਹੋਈ ਸੀ ਕਿ ਕੀ ਬੋਲਣਾ ਹੈ।' ਇਸ ਤੋਂ ਪਹਿਲਾਂ ਅਰਸ਼ਦੀਪ ਸਿੰਘ ਦੇ ਤਿੰਨੇ ਸ਼ਿਕਾਰ ਖੱਬੇ ਹੱਥ ਦੇ ਬੱਲੇਬਾਜ ਸਨ, ਜਿਨ੍ਹਾਂ ਵਿੱਚ ਕੁਇੰਟਨ ਡਿਕੌਕ ਅਤੇ ਡੇਵਿਡ ਮਿਲਰ ਵਰਗੇ ਖਤਰਨਾਕ ਬੱਲੇਬਾਜ ਸਨ।

ਜਦੋਂ ਮੁਰਲੀ ਕਾਰਤਿਕ ਨੇ ਅਰਸ਼ਦੀਪ ਨੂੰ ਪੁੱਛਿਆ ਕਿ ਉਨ੍ਹਾਂ ਨੂੰ ਕਿਹੜਾ ਵਿਕਟ ਲੈਣਾ ਸਭ ਤੋਂ ਚੰਗਾ ਲੱਗਿਆ ਤਾਂ ਉਨ੍ਹਾਂ ਨੇ ਡੇਵਿਡ ਮਿਲਰ ਦਾ ਨਾਮ ਲਿਆ ਜੋ ਅਸਲ ਵਿੱਚ ਵੀ ਇੱਕ ਸ਼ਾਨਦਾਰ ਗੇਂਦ ਉੱਪਰ ਲਿਆ ਗਿਆ ਵਿਕਟ ਸੀ।

ਤਿਰੂਵਨੰਤਪੁਰਮ 'ਚ ਭਾਰਤ ਨੇ ਟਾਸ ਜਿੱਤ ਕੇ ਗੇਂਦਬਾਜੀ ਕਰਨ ਦਾ ਫੈਸਲਾ ਕੀਤਾ। ਦੱਖਣੀ ਅਫਰੀਕਾ ਦੀ ਟੀਮ 8 ਵਿਕਟਾਂ 'ਤੇ 106 ਦੌੜਾਂ (20 ਓਵਰ) ਬਣਾ ਸਕੀ। ਜਵਾਬ ਵਿੱਚ ਭਾਰਤ ਨੇ 2 ਵਿਕਟਾਂ 'ਤੇ 110 ਦੌੜਾਂ (16.4 ਓਵਰ) ਬਣਾਈਆਂ।

ਅਰਸ਼ਦੀਪ ਸਿੰਘ ਨੇ 3, ਦੀਪਕ ਚਾਹਰ ਅਤੇ ਹਰਸਲ ਪਟੇਲ ਨੇ 2-2 ਵਿਕਟਾਂ ਲਈਆਂ।

ਕੇਐਲ ਰਾਹੁਲ 51, ਸੂਰਿਆ ਕੁਮਾਰ ਯਾਦਵ ਨੇ 52 ਦੌੜਾਂ ਬਣਾਈਆਂ ਅਤੇ ਦੋਵੇਂ ਨਾਬਾਦ ਰਹੇ।

ਪਲੇਅਰ ਆਫ ਦਾ ਮੈਚ ਦਾ ਖਿਤਾਬ ਅਰਸ਼ਦੀਪ ਸਿੰਘ ਨੂੰ ਦਿੱਤਾ ਗਿਆ। ਤਿੰਨ ਮੈਚਾਂ ਦੀ ਲੜੀ ਦਾ ਦੂਜਾ ਮੈਚ 2 ਅਕਤੂਬਰ, ਗੁਹਾਟੀ (ਅਸਾਮ) ਵਿੱਚ ਹੋਣਾ ਹੈ। ਆਸਟਰੇਲੀਆ ਖਿਲਾਫ ਸੀਰੀਜ ਵਿੱਚ ਅਰਸ਼ਦੀਪ ਨੂੰ ਅਰਾਮ ਦਿੱਤਾ ਗਿਆ ਸੀ ਅਤੇ ਹੁਣ ਜਦੋਂ ਮੁਰਲੀ ਕਾਰਤਿਕ ਨੇ ਉਨ੍ਹਾਂ ਨੂੰ ਫਿਟਨੈੱਸ ਬਾਰੇ ਪੁੱਛਿਆ ਤਾਂ ਉਹ ਆਤਮ ਵਿਸ਼ਵਾਸ ਨਾਲ ਲਬਰੇਜ ਦਿਸੇ। ਅਰਸ਼ਦੀਪ ਨੇ ਕਿਹਾ ਕਿ ਉਨ੍ਹਾਂ ਨੇ 'ਨੈਸ਼ਨਲ ਕ੍ਰਿਕਟ ਅਕੈਡਮੀ ਵਿੱਚ ਚੰਗੀ ਪ੍ਰੈਕਟਿਸ ਕੀਤੀ ਹੈ ਅਤੇ ਚੰਗੀ ਤਰ੍ਹਾਂ ਫਿੱਟ ਹਨ।' ਉਨ੍ਹਾਂ ਨੇ ਕਿਹਾ ਕਿ ਉਹ ਜਲਦੀ ਹੋਣ ਜਾ ਰਹੇ 'ਟੀ-20 ਵਿਸ਼ਵ ਕੱਪ ਲਈ ਪੂਰੀ ਤਰ੍ਹਾਂ ਤਿਆਰ ਹਨ।'

ਅਰਸ਼ਦੀਪ ਨੇ ਗੇਂਦਬਾਜ਼ੀ ਵਿਚ ਜਾਦੂਗਿਰੀ ਦਿਖਾਕੇ ਫਿਰਕੂ ਹਿੰਦਤਵੀਆਂ ਦੇ ਘਟੀਆ ਕੁਮੈਂਟਾਂ ਬਾਰੇ ਮੂੰਹ ਤੋੜਵਾਂ ਜੁਆਬ ਦਿੱਤਾ ਹੈ। ਯਾਦ ਰਹੇ ਜਦੋਂ ਹਿੰਦੂਤਵੀਆਂ ਨੇ ਅਰਸ਼ਦੀਪ ਬਾਰੇ ਟਰੋਲ ਕੀਤਾ ਸੀ, ਉਦੋਂ ਸਾਰੀ ਸਿੱਖ ਕੌਮ ਮੀਡੀਆ ਤੇ ਸੋਸ਼ਲ ਮੀਡੀਆ ਵਿਚ ਉਸਦੇ ਹੱਕ ਵਿਚ ਖਲੋ ਗਈ ਸੀ ਜਿਸ ਕਾਰਨ ਅਰਸ਼ਦੀਪ ਦਾ ਮਨੋਬਲ ਉਚਾ ਹੋਇਆ ਸੀ।

**ਸਿੱਖਾਂ-ਹਿੰਦੂਆਂ ਤੋਂ ਸੱਖਣਾ ਹੁੰਦਾ ਜਾ ਰਿਹਾ ਹੈ ਅਫ਼ਗਾਨਿਸਤਾਨ**

ਅਫ਼ਗਾਨਿਸਤਾਨ 'ਚ ਬਚੇ-ਖੁਚੇ ਹਿੰਦੂਆਂ ਅਤੇ ਸਿੱਖਾਂ ਦੇ ਭਾਰਤ ਆਉਣ ਦਾ ਸਿਲਸਿਲਾ ਕਾਇਮ ਹੈ। ਬੀਤੇ ਦਿਨ 55 ਅਫ਼ਗਾਨ ਸਿੱਖ ਅਤੇ ਹਿੰਦੂ ਵਿਸ਼ੇਸ਼ ਜਹਾਜ਼ ਰਾਹੀਂ ਭਾਰਤ ਪਰਤ ਆਏ। ਹੁਣ ਉੱਥੇ 50 ਤੋਂ ਵੀ ਘੱਟ ਹਿੰਦੂ-ਸਿੱਖ ਬਚੇ ਹਨ। ਇਸ ਦੇ ਨਾਲ ਹੀ ਸ਼ੁਰੂ ਤੋਂ ਲੈ ਕੇ ਸਿਖ ਸਭਿਆਚਾਰ






ਦਾ ਵਿਸ਼ੇਸ਼ ਅੰਗ ਅਫ਼ਗਾਨਿਸਤਾਨ ਆਪਣੇ ਮੂਲ ਵਾਸੀਆਂ ਹਿੰਦੂ, ਸਿੱਖ, ਬੋਧੀਆਂ ਤੋਂ ਸੌ ਫ਼ੀਸਦੀ ਮੁਕਤ ਹੋਣ ਵਾਲਾ ਹੈ। ਉੱਥੋਂ ਹਿੰਦੂਆਂ-ਸਿੱਖਾਂ ਦੀ ਹਿਜਰਤ ਕੋਈ ਪਹਿਲੀ ਵਾਰ ਨਹੀਂ ਹੋਈ।

ਚਾਰ-ਪੰਜ ਦਹਾਕੇ ਪਹਿਲਾਂ ਇੱਥੇ ਜਿਨ੍ਹਾਂ ਅਫ਼ਗਾਨ ਹਿੰਦੂ-ਸਿੱਖਾਂ ਦੀ ਗਿਣਤੀ ਦੀ ਗਿਣਤੀ ਲੱਖਾਂ ਵਿਚ ਸੀ, ਉਨ੍ਹਾਂ ਦੀ ਗਿਣਤੀ ਗ੍ਰਹਿ ਯੁੱਧ, ਸ਼ਰੀਅਤ ਲਾਗੂ ਹੋਣ ਅਤੇ ਤਾਲਿਬਾਨੀ ਜਿਹਾਦ ਤੋਂ ਬਾਅਦ ਲਗਾਤਾਰ ਘੱਟਦੀ ਹੋਈ ਬਿਲਕੁਲ ਹੀ ਘੱਟ ਗਈ ਹੈ। 11 ਸਤੰਬਰ ਨੂੰ ਤਾਲਿਬਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਾਰ ਸਰੂਪਾਂ ਨੂੰ 'ਅਫ਼ਗਾਨਿਸਤਾਨੀ ਵਿਰਾਸਤ' ਦਾ ਅੰਗ ਦੱਸ ਕੇ ਦੇਸ਼ ਤੋਂ ਬਾਹਰ ਲਿਜਾਣ ਦੀ ਇਜਾਜ਼ਤ ਨਹੀਂ ਦਿੱਤੀ ਸੀ। ਤਾਲਿਬਾਨ ਦੇ ਅਫ਼ਗਾਨਿਸਤਾਨ 'ਵਿਚ ਫਿਰ ਤੋਂ ਕਾਬਜ਼ ਹੋਣ ਅਤੇ ਗੁਰਦੁਆਰਿਆਂ 'ਤੇ ਹਮਲਿਆਂ ਤੋਂ ਬਾਅਦ ਭਾਰਤ ਵੱਲੋਂ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਪਿਛਲੇ ਸਾਲ ਅਗਸਤ ਅਤੇ ਦਸੰਬਰ ਵਿਚ ਦੋ ਜਥਿਆਂ 'ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਛੇ ਸਰੂਪਾਂ ਨੂੰ ਸਿੱਖ ਮਰਿਆਦਾ ਨਾਲ ਭਾਰਤ ਲਿਆਂਦਾ ਗਿਆ ਸੀ ਪਰ ਤਾਲਿਬਾਨ ਅਚਾਨਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਚਾਰ ਸਰੂਪਾਂ ਨੂੰ 'ਅਫ਼ਗਾਨਿਸਤਾਨੀ ਵਿਰਾਸਤ' ਕਿਉਂ ਦੱਸਣ ਲੱਗਿਆ? ਕੀ ਉਸ ਦਾ ਹਿਰਦਾ ਪਰਿਵਰਤਨ ਹੋ ਰਿਹਾ ਹੈ? ਜਿਸ ਚਿੰਤਨ ਦੇ ਗਰਭ 'ਵਿਚੋਂ ਤਾਲਿਬਾਨ ਦਾ ਜਨਮ ਹੋਇਆ ਸੀ, ਜਿਸ ਮਜ਼ਹਬੀ ਧਾਰਨਾ ਨਾਲ ਅਫ਼ਗਾਨਿਸਤਾਨ ਦਾ 'ਈਕੋਸਿਸਟਮ' ਸਦੀਆਂ ਤੋਂ ਸਰਾਪਿਆ ਹੋਇਆ ਹੈ, ਕੀ ਉਸ ਵਿਚ ਗ਼ੈਰ-ਇਸਲਾਮੀ ਪੰਥ-ਮਜ਼ਹਬਾਂ ਨਾਲ ਸਹਿ-ਹੋਂਦ ਸੰਭਵ ਹੈ?

ਤਾਲਿਬਾਨ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ 'ਅਫ਼ਗਾਨਿਸਤਾਨੀ ਵਿਰਾਸਤ' ਨਾਲ ਸਬੰਧਤ ਜੋ ਤਰਕ ਦਿੱਤਾ, ਉਹ ਉਸ ਦੇ ਵਿਚਾਰਕ ਸਿਧਾਂਤਾਂ ਦੇ ਉਲਟ ਹੈ। 'ਕਾਫ਼ਿਰ-ਕੁਫ਼ਰ' ਧਾਰਨਾ ਤੋਂ ਪ੍ਰੇਰਿਤ ਤਾਲਿਬਾਨ ਦਾ ਜਨਮ ਪਾਕਿਸਤਾਨ ਦੇ ਮਦਰੱਸਿਆਂ ਵਿਚ ਹੋਇਆ, ਜਿਨ੍ਹਾਂ ਦਾ ਵਿੱਤੀ ਪੋਸ਼ਣ ਕਈ ਸਾਲਾਂ ਤਕ ਸਾਊਦੀ ਅਰਬ ਵੱਲੋਂ ਹੁੰਦਾ ਰਿਹਾ। ਜੇ ਤਾਲਿਬਾਨ ਨੂੰ ਵਾਕਈ 'ਅਫ਼ਗਾਨ ਵਿਰਾਸਤ' ਦੀ ਚਿੰਤਾ ਹੁੰਦੀ ਤਾਂ ਉਸ ਦੇ ਲੜਾਕੇ ਮਾਰਚ 2001 'ਚ ਬਾਮਿਆਨ 'ਚ ਵਿਸ਼ਾਲ ਬੁੱਧ ਦੀਆਂ ਮੂਰਤੀਆਂ ਨੂੰ ਬੰਬ ਨਾਲ ਕਿਉਂ ਉਡਾਉਂਦੇ? ਕਿਉਂਕਿ ਗੁਰੂ ਗ੍ਰੰਥ ਸਾਹਿਬ ਦਾ ਫਲਸਫਾ ਵੰਨ ਸਵੰਨਤਾ ਤੇ ਸਰਫਤ ਦੇ ਭਲੇ ਨੂੰ ਮਾਨਤਾ ਦਿੰਦਾ ਹੈ।

ਸਿੱਖ ਪੰਥ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ 16ਵੀਂ ਸਦੀ ਵਿਚ ਜਿਨ੍ਹਾਂ ਥਾਵਾਂ ਦਾ ਦੌਰਾ ਕਰ ਕੇ ਉਪਦੇਸ਼ ਦਿੱਤਾ, ਉਸ ਵਿਚ ਮੌਜੂਦਾ ਅਫ਼ਗਾਨਿਸਤਾਨ ਵੀ ਸੀ। ਇਨ੍ਹਾਂ ਯਾਤਰਾਵਾਂ ਨੂੰ ਸਿੱਖ ਰਵਾਇਤ ਵਿਚ 'ਉਦਾਸੀਆਂ' ਕਿਹਾ ਜਾਂਦਾ ਹੈ। ਇਸੇ ਲਈ ਅਫ਼ਗਾਨਿਸਤਾਨ ਸਿੱਖਾਂ ਲਈ ਪਵਿੱਤਰ ਹੈ ਪਰ ਸਮੇਂ-ਸਮੇਂ 'ਤੇ ਹਿੰਦੂ, ਬੋਧੀ, ਸਿੱਖ ਸ਼ਰਧਾਲੂਆਂ 'ਤੇ ਮਜ਼ਹਬੀ ਹਮਲਿਆਂ ਦਾ ਸ਼ਿਕਾਰ ਹੋਣ ਤੋਂ ਬਾਅਦ ਅੱਜ ਸਥਿਤੀ ਇਹ ਹੈ ਕਿ ਇਨ੍ਹਾਂ ਦਾ ਨਾਂ ਲੈਣ ਵਾਲਾ ਵੀ ਕੋਈ ਨਹੀਂ ਦਿਸਦਾ।

ਤਾਲਿਬਾਨ ਇਸ ਕਾਰਨ ਆਪਣਾ ਅਕਸ ਸੁਧਾਰਨਾ ਚਾਹੁੰਦਾ ਹੈ ਕਿਉਂਕਿ ਅਫ਼ਗਾਨਿਸਤਾਨ ਨੂੰ ਵਿਕਾਸ ਦੇ ਨਾਂ 'ਤੇ ਹੋਰ ਦੇਸ਼ਾਂ ਤੋਂ ਮਿਲ ਰਹੀ ਆਰਥਿਕ ਸਹਾਇਤਾ ਰੁਕ ਗਈ ਹੈ। ਇਸ ਨਾਲ ਉਹ ਸਮਾਜਿਕ, ਆਰਥਿਕ ਅਤੇ ਮਾਨਵੀ ਤੌਰ 'ਤੇ ਤਬਾਹ ਹੋ ਚੁੱਕਿਆ ਹੈ। ਸੰਯੁਕਤ ਰਾਸ਼ਟਰ ਦੀ ਇਕ ਰਿਪੋਰਟ ਅਨੁਸਾਰ ਇੱਥੇ 60 ਲੱਖ ਲੋਕ ਭੁੱਖਮਰੀ ਦੇ ਸ਼ਿਕਾਰ ਹਨ ਤੇ ਦੋ ਕਰੋੜ 90 ਲੱਖ ਲੋਕਾਂ ਨੂੰ ਮਨੁੱਖੀ ਸਹਾਇਤਾ ਦੀ ਜ਼ਰੂਰਤ ਹੈ। ਇਸ ਸਭ ਨਾਲ ਨਜਿੱਠਣ ਲਈ ਅਫ਼ਗਾਨਿਸਤਾਨ ਨੂੰ ਲੱਖਾਂ ਡਾਲਰ ਚਾਹੀਦੇ ਹਨ ।ਸੰਯੁਕਤ ਰਾਸ਼ਟਰ ਦਫ਼ਤਰ ਵਿਚ ਮਨੁੱਖੀ ਮਾਮਲਿਆਂ ਦੇ ਤਾਲਮੇਲ ਵਿਭਾਗ ਦੇ ਮੁਖੀ ਨੇ ਵੀ ਕੁਝ ਸਮਾਂ ਪਹਿਲਾਂ ਸੁਰੱਖਿਆ ਪ੍ਰੀਸ਼ਦ ਵਿਚ ਸਾਰਿਆਂ ਨੂੰ ਅਪੀਲ ਕਰਦਿਆਂ ਕਿਹਾ ਸੀ ਕਿ ਅਫ਼ਗਾਨਿਸਤਾਨ ਦਾ ਵਿੱਤੀ ਪੋਸ਼ਣ ਫਿਰ ਤੋਂ ਸ਼ੁਰੂ ਕੀਤਾ ਜਾਵੇ। ਤਾਲਿਬਾਨੀਆਂ ਦੇ ਕਾਬਜ਼ ਹੋਣ ਨਾਲ ਉੱਥੇ ਕੀ ਸਿੱਖ, ਕੀ ਹਿੰਦੂ ਤੇ ਕੀ ਬੋਧੀ, ਸਭ ਆਪਣੇ ਆਪ ਨੂੰ ਅਸੁਰੱਖਿਅਤ ਮਹਿਸੂਸ ਕਰਦਿਆਂ ਹਿਜਰਤ ਕਰ ਰਹੇ ਹਨ, ਜੋ ਲੰਬੇ ਸਮੇਂ ਤਕ ਅਫ਼ਗਾਨਿਸਤਾਨ ਦੀ ਤਹਿਜ਼ੀਬ ਦਾ ਅਹਿਮ ਹਿੱਸਾ ਰਹੇ ਹਨ। ਜੋ ਮਾਮੂਲੀ ਗਿਣਤੀ ਇੱਥੇ ਰਹਿ ਗਈ ਹੈ, ਇਨ੍ਹਾਂ ਨੂੰ ਸੁਰੱਖਿਅਤ ਭਾਰਤ ਲਿਆਂਦਾ ਜਾਵੇ।

# ਦਲ ਖ਼ਾਲਸਾ ਦੀ ਮੰਗ ਪਾਕਿ ਸਰਕਾਰ ਭਾਈ ਗਜਿੰਦਰ ਸਿੰਘ ਨੂੰ ਰਾਜਸੀ ਪਨਾਹ ਦੇਵੇ

ਬੀਤੇ ਦਿਨੀਂ ਦਲ ਖਾਲਸਾ ਨੇ ਪਾਕਿਸਤਾਨ ਸਰਕਾਰ ਤੋਂ ਭਾਈ ਗਜਿੰਦਰ ਸਿੰਘ ਨੂੰ ਆਪਣੇ ਮੁਲਕ ਅੰਦਰ ਕਾਨੂੰਨੀ ਤੌਰ 'ਤੇ ਰਾਜਸੀ ਪਨਾਹ ਦੇਣ ਦੀ ਅਪੀਲ ਕੀਤੀ ਹੈ। ਇਸ ਸੰਬੰਧੀ ਭਾਈ ਗਜਿੰਦਰ ਸਿੰਘ ਦਾ ਪੱਖ ਤੇ ਕੇਸ ਪੇਸ ਕਰਨ ਲਈ ਜਥੇਬੰਦੀ ਵਲੋਂ ਪਾਕਿਸਤਾਨ ਸਰਕਾਰ ਨੂੰ ਅਪੀਲ-ਰੂਪੀ ਖਤ ਵੀ ਲਿਖਿਆ ਜਾਵੇਗਾ। ਇਸ ਬਾਰੇ ਪਾਰਟੀ ਵਲੋਂ ਪਿਛਲੇ 41 ਸਾਲਾਂ ਤੋਂ ਜਲਾਵਤਨੀ ਕੱਟ ਰਹੇ ਭਾਈ ਗਜਿੰਦਰ ਸਿੰਘ ਦੀ ਕੁਰਬਾਨੀ ਅਤੇ ਸਿੱਖ ਸੰਘਰਸ਼ ਵਿਚ ਪਾਏ ਗਏ ਯੋਗਦਾਨ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਰੇਲਵੇ ਰੋਡ ਹੁਸਿਆਰਪੁਰ ਵਿਖੇ 'ਆਜ਼ਾਦੀ : ਇਕੋ-ਇਕ ਹੱਲ' ਵਿਸ਼ੇ 'ਤੇ ਕੀਤੀ ਕਨਵੈੱਨਸ਼ਨ ਵਿਚ ਮਤਾ ਪਾਸ ਕੀਤਾ ਗਿਆ ਸੀ। ਇਸ ਮੌਕੇ ਦਲ ਖਾਲਸਾ ਦੇ ਬੁਲਾਰੇ ਪਰਮਜੀਤ ਸਿੰਘ ਮੰਡ ਅਤੇ ਸੀਨੀਅਰ ਆਗੂ ਕੰਵਰਪਾਲ ਸਿੰਘ ਨੇ ਸੰਬੋਧਨ ਕੀਤਾ । ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਬੋਲਦਿਆਂ ਭਾਈ ਗਜਿੰਦਰ ਸਿੰਘ ਵਲੋਂ ਸਿੱਖ ਸੰਘਰਸ਼ ਵਿਚ ਪਾਏ ਯੋਗਦਾਨ ਨੂੰ ਸਲਾਹੁੰਦਿਆਂ ਕਿਹਾ ਕਿ ਸਿੱਖਾਂ ਨਾਲ ਅੱਜ ਵੀ ਦੋਹਰੇ ਮਾਪਦੰਡ ਵਰਤੇ ਜਾਂਦੇ ਹਨ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਸਰ) ਦੇ ਜਨਰਲ ਸਕੱਤਰ ਪ੍ਰੋ. ਮਹਿੰਦਰਪਾਲ ਸਿੰਘ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਹਾਈਜੈਕਰ ਸਤਨਾਮ ਸਿੰਘ ਪਾਉਂਟਾ ਸਾਹਿਬ ਅਤੇ ਭਾਈ ਤਜਿੰਦਰਪਾਲ ਸਿੰਘ ਤੋਂ ਇਲਾਵਾ ਸੰਤ ਭਿੰਡਰਾਵਾਲਿਆਂ ਦੇ ਪੁੱਤਰ ਭਾਈ ਈਸਰ ਸਿੰਘ, ਸਤਲੁਜ-ਯਮਨਾ ਨਹਿਰ ਨੂੰ ਬੰਨ੍ਹ ਮਾਰਨ ਵਾਲੇ ਭਾਈ ਬਲਵਿੰਦਰ ਸਿੰਘ ਜਟਾਣਾ ਅਤੇ ਭਾਈ ਚਰਨਜੀਤ ਸਿੰਘ ਚੰਨਾ ਦੇ ਪਰਿਵਾਰ ਨੂੰ ਸਨਮਾਨਿਤ ਕੀਤਾ ਗਿਆ। ਕਨਵੈੱਨਸ਼ਨ ਉਪਰੰਤ ਗੁਰਦੁਆਰਾ ਸਾਹਿਬ ਤੋਂ ਕੱਢਿਆ ਗਿਆ ਮਾਰਚ ਸਹਿਰ ਦੇ ਮੁੱਖ ਬਾਜਾਰਾਂ ਵਿਚੋਂ ਹੁੰਦਾ ਹੋਇਆ ਗੁਰਦੁਆਰਾ ਕਲਗੀਧਰ ਸਾਹਿਬ ਵਿਖੇ ਸਮਾਪਤ ਹੋਇਆ, ਜਿਸ ਵਿਚ ਵੱਡੀ ਗਿਣਤੀ ਵਿਚ ਨੌਜਵਾਨਾਂ ਨੇ ਸ਼ਮੂਲੀਅਤ ਕਰਦਿਆਂ ਆਜ਼ਾਦੀ (ਖਾਲਿਸਤਾਨ) ਦੇ ਹੱਕ ਵਿਚ ਜੋਸ਼ ਭਰਪੂਰ ਨਾਅਰੇਬਾਜੀ ਕੀਤੀ। ਅਨੇਕਾਂ ਹੀ ਨੌਜਵਾਨਾਂ ਨੇ ਭਾਈ ਗਜਿੰਦਰ ਸਿੰਘ ਦੀ ਤਸਵੀਰ ਵਾਲੀਆਂ ਟੀ.ਸ਼ਰਟਾਂ ਪਾਈਆਂ ਹੋਈਆਂ ਸਨ ਅਤੇ ਹੱਥਾਂ ਵਿਚ ਤਖਤੀਆਂ ਤੇ ਬੋਰਡ ਫੜੇ ਹੋਏ ਸਨ ।ਸੁਆਲ ਇਹ ਜੇਕਰ ਉਹ ਕਾਨੂੰਨ ਅਨੁਸਾਰ ਕੈਦ ਕੱਟ ਚੁਕਾ ਹੈ ਤਾਂ ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਸ ਦੀ ਵਤਨ ਵਾਪਸੀ ਕਰੇ।



# ਨਵ-ਉਦਾਰਵਾਦ ਹੀ ਮਹਿੰਗਾਈ 'ਤੇ ਬੇਰੁਜ਼ਗਾਰੀ ਦਾ ਜਨਮ-ਦਾਤਾ ਹੈ?




ਜਗਦੀਸ਼ ਸਿੰਘ ਚੋਹਕਾ
ਮੋ.91-9217997445
001-403-285-4208

ਪਿਛਲੇ ਹਫਤੇ ਦੇਸ਼ ਮੀਡੀਆ ਅੰਦਰ ਭਾਰਤੀ ਆਵਾਮ ਨੂੰ ਹਰ ਤਰ੍ਹਾਂ ਗਦ-ਗਦ ਕਰਦੀਆਂ ਅਤੇ ਤਲਖੀ ਭਰੀਆਂ ਖਬਰਾਂ ਸੁਣਨ ਦਾ ਮੌਕਾ ਮਿਲਿਆ। ਪਹਿਲੀ ਖਬਰ ਸੀ ਕਿ ਭਾਰਤ ਦਾ ਇਕ ਗੁਜਰਾਤੀ ਵੀਰ-ਪੁੱਤਰ ਜਿਸ ਨੇ ਦੇਸ਼ ਦੇ ਸਾਰੇ ਜਨਤਕ ਅਦਾਰੇ ਕੌਡੀਆਂ ਭਾਅ ਖਰੀਦ ਲਏ ਹਨ ਤੇ ਖਰੀਦ ਰਿਹਾ ਹੈ। ਦੁਨੀਆਂ ਦੇ ਪੂੰਜੀਪਤੀ ਜਗਤ ਅੰਦਰ ਦੂਸਰੀ ਥਾਂ 'ਤੇ ਪੂੰਜੀ ਦੇ ਹਿਸਾਬ ਨਾਲ ਪੁੱਜ ਗਿਆ ਹੈ। ਦੂਸਰੀ ਖਬਰ ਸੀ ਕਿ ਭਾਰਤ ਵਿਸ਼ਵ ਵਿੱਤੀ ਪੂੰਜੀ ਦੀ ਵਿਕਾਸ ਦੌੜ ਅੰਦਰ ਯੂ.ਕੇ. ਨੂੰ ਲਤਾੜ ਕੇ ਪੰਜਵੀਂ ਥਾਂ ਪੁੱਜ ਗਿਆ ਹੈ। ਭਾਵੇਂ ਖੀਵੇ ਹੋਏ ਭਾਰਤੀ ਜਨ-ਸਮੂਹ ਦੀ ਖੁਸ਼ੀ ਦਾ ਨਸ਼ਾ ਅਜੇ ਉਤਰਿਆ ਵੀ ਨਹੀ ਸੀ ਤਾਂ ਮੋਦੀ ਸਰਕਾਰ ਦੀ ਵਿੱਤ ਮੰਤਰੀ ਨਿਰਮਲਾ ਸੀਤਾ ਰਮਨ ਨੇ ਇਕ ਹੋਰ ਖੁਸ਼ੀ ਵਾਲੀ ਖਬਰ ਸੁਣਾ ਦਿੱਤੀ ਕਿ ਭਾਰਤ ਅੰਦਰ ਹੁਣ ਮਹਿੰਗਾਈ ਕੋਈ ਮੁੱਦਾ ਨਹੀਂ ਹੈ। ਸਰਕਾਰ ਦਾ ਧਿਆਨ ਹੁਣ ਬੇਰੁਜ਼ਗਾਰੀ 'ਤੇ ਕਾਬੂ ਪਾਉਣਾ ਹੈ। ਛੇਤੀ ਹੀ ਇਸ ਸਮੱਸਿਆ 'ਤੇ ਕਾਬੂ ਕਰ ਲਿਆ ਜਾਵੇਗਾ? ਜਿਥੇ ਪ੍ਰਧਾਨ ਮੰਤਰੀ ਨੇ ਦੇਸ਼ ਦੇ ਵਿਕਾਸ ਦੀਆਂ ਪ੍ਰਾਪਤੀਆਂ ਦੀ ਖੁਸ਼ੀ ਸਾਂਝੀ ਕੀਤੀ ਉਥੇ ਵਿੱਤ ਮੰਤਰੀ ਨੇ ਦੇਸ਼ ਅੰਦਰ ਬੇ-ਫਿਕਰੀ ਅਤੇ ਆਤਮ-ਵਿਸ਼ਵਾਸ਼ ਸਬੰਧੀ ਭਰੋਸਾ ਦੇ ਕੇ ਦੇਸ਼ ਵਾਸੀਆਂ ਨੂੰ ਨੱਚਣ ਲਾ ਦਿੱਤਾ। ਹੁਣ ਆਉ ਦੇਖੀਏ ਇਹ ਭਰੋਸੇ ਜਮੀਨੀ ਹਕੀਕਤਾਂ ਅਨੁਸਾਰ ਕੀ ਤਸੱਲੀ-ਜਨਕ ਹਨ?

ਅਗਲੇ ਦਿਨ ਹੀ ਅਜੇ ਮੋਦੀ ਵਲੋਂ ਭਾਰਤ ਦੀ ਵਿਕਾਸ ਦਰ ਦੀ ਪ੍ਰਾਪਤੀ ਸਬੰਧੀ ਦਿੱਤੇ ਬਿਆਨਾਂ ਬਾਰੇ ਮੋਦੀ ਭਗਤਾਂ ਅਤੇ ਗੋਦੀ ਮੀਡੀਆ ਦੀਆਂ ਖੁਸ਼ੀਆਂ ਸਬੰਧੀ ਤਾੜੀਆਂ ਦੀ ਗੂੰਜ ਮੱਧਮ ਹੀ ਨਹੀਂ ਹੋਈ ਤੇ ਅਖਬਾਰਾਂ ਦੇ ਪੰਨਿਆਂ ਦੀਆਂ ਸੁਰਖੀਆਂ ਅਜੇ ਬਦਲੀਆਂ ਵੀ ਨਹੀਂ ਸਨ ਤਾਂ ਸੰਯੁਕਤ ਰਾਸ਼ਟਰ ਵਿਕਾਸ ਪ੍ਰੋਗਰਾਮ ਦੀ ਰਿਪੋਰਟ ਮੀਡੀਆ ਦੀਆਂ ਸੁਰਖ਼ੀਆਂ 'ਚ ਆ ਗਈ। ਇਸ ਰਿਪੋਰਟ ਨੇ ਸਾਰਾ ਸੁਵਾਦ ਹੀ ਕੁਸੈਲਾ ਕਰ ਦਿੱਤਾ। ਰਿਪੋਰਟ ਅਨੁਸਾਰ ਦੱਸਿਆ ਗਿਆ ਹੈ ਕਿ ਭਾਰਤ ਮਨੁੱਖੀ ਵਿਕਾਸ ਸੂਚੀ ਅੰਦਰ 191-ਦੇਸ਼ਾਂ ਅੰਦਰ 132-ਵੀਂ ਥਾਂ 'ਤੇ ਪੁੱਜ ਗਿਆ ਹੈ, ਜੋ ਆਪਣੇ ਪਹਿਲੇ ਸਥਾਨ ਤੋਂ ਵੀ ਹੋਰ ਹੇਠਾਂ (ਸਾਲ-2021-22) ਖਿਸਕ ਗਿਆ ਹੈ। ਭਾਵੇਂ ਅਜਿਹਾ ਹੀ ਰਿਜ਼ਰਵ ਬੈਂਕ ਨੇ ਪਿਛਲੀ ਦਿਨੀਂ ਕਿਹਾ ਸੀ ਕਿ ਅਜੇ ਮਹਿੰਗਾਈ ਦਰ ਸੰਤੋਸ਼ਨਜਕ ਪੱਧਰ 'ਤੇ ਨਹੀਂ ਪੁੱਜੀ ਹੈ। ਕੌਮਾਂਤਰੀ ਰੇਟਿੰਗ ਏਜੰਸੀਆਂ ਵਲੋਂ ਵੀ ਇਸ ਤਰ੍ਹਾਂ ਭਾਰਤ ਦੀ ਵਿਕਾਸ ਦਰ ਸਬੰਧੀ ਕਈ ਵਾਰ ਰੁੱਖ ਬਦਲੇ ਹਨ। ਜੇਕਰ ਇਹ ਮਾਜਰਾ ਅਜਿਹਾ ਅਮਲੀ ਰੂਪ ਵਿੱਚ ਠੀਕ ਹੈ ਅਤੇ ਅਨੁਮਾਨ ਦਰੁਸਤ ਹਨ ਤਾਂ 7-ਫੀਸਦ ਮਹਿੰਗਾਈ ਨੂੰ ਕਾਬੂ ਕਰਨ ਲਈ ਤੇ ਵਿਕਾਸ ਦਰ ਦੇ ਇਕਦਮ ਉਪਰ ਨੂੰ ਛਾਲ ਮਾਰਨ ਦੇ ਮੋਦੀ-ਆਰਥਿਕਤਾ ਦੇ ਕਿਆਫ਼ੇ ਨਿਰਸੰਦੇਹ ਠੀਕ ਹਨ ਤਾਂ ਫਿਰ ਸੰਸਾਰ ਪੂੰਜੀਵਾਦੀ ਸੰਕਟ ਵੀ ਠੱਲ੍ਹਿਆ ਗਿਆ ਹੋਣਾ ਚਾਹੀਦਾ ਹੈ?

ਅੱਜ ਨਹੀਂ ਪਹਿਲਾਂ ਵੀ ਅਜਿਹੇ ਬਿਆਨ ਅਤੇ ਦਲੀਲਬਾਜ਼ੀਆਂ ਹਾਕਮਾਂ ਵੱਲੋਂ ਦਿੱਤੀਆਂ ਜਾਂਦੀਆਂ ਰਹੀਆਂ ਹਨ। ਜੋ ਜਮੀਨੀ ਹਕੀਕਤਾਂ ਤੋਂ ਕੋਹਾਂ ਮੀਲ ਅਮਲ ਵਿੱਚ ਦੂਰ ਹੁੰਦੀਆਂ ਸਨ। ਕਾਲਾ ਧੰਨ ਬਾਹਰ ਕਢਵਾ ਕੇ ਹਰ ਭਾਰਤੀ ਨੂੰ 15-15 ਲੱਖ ਰੁਪਏ ਉਨ੍ਹਾਂ ਦੇ ਖਾਤਿਆਂ 'ਚ ਜਮ੍ਹਾਂ ਕਰ ਦਿੱਤੇ ਜਾਣਗੇ? ਹਰ ਸਾਲ 2-ਕਰੋੜ ਲੋਕਾਂ ਨੂੰ ਰੁਜ਼ਗਾਰ ਮਿਲੇਗਾ, ਹਰ ਇਕ ਲਈ ਮਕਾਨ ਤੇ ਕੋਈ ਹੱਥ ਵੇਹਲਾ ਨਹੀਂ ਹੋਵੇਗਾ? ਅੱਜ ਦੇ ਮੀਡੀਆ ਦੇ ਪ੍ਰਭਾਵ ਹੇਠ ਭੋਲੇ-ਭਾਲੇ ਲੋਕਾਂ ਨੂੰ ਜਿਹੜੇ ਦੋ ਟੁਕ ਦੀ ਰੋਟੀ ਤੋਂ ਆਤੁਰ ਹੁੰਦੇ ਹਨ ਤੇ ਆਪਣਾ ਨਫ਼ਾ-ਨੁਕਸਾਨ ਸੋਚਣ ਤੋਂ ਅਸਮਰਥ ਹਨ, ਹਾਕਮਾਂ ਦੇ ਅਜਿਹੇ ਫ਼ੁਰਮਾਨਾਂ ਨੂੰ ਰੱਬੀ ਹੁਕਮ ਸਮਝ ਕੇ ਸੱਚ ਮੰਨ ਲੈਂਦੇ ਹਨ, ਭਾਵੇਂ ਬਾਅਦ ਵਿੱਚ ਇਹ ਖ਼ਾਸ ਸੁਪਨੇ ਵਾਂਗ ਖਾਲੀ ਹੱਥ ਰਹਿ ਜਾਂਦੇ ਹਨ। ਮਹਾਂਮਾਰੀ-19 ਦੇ ਲਾਕਡਾਊਨ 'ਤੇ ਪੈਦਾਵਾਰ ਮੰਦੀ ਦੇ ਚਲਦਿਆਂ ਸੰਸਾਰ ਅਰਥ ਵਿਵਸਥਾ 'ਚ 4.4 ਫੀਸਦ ਸੁੰਗੜਾਅ ਆਇਆ ਤੇ ਅਨੁਮਾਨਾਂ ਅਨੁਸਾਰ 2022 'ਚ ਇਹ 2-ਫੀਸਦੀ ਤੋਂ ਹੇਠਾਂ ਹੀ ਰਹੇਗਾ (ਸੰਸਾਰ ਬੈਂਕ)। ਮੌਜੂਦਾ ਸੰਸਾਰ ਵਿੱਤੀ ਪੂੰਜੀ ਦੀ ਅਗਵਾਈ 'ਚ ਚਲ ਰਹੇ ਨਵ-ਉਦਾਰੀਵਾਦ ਅੰਦਰ ਮੁਨਾਫ਼ਿਆ ਦੇ ਦੌਰ ਨੇ ਆਰਥਿਕ ਅਸਮਾਨਤਾਵਾਂ ਨੂੰ ਵਧਾਇਆ ਹੈ। ਵੱਧਦੀ ਭੁੱਖਮਰੀ, ਗਰੀਬੀ ਅਤੇ ਬੇਰੁਜ਼ਗਾਰੀ ਵਿੱਚ ਤਿੱਖੇ ਰੂਪ 'ਚ ਵਾਧਾ ਹੋ ਰਿਹਾ ਹੈ (ਆਕਸਫੈਮ)।

ਕੀ ਸਚ-ਮੁਚ ਭਾਰਤ ਦੀ ਅਰਥ-ਵਿਵਸਥਾ ਅਤੇ ਵਿਕਾਸ ਦਰ ਮਜ਼ਬੂਤ ਹੋਈ ਹੈ? ਤਾਂ ਇਹ ਇਕ ਚੰਗੀ ਸੂਚਨਾ ਹੈ। ਪਰ ਇਸ ਨੂੰ ਇਹ ਕਿਵੇਂ ਤੋਲਿਆ ਜਾਵੇ ਕਿ ਇਕ ਭਾਰਤੀ ਪੂੰਜੀਪਤੀ ਦੁਨੀਆਂ ਅੰਦਰ ਦੂਸਰੇ ਥਾਂ 'ਤੇ ਪੁੱਜ ਗਿਆ ਹੈ, ਜਦੋਂ ਕੌਮੀ ਆਮਦਨ ਪ੍ਰਤੀ ਜੀਅ 19,000 ਡਾਲਰ ਹੋਵੇ। ਇਸ ਆਰਥਿਕ ਅਸਮਾਨਤਾ ਦੇ ਪਾੜੇ ਨੂੰ ਮੋਦੀ ਜੀ ਤੁਸੀਂ ਕਿਵੇਂ ਪੇਸ਼ ਕਰੋਗੇ? ਗਰੀਬੀ-ਗੁਰਬਤ ਅੰਦਰ ਸਾਡੇ ਸਾਰੇ ਗੁਆਂਢੀ ਦੇਸ਼ਾਂ ਅੰਦਰ ਧਿਆਨ ਮਾਰੋ ਸ੍ਰੀਲੰਕਾ, ਬੰਗਲਾਦੇਸ਼, ਨੇਪਾਲ ਅਤੇ ਪਾਕਿਸਤਾਨ ਵੀ ਸਾਡੇ ਤੋਂ ਅਮੀਰ ਹਨ। ਕਿਸੇ ਦੇਸ਼ ਦੇ ਲੋਕਾਂ ਦਾ ਖੁਸ਼ਹਾਲੀ ਲਈ ਲੰਬੀ ਨਰੋਈ ਸਿਹਤ, ਉਮਰ, ਸਿਖਿਆ, ਮੁਨਾਸਬ ਜੀਵਨ ਮਿਆਰ ਹੀ ਉਸ ਦੀ ਖੁਸ਼ਹਾਲੀ ਦੀ ਤਰੱਕੀ ਦਾ ਸੂਚਕ-ਅੰਕ ਹੁੰਦਾ ਹੈ। ਹੁਣ ਦੇਖਦੇ ਹਾਂ ਕਿ ਭਾਰਤ ਕਿੰਨਾ ਕੁ ਖੁਸ਼ਹਾਲ ਹੈ। ਸਾਲ 2021-22 ਦੀ ਮਨੁੱਖੀ ਵਿਕਾਸ ਸੂਚਕ ਅੰਕ ਦੀ ਰਿਪੋਰਟ ਕੀ ਕਹਿੰਦੀ ਹੈ? ਸਭ ਤੋਂ ਵੱਡਾ ਸਦਮਾ ਜੋ ਸਾਡੇ ਜੀਵਨ ਦਾ ਭਰੋਸਾ ਹੈ। ਸਾਲ 2019 ਵਿੱਚ 72.8 ਸਾਲ ਸੀ ਜੋ ਉਹ ਹੁਣ 2021 'ਚ ਘੱਟ 71.4 ਸਾਲ ਰਹਿ ਗਿਆ ਹੈ। ਇਸ ਸਬੰਧੀ ਯੂ.ਐਨ.ਡੀ.ਪੀ. ਦੇ ਪ੍ਰਬੰਧਕ ਦਾ ਕਹਿਣਾ ਹੈ ਭਾਰਤ ਅੰਦਰ ਲੋਕਾਂ ਨੂੰ ਅਨਿਸਚਤਾ ਭਰੀ ਦੁਨੀਆਂ ਅੰਦਰ ਰਹਿਣ ਲਈ ਆਮ ਚੁਣੌਤੀਆਂ ਨਾਲ ਨਿਪਟਣ ਅੰਦਰ, ਇਕ-ਜੁਟਤਾ ਦੀ ਭਾਵਨਾ 'ਚ ਕਮੀ ਆਈ ਹੈ। ਜਿਸ ਦਾ ਮੁੱਖ ਕਾਰਨ ਸੰਕਟਾਂ ਨਾਲ ਸਿਝਣ ਲਈ ਇਕ-ਜੁਟਤਾ ਨਹੀਂ ਹੈ।

ਕੋਰੋਨਾ-19 ਮਹਾਂਮਾਰੀ ਤੋਂ ਬਾਅਦ ਭਾਵੇਂ ਕਾਰੋਬਾਰੀ ਸਰਗਰਮੀਆਂ 'ਚ ਵਾਧਾ ਹੋਇਆ ਹੈ। ਪਰ ਇਸ ਦਾ ਮਤਲਬ ਇਹ ਨਹੀਂ ਕਿ ਭਾਰਤ ਦਾ ਉਦਯੋਗ ਖੇਤਰ ਤਰੱਕੀ ਦੀਆ ਪੁਲਾਂਘਾ ਪੁੱਟ ਰਿਹਾ ਹੈ। ਰੁਜ਼ਗਾਰ ਕੇਵਲ ਸੂਖਸ਼ਮ, ਛੋਟੇ ਅਤੇ ਮੱਧਵਰਗੀ ਉਦਯੋਗ ਹੀ ਪੈਦਾ ਕਰਦੇ ਹਨ। ਪਰ ਉਨ੍ਹਾਂ ਦੀ ਦਸ਼ਾ ਦੇਸ਼ ਦੇ ਵਿਤ-ਮੰਤਰੀ ਤੋਂ ਛੁਪੀ ਨਹੀਂ ਹੈ, ਨਿਰਯਾਤ ਵੱਧ ਨਹੀ ਰਿਹਾ ਹੈ। ਵਿਦੇਸ਼ੀ ਮੁਦਰਾ ਭੰਡਾਰ ਘੱਟ ਰਿਹਾ ਹੈ। ਇਨ੍ਹਾਂ ਹਲਾਤਾਂ 'ਚ ਨਵੇਂ ਰੁਜ਼ਗਾਰ ਦੀ ਆਸ ਨਹੀਂ ਰੱਖੀ ਜਾ ਸਕਦੀ ਹੈ। ਹਕੀਕਤ ਇਹ ਹੈ ਕਿ ਰੋਜ਼ਗਾਰ ਖੁਸਣ ਨਾਲ ਹਜ਼ਾਰਾਂ ਕਿਰਤੀ ਖੁਦਕਸ਼ੀਆਂ ਕਰਨ ਲਈ ਮਜਬੂਰ ਹੋ ਗਏ ਹਨ। ਭਾਰਤ ਔਸਤ ਆਮਦਨ ਦੇ ਪੈਮਾਨੇ 'ਚ ਦੁਨੀਆਂ ਅੰਦਰ 145-ਵੇਂ ਸਥਾਨ 'ਤੇ ਹੈ, ਅੰਕੜਿਆ ਵਿੱਚ ਨਹੀਂ ਜਮੀਨੀ ਹਕੀਕਤਾਂ ਅੰਦਰ ਦੇਖੀਏ। ਵਿੱਤ-ਮੰਤਰੀ ਨੂੰ ਹਕੀਕਤਾਂ ਤੋਂ ਅੱਖਾਂ ਬੰਦ ਕਰਕੇ ਨਹੀਂ ਸਗੋਂ ਭਾਰਤੀ ਆਵਾਮ ਦੀ ਜੋ ਹਾਲਤ ਹੈ ਉਸ ਨੂੰ ਦੇਖ ਕੇ ਬਿਆਨ ਦੇਣੇ ਚਾਹੀਦੇ ਹਨ। ਲੋਕਾਂ ਲਈ ਖਾਣ-ਪੀਣ 'ਤੇ ਜਰੂਰੀ ਵਸਤਾਂ ਦੀ ਪੂਰਤੀ ਬਾਜਾਰ 'ਚ ਕਈ ਗੁਣਾਂ ਮਹਿੰਗੀਆਂ ਹੋਣ ਕਰਕੇ ਪਹੁੰਚ ਤੋਂ ਬਾਹਰ ਹੋ ਗਈ ਦਿਸ ਰਹੀ ਹੈ। ਰੁਜ਼ਗਾਰ ਨਾ ਮਿਲਣ ਕਰਕੇ ਜੇਬਾਂ ਖਾਲੀ ਹਨ, ਪੇਟ ਨੂੰ ਗੰਢ ਦੇ ਕੇ ਰਾਤ ਨੂੰ ਸੌਣਾ ਪੈਂਦਾ ਹੈ।

ਇਸ ਵੇਲੇ ਮੋਦੀ ਸਰਕਾਰ ਵਲੋਂ ਅਪਣਾਈਆਂ ਨਵ-ਉਦਾਰਵਾਦੀ ਸੁਧਾਰਾਂ ਵਾਲੀਆਂ ਆਰਥਿਕ ਨੀਤੀਆਂ, ਫਿਰਕੂ-ਕਾਰਪੋਰੇਟ ਗਠਜੋੜ ਤੇ ਨਿੱਜੀਕਰਨ ਦੇ ਸਿੱਟੇ ਵਜੋਂ ਬੇਰੁਜ਼ਗਾਰੀਂ ਚਿੰਤਾਜਨਕ ਵਾਧੇ, ਵੱਧ ਰਹੀ ਗਰੀਬੀ-ਗੁਰਬਤ ਅਤੇ ਆਰਥਿਕ ਅਸਮਾਨਤਾਵਾਂ 'ਚ ਤੇਜ਼ੀ ਨਾਲ ਹੋਰੇ ਵਾਧੇ ਦੇ ਬਾਵਜੂਦ, ਵਿਕਾਸ ਦੀ ਮੰਦੀ ਪ੍ਰਤੀ, ਸਰਕਾਰ ਦੀ ਪ੍ਰਤੀਕਿਰਿਆ ਨੇ ਆਮਦਨ ਅਤੇ ਦੌਲਤ ਵਿੱਚ ਅਸਮਾਨਤਾਵਾਂ ਨੂੰ ਹੋਰ ਖਰਾਬ ਕਰਨ ਲਈ ਹੀ ਕੰਮ ਕੀਤਾ। ਕ੍ਰੋਨੀ ਕਾਰਪੋਰੇਟ ਸਮੂਹਾਂ ਦੁਆਰਾ ਲਏ ਕਰਜ਼ਿਆਂ ਦੀ ਪਿਛਲੇ 7 ਸਾਲਾਂ ਵਿੱਚ 10.72 ਲੱਖ ਕਰੋੜ ਰੁਪੈ ਦੀ ਰਾਸ਼ੀ ਵੱਟੇ-ਖਾਤੇ ਵਿੱਚ ਪਾ ਦਿੱਤੀ ਹੈ। ਦੇਸ਼ ਦੇ ਸਿਖਰਾਂ 'ਤੇ ਬੈਠੇ ਪੂੰਜੀਪਤੀਆਂ ਜਿਨ੍ਹਾਂ ਦੀ ਪੁਸ਼ਤ-ਪਨਾਹੀ ਮੋਦੀ (ਆਰ.ਐਸ.ਐਸ. ਦੀ ਅਗਵਾਨੀ ਹੇਠ) ਦੀ ਬੀ.ਜੇ.ਪੀ. ਸਰਕਾਰ ਕਰ ਰਹੀ ਹੈ, ਜਿਨ੍ਹਾਂ ਵਿੱਚ ਮੁਕੇਸ਼ ਅੰਬਾਨੀ ਜਿਸ ਦੀ ਕੁਲ ਜਾਇਦਾਦ 2016-2020 ਦੌਰਾਨ 350 ਫੀਸਦ ਅਤੇ ਗੌਤਮ ਅਡਾਨੀ ਜਿਸ ਦੀ ਕੁਲ ਜਾਇਦਾਦ 750 ਫੀ ਸਦ ਵਧੀ। ਭਾਵ ਅੰਬਾਨੀ ਦੀ ਜਾਇਦਾਦ 2020-21 ਦੌਰਾਨ 7.18 ਲੱਖ ਕਰੋੜ ਤੇ ਅਦਾਨੀ ਦੀ ਜਾਇਦਾਦ ਵੱਧ ਕੇ 5.06 ਲੱਖ ਕਰੋੜ ਰੁਪਏ ਹੋ ਗਈ। ਦੇਸ਼ ਦੀ 57-ਫੀਸਦ ਦੌਲਤ ਦੇਸ਼ ਦੇ 10-ਲੋਕਾਂ ਦੀਆਂ ਜੇਬਾਂ ਵਿੱਚ 'ਤੇ ਹੇਠਲੀ ਅੱਧੀ ਅਬਾਦੀ ਪਾਸ ਕੇਵਲ 13-ਫੀਸਦ ਦੱਸਦੀ ਹੈ।

ਕੋਵਿਡ-19 ਮਹਾਂਮਾਰੀ ਦੇ ਬਾਅਦ ਸਾਲ 2022-23 ਦੀ ਪਹਿਲੀ ਤਿਮਾਹੀ 'ਚ ਵਾਧਾ 26-ਫੀ ਸਦ ਹੋਇਆ, ਜਦ ਕਿ ਸਰਕਾਰੀ ਖੇਤਰ 'ਚ ਸਿਰਫ 1.3 ਫੀ ਸਦ ਭਾਵ ਸਰਕਾਰ ਨੇ ਆਪਣੇ ਖਰਚਿਆਂ 'ਚ ਸੰਕੋਚ ਕੀਤਾ ਹੈ। ਪਰ ਅਮਲ ਵਿੱਚ ਇਹ ਦਰਸਾਉਂਦਾ ਹੈ ਕਿ ਜਨਤਕ ਖੇਤਰ 'ਚ ਬਹੁਤ ਘੱਟ ਜਾਂ ਮਮੂਲੀ ਖਰਚ ਹੀ ਕੀਤਾ ਗਿਆ ਜਿਸ ਨੇ ਰੁਜ਼ਗਾਰ ਨੂੰ ਸੱਟ ਮਾਰੀ ਹੈ। ਦੂਸਰੇ ਪਾਸੇ ਮਹਿੰਗਾਈ ਫਿਰ ਵੀ ਵਧੀ ਹੈ। ਅਮਲੀ ਰੂਪ ਵਿੱਚ ਸਕਲ ਕੀਮਤ ਵਾਧਾ 12.7 ਫੀਸਦ, ਪਰ ਜੀ.ਡੀ.ਪੀ. 'ਚ ਵਾਧਾ ਆਮ, ਭਾਵ 26.7 ਫੀਸਦ ਹੀ ਰਿਹਾ ਜੋ ਇਹ ਦੇਸ਼ ਅੰਦਰ ਮੁਦਰਾ ਸਫ਼ੀਤੀ ਦੀ ਉਚੀ ਦਰ ਦਾ ਸੰਕੇਤ ਹੈ। ਡਾਲਰ ਦੇ ਮੁਕਾਬਲੇ ਰੁਪਏ ਦਾ ਲਗਾਤਾਰ ਖੁਰਨਾ, ਨਿਰਯਾਤ 'ਚ ਮਮੂਲੀ ਵਾਧਾ, ਭਾਵ ਵਿਦੇਸ਼ੀ ਨਿਵੇਸ਼ ਦਾ ਨਾ ਹੋਣਾ। ਸੰਸਾਰ ਆਰਥਿਕ ਵਿਤੀ ਹਾਲਤਾਂ ਅਨੁਕੂਲ ਨਾ ਹੋਣਾ ਅਤੇ ਮੋਦੀ ਸਰਕਾਰ ਵੱਲੋਂ ਤੇਜ਼ ਕੀਤੀਆਂ ਨਵ-ਉਦਾਰੀਵਾਦੀ ਆਰਥਿਕ ਨੀਤੀਆਂ ਕਾਰਨ ਦੇਸ਼ ਦੀ ਆਰਥਿਕ ਦਸ਼ਾ ਹੋਰ ਖਰਾਬ ਹੋਵੇਗੀ, ਮਹਿੰਗਾਈ 'ਚ ਹੋਰ ਵਾਧਾ ਤੇ ਬੇਰੁਜ਼ਗਾਰੀ ਛਾਲਾਂ ਮਾਰਦੀ ਅੱਗੇ ਹੀ ਵੱਧਗੀ? ਫਿਰ ਵਿਤ-ਮੰਤਰੀ ਕੋਲ ਕਿਹੜਾ ਅਲਾਦੀਨ ਦਾ ਦੀਵਾ ਹੈ ਜੋ ਬੇਰੁਜ਼ਗਾਰੀ 'ਤੇ ਕਾਬੂ ਪਾਵੇਗਾ?

ਮਨੁੱਖੀ ਵਿਕਾਸ ਸੂਚੀ 2021-2022 ਸਾਲ ਦੀ ਰਿਪੋਰਟ ਨੇ ਭਾਰਤ ਦੀ ਖੁਸ਼ਹਾਲੀ ਤੋਂ ਪਰਦਾ ਚੁੱਕ ਦਿੱਤਾ ਹੈ ਤੇ ਭਾਰਤ ਪਿਛਲੇ ਸਾਲ ਦੇ ਅੰਕ ਤੋਂ ਵੀ ਇਕ ਅੰਕ ਹੇਠਾਂ ਭਾਵ 191-ਦੇਸ਼ਾਂ ਅੰਦਰ 132-ਵੀਂ ਥਾਂ ਪੁੱਜ ਗਿਆ ਹੈ। ਚਾਹੀਦਾ ਤਾਂ ਇਹ ਹੈ ਕਿ ਦੇਸ਼ ਦੇ ਹਾਕਮ ਆਵਾਮ ਦੀ ਬਿਹਤਰੀ ਲਈ ਅੱਗੇ ਵੱਧਣ ਲਈ ਪੇਸ਼ ਔਕੜਾਂ ਦੇ ਹਲ ਲਈ ਮੰਥਨ ਕਰਨ। ਲੋਕਾਂ ਦੀਆਂ ਭਾਵਨਾਵਾਂ ਨੂੰ ਪਛਾਨਣ ਅਤੇ ਇਕਜੁਟਤਾ ਦਾ ਪ੍ਰਗਟਾਵਾ ਕਰਨ। ਦੇਸ਼ ਦੀ ਉਚੀ ਵਿਕਾਸ ਦਰ ਲਈ, ਬਿਹਤਰ ਜੀਵਨ ਪੱਧਰ, ਪ੍ਰਤੀ ਵਿਅੱਕਤੀ ਦੀ ਉਚ ਆਮਦਨ ਅਤੇ ਐਚ.ਡੀ.ਆਈ. ਦੇ ਮਾਣਕਾਂ ਅਨੁਸਾਰ ਸਿਖਿਆ, ਸਿਹਤ ਅਤੇ ਹਰ ਭਾਰਤੀ ਦੇ ਜਨ-ਜੀਵਨ ਦੀਆਂ ਉਚੀਆਂ ਕਦਰਾਂ-ਕੀਮਤਾਂ ਨੂੰ ਉਸਾਰਨ ਲਈ ਕਦਮ ਪੁੱਟਣ। ਭਾਵੇਂ ਭਾਰਤ ਦੁਨੀਆਂ ਅੰਦਰ 5-ਵੇਂ ਸਥਾਨ ਦੀ ਆਰਥਿਕ ਸ਼ਕਤੀ ਬਣ ਕੇ ਅੱਗੇ ਆਇਆ ਹੈ, ਪਰ ਮਨੁੱਖੀ ਵਿਕਾਸ ਸੂਚੀ ਦੇ ਮਾਣਕਾਂ ਅਧੀਨ ਆਮ ਭਾਰਤੀ ਦੀ ਹਾਲਤ ਬਦ ਤੋਂ ਬਦਤਰ ਹੋ ਰਹੀ ਹੈ। ਭਾਰਤ ਨੂੰ ਉਪਰੋਕਤ ਮਾਣਕਾਂ ਅਨੁਸਾਰ ਵਿਕਸਤ ਹੋਣ ਲਈ 2047 ਤੱਕ ਦੀ ਉਡੀਕ ਕਰਨੀ ਪਏਗੀ? ਅੱਜ, ਸਾਡੀ ਪ੍ਰਤੀ ਵਿਅਕਤੀ ਆਮਦਨ 2500 ਡਾਲਰ ਸਲਾਨਾ ਤੋਂ ਵੀ ਘੱਟ ਹੈ, ਉਦੋਂ ਸਾਡੀ ਅਬਾਦੀ 164 ਕਰੋੜ ਹੋ ਜਾਵੇਗੀ ਤਾਂ ਸਾਡੀ ਅਰਥ-ਵਿਵਸਥਾ 20-ਲੱਖ ਕਰੋੜ ਡਾਲਰ ਹੋਣੀ ਚਾਹੀਦੀ ਹੈ, ਜੋ ਇਸ ਵੇਲੇ 2.7 ਲੱਖ ਕਰੋੜ ਡਾਲਰ ਹੈ, ਭਾਵ 25-ਸਾਲਾਂ 'ਚ ਸਾਨੂੰ ਜੀ.ਡੀ.ਪੀ. ਹੋਰ 6-ਗੁਣਾਂ ਤੱਕ ਵਧਾਉਣੀ ਪਏਗੀ ਤਾਂ ਹੀ ਅਸੀਂ ਸਾਲ 2047 ਤੱਕ ਵਿਕਸਤ ਦੇਸ਼ ਬਣ ਸਕਾਂਗੇ (ਯੂ.ਐਨ.)।

ਜਿਥੋਂ ਤੱਕ ਨਿਵੇਸ਼ ਦੀ ਗੱਲ ਕਰੀਏ ਤਾਂ ਸਾਲ 2021-22 'ਚ ਐਫ.ਡੀ.ਆਈ. ਦੀ ਪ੍ਰਾਪਤੀ 83.57 ਅਰਬ ਡਾਲਰ ਰਹੀ ਹੈ, ਸੇਂਸੇਕਸ 30-ਅਗਸਤ, 2022 ਨੂੰ 59357 ਅੰਕ ਸੀ, ਖੇਤੀ ਖੇਤਰ 'ਚ ਅਨਾਜ ਪੈਦਾਵਾਰ 'ਚ ਪ੍ਰਾਪਤੀ 31.57 ਕਰੋੜ ਟਨ ਕਿਆਸ ਕੀਤੀ ਗਈ ਹੈ, ਭਾਵ ਦੇਸ਼ ਦੀ ਹਾਲਤ ਹੁੱਬਣ ਵਾਲੀ ਨਹੀਂ ਹੈ। ਅਗਲੇ ਸਾਲ ਦੇਸ਼ ਅੰਦਰ ਕੁਸ਼ਲ, ਅਰਧ-ਕੁਸ਼ਲ ਅਤੇ ਬਹੁਤ ਕੁਸ਼ਲ ਕਿਰਤੀਆਂ ਦੀ ਗਿਣਤੀ ਦੁਨੀਆ ਅੰਦਰ ਇਕ ਨੰਬਰ 'ਤੇ ਪੁੱਜ ਜਾਵੇਗੀ? ਡਿਜ਼ੀਟਲ ਰੁਜ਼ਗਾਰ, ਆਟੋਮੇਸ਼ਨ, ਲਿੰਗਕ-ਪਾੜਾ, ਕਾਮਾ-ਇਸਤਰੀਆਂ ਲਈ ਰੁਜ਼ਗਾਰ ਸਮੱਸਿਆਵਾਂ, ਦੂਸਰੇ ਪਾਸੇ ਬੱਚਾ ਮੌਤ ਦਰ ਘੱਟ ਕਰਨਾ, ਚੰਗੀ ਖੁਰਾਕ, ਸਾਫ-ਸੁਥਰਾ ਪਾਣੀ, ਸਿਖਿਆ, ਸਿਹਤ ਜਿਹੀਆਂ ਸਹੂਲਤਾਂ ਦੇਣ ਲਈ ਦੂਣੇ ਯਤਨ ਕਰਨੇ ਪੈਣਗੇ। ਪਰ ਮੋਦੀ ਸਰਕਾਰ ਵੱਲੋਂ ਭਾਰਤ ਦੀ ਆਰਥਿਕ ਪ੍ਰਭੂਸੱਤਾ ਦਾ ਵਿਨਾਸ਼, ਆਮ ਤੌਰ 'ਤੇ ਨਿਜੀਕਰਨ ਅਤੇ ਕਾਰਪੋਰੇਟ ਘਰਾਣਿਆਂ ਲਈ ਟੈਕਸ ਰਿਆਇਤਾਂ ਤੋਂ ਪਰੇ ਬਹੁ-ਪੱਖੀ ਢੰਗ ਨਾਲ ਹੋ ਰਿਹਾ ਹੈ। ਜਨਤਕ ਖੇਤਰ, ਖਾਸ ਕਰਕੇ ਰੱਖਿਆ ਉਤਪਾਦਨ ਦੇ ਖੇਤਰਾਂ ਦੀ ਸਵੈ ਨਿਰਭਰਤਾ ਨੂੰ ਕਮਜੋਰ ਕੀਤਾ ਜਾ ਰਿਹਾ ਹੈ। ਦੇਸ਼ ਦੀ ਕੌਮੀ ਸੰਪਤੀ ਅਤੇ ਆਰਥਿਕਤਾ ਦੀ ਇਹ ਤਬਾਹੀ ਤੇ ਲੁੱਟ ਦਾ ਬਹੁਤ ਵੱਡਾ ਪ੍ਰਭਾਵ ਕਰੋੜਾਂ ਲੋਕਾਂ ਦੀ ਰੋਜ਼ੀ-ਰੋਟੀ ਨੂੰ ਬਰਬਾਦ ਕਰ ਰਿਹਾ ਹੈ। ਆਰਥਿਕਤਾ ਨੂੰ ਸਥਾਈ ਮੰਦੀ ਅਤੇ ਸੰਕਟ ਵੱਲ ਧੱਕਿਆ ਜਾ ਰਿਹਾ ਹੈ। ਕੀ ਇਹ ਰਸਤਾ ਦੇਸ਼ ਅੰਦਰ ਬੇਰੁਜ਼ਗਾਰੀ ਹੱਲ ਕਰਨ ਲਈ ਕਾਰਗਾਰ ਹੋ ਸੱਕੇਗਾ ਜਦੋਂ ਦੇਸ਼ ਦੇ ਬਹੁਲਤਾਵਾਦ ਨੂੰ ਸੱਟ ਮਾਰੀ ਜਾ ਰਹੀ ਹੋਵੇ?

ਅਗਸਤ-2022 ਤੱਕ ਜੀ.ਐਸ.ਟੀ. 1,43,612 ਕਰੋੜ ਰੁਪਏ ਵਸੂਲੀ ਗਈ, ਪਰ ਪਿਛਲੇ 12-ਮਹੀਨਿਆਂ ਦੌਰਾਨ ਔਸਤ ਮੁਦਰਾ-ਸਫ਼ੀਤੀ ਵੱਧਣ ਕਾਰਨ ਆਵਾਮ ਲਈ ਜੋ ਜੀ.ਐਸ.ਟੀ. ਦਾ ਲਾਭ (ਪ੍ਰਾਪਤੀ) ਮਿਲਿਆ ਉਸ ਦੀ ਕੀਮਤ ਕੇਵਲ 1,33,559 ਕਰੋੜ ਰੁਪਏ ਹੀ ਸੀ। ਬੇਰੁਜ਼ਗਾਰੀ ਦੇ ਬਾਜ਼ਾਰ ਅੰਦਰ, ਜਦੋਂ ਨੌਕਰੀਆਂ ਬਹੁਤ (ਰੁਜ਼ਗਾਰ) ਘੱਟ ਹੋਣ, ਵੱਧ ਰਹੀ ਬੇਰੁਜ਼ਗਾਰੀ ਅੰਦਰ ਨਤੀਜੇ ਵਜੋਂ ਉਜ਼ਰਤ (ਦਿਹਾੜੀ) ਘੱਟ ਦੇਣੀ ਪੈਂਦੀ ਹੈ ਭਾਵ ਘੱਟ ਤੋਂ ਘੱਟ। ਪੂੰਜੀਪਤੀਆਂ ਨੂੰ ਕਿਰਤੀ ਦੀ ਲੁੱਟ ਕਰਕੇ ਵੱਧ ਤੋਂ ਵੱਧ ਮੁਨਾਫਾ ਪਹੁੰਚਾਉਣ ਲਈ ਮੋਦੀ ਸਰਕਾਰ ਨੇ ਇਹ ਰਾਹ ਕੱਢਿਆ ਹੈ। ਸਾਲ 2021-22 ਦੌਰਾਨ ਮੁਦਰਾ ਸਫੀਤੀ ਦੀ ਦਰ ਵਿੱਚ ਬੇਹਤਾਸ਼ਾ ਵਾਧਾ ਹੋਇਆ। ਪਰ ਖੇਤ-ਮਜ਼ਦੂਰਾਂ ਦੀ ਉਜ਼ਰਤ ਵਿੱਚ ਤਿੰਨ-ਫੀ ਸਦ ਤੋਂ ਵੀ ਘੱਟ ਵਾਧਾ ਹੋਇਆ। ਸਾਲ 2019 ਦੌਰਾਨ ਇਕ ਕਿਸਾਨ ਪਰਿਵਾਰ ਦੀ ਔਸਤ ਮਹੀਨਾ ਆਮਦਨ 10,213 ਰੁਪਏ ਜੋ ਭੋਜਨ, ਕੱਪੜੇ, ਸਿੱਖਿਆ, ਸਿਹਤ-ਸੇਵਾਵਾਂ, ਹੋਰ ਘਰੇਲੂ ਖਰਚੇ ਲਈ (ਪੰਜ-ਜੀਆਂ ਦਾ ਪਰਿਵਾਰ) ਇਹ ਕੀ ਕਾਫੀ ਹੈ (ਸ੍ਰੋਤ ਈ.ਏਸ. 2021-22)? ਨਿੱਜੀ ਜਨਤਕ ਅਤੇ ਸਰਕਾਰੀ ਖੇਤਰ ਅੰਦਰ ਅਸਾਮੀਆਂ ਘੱਟ ਤੇ ਨੌਕਰੀ ਮੰਗਣ ਵਾਲੇ 10-ਗੁਣਾਂ ਵੱਧ ਹੋਣ ਕਰਕੇ ਅਸਥਾਈਕਰਨ ਅਤੇ ਕਿਰਤ ਕਾਨੂੰਨਾਂ ਦੀ ਘੋਰ ਉਲੰਘਣਾ ਹੋ ਰਹੀ ਹੈ। ਮੋਦੀ ਸਰਕਾਰ ਨੇ ਕਿਰਤ ਕਾਨੂੰਨਾਂ ਨੂੰ ਦਰ ਕਿਨਾਰ ਕਰਕੇ ਕਿਰਤੀ ਦੇ ਫਲ ਦੀ ਅੰਨ੍ਹੀ ਲੁੱਟ ਕਰਨ ਲਈ ਰਾਹ ਪੱਧਰਾ ਕਰ ਦਿੱਤਾ ਹੋਇਆ ਹੈ, ਜਿਸ ਕਰਕੇ ਕਿਰਤੀ ਸੰਗਠਨ ਅਤੇ ਅੰਦੋਲਨ ਬਹੁਤ ਕਮਜੋਰ ਹੋ ਗਏ ਹਨ, ਕਿਰਤ ਬਾਜਾਰ ਵਿੱਚ ਅੰਨ੍ਹੀ ਲੁੱਟ ਹੋ ਰਹੀ ਹੈ।

ਇਸ ਵੇਲੇ ਮਹਿੰਗਾਈ ਤੇ ਬੇਰੁਜ਼ਗਾਰੀ ਜੋ ਇਕ ਦੂਸਰੇ ਦੇ ਪੂਰਕ ਹਨ ਇਹ ਮੋਦੀ ਸਰਕਾਰ ਵਲੋਂ ਅਪਣਾਈਆਂ ਨਵ-ਉਦਾਰੀਵਾਦੀ ਆਰਥਿਕ ਨੀਤੀਆਂ ਦਾ ਸਿੱਟਾ ਹੈ। ਇਨ੍ਹਾਂ ਨੀਤੀਆਂ ਕਾਰਨ ਤਿੱਖੇ ਆਰਥਿਕ ਸੋਸ਼ਣ ਦਾ ਸ਼ਿਕਾਰ ਹੋਏ ਦੇਸ਼ ਦੇ ਸਾਰੇ ਵਰਗਾਂ ਨੂੰ ਰੋਜ਼ੀ-ਰੋਟੀ ਦੇ ਮੁੱਦਿਆਂ 'ਤੇ ਸੰਘਰਸ਼ਾਂ ਵਿੱਚ ਇਕੱਠੇ ਕਰਕੇ ਲਾਮਬੰਦ ਕਰਨਾ ਚਾਹੀਦਾ ਹੈ। ਜੋ ਵੀ ਇਨ੍ਹਾਂ ਨੀਤੀਆਂ ਵਿਰੁਧ ਸੰਘਰਸ਼ ਸੁਭਾਵਿਕ ਰੂਪ 'ਚ ਆਰੰਭ ਹੁੰਦੇ ਹਨ ਉਨ੍ਹਾਂ ਅੰਦਰ ਸ਼ਮੂਲੀਅਤ ਕਰਨ ਅਤੇ ਏਕਤਾ ਮਜ਼ਬੂਤ ਕਰਨ ਲਈ ਯਤਨ ਕਰਨੇ ਚਾਹੀਦੇ ਹਨ।

> "ਮਨੁੱਖੀ ਵਿਕਾਸ ਸੂਚੀ 2021-2022 ਸਾਲ ਦੀ ਰਿਪੋਰਟ ਨੇ ਭਾਰਤ ਦੀ ਖੁਸ਼ਹਾਲੀ ਤੋਂ ਪਰਦਾ ਚੁੱਕ ਦਿੱਤਾ ਹੈ ਤੇ ਭਾਰਤ ਪਿਛਲੇ ਸਾਲ ਦੇ ਅੰਕ ਤੋਂ ਵੀ ਇਕ ਅੰਕ ਹੇਠਾਂ ਭਾਵ 191-ਦੇਸ਼ਾਂ ਅੰਦਰ 132-ਵੀਂ ਥਾਂ ਪੁੱਜ ਗਿਆ ਹੈ। ਚਾਹੀਦਾ ਤਾਂ ਇਹ ਹੈ ਕਿ ਦੇਸ਼ ਦੇ ਹਾਕਮ ਆਵਾਮ ਦੀ ਬਿਹਤਰੀ ਲਈ ਅੱਗੇ ਵੱਧਣ ਲਈ ਪੇਸ਼ ਔਕੜਾਂ ਦੇ ਹਲ ਲਈ ਮੰਥਨ ਕਰਨ। ਲੋਕਾਂ ਦੀਆਂ ਭਾਵਨਾਵਾਂ ਨੂੰ ਪਛਾਣਨ ਅਤੇ ਇਕਜੁਟਤਾ ਦਾ ਪ੍ਰਗਟਾਵਾ ਕਰਨ। ਦੇਸ਼ ਦੀ ਉਚੀ ਵਿਕਾਸ ਦਰ ਲਈ, ਬਿਹਤਰ ਜੀਵਨ ਪੱਧਰ, ਪ੍ਰਤੀ ਵਿਅੱਕਤੀ ਦੀ ਉਚ ਆਮਦਨ ਅਤੇ ਐਚ.ਡੀ.ਆਈ. ਦੇ ਮਾਣਕਾਂ ਅਨੁਸਾਰ ਸਿਖਿਆ, ਸਿਹਤ ਅਤੇ ਹਰ ਭਾਰਤੀ ਦੇ ਜਨ-ਜੀਵਨ ਦੀਆਂ ਉਚੀਆਂ ਕਦਰਾਂ-ਕੀਮਤਾਂ ਨੂੰ ਉਸਾਰਨ ਲਈ ਕਦਮ ਪੁੱਟਣ।"

# ਨਾਨਕ ਅਸੁਨਿ ਮਿਲਹੁ ਪਿਆਰੇ ਸਤਿਗੁਰ ਭਏ ਬਸੀਠਾ

ਧਰਮ



ਡਾ. ਦਿਲਵਰ ਸਿੰਘ
ਮੋ. 9417306371



ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਰਹ ਮਾਹਾ ਤੁਖਾਰੀ ਅਤੇ ਬਾਰਹ ਮਾਹਾ ਮਾਂਝ ਵਿਚ ਇਸ ਮਹੀਨੇ ਨੂੰ ਆਧਾਰ ਬਣਾ ਕੇ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਾਨੂੰ ਆਪਣਾ ਪਾਵਨ ਉਪਦੇਸ਼ ਦ੍ਰਿੜ੍ਹ ਕਰਵਾਇਆ ਹੈ। ਵਿਦਵਾਨਾਂ ਦਾ ਮੰਨਣਾ ਹੈ ਕਿ ਇਨ੍ਹਾਂ ਪਵਿਤਰ ਬਾਰਹਮਾਹਾਂ ਵਿਚ ਪਹਿਲੇ ਛੇ ਮਹੀਨਿਆਂ ਵਿਚ ਜੀਵ ਇਸਤਰੀ ਦੇ ਪ੍ਰਭੂ ਪਤੀ ਤੋਂ ਵਿਛੋੜੇ ਦਾ ਜਿਕਰ ਹੈ ਅਤੇ ਬਾਅਦ ਵਾਲੇ ਛੇ ਮਹੀਨਿਆਂ ਵਿਚ ਜੀਵ ਇਸਤਰੀ ਦੇ ਪ੍ਰਭੂ ਪਤੀ ਨਾਲ ਮਿਲਾਪ ਦੀ ਅਵਸਥਾ ਪੇਸ਼ ਕੀਤੀ ਗਈ ਹੈ। ਤਾਂ ਹੀ ਤਾਂ ਅਸੂ ਦੇ ਮਹੀਨੇ ਵਿਚ ਗੁਰੂ ਸਾਹਿਬ ਸਤਿਗੁਰੂ ਨੂੰ ਬਸੀਠ ਅਰਥਾਤ ਵਿਚੋਲਾ ਬਣਾ ਕੇ ਪ੍ਰਭੂ ਪਤੀ ਦੇ ਮਿਲਾਪ ਲਈ ਅਕਾਲ ਪੁਰਖ ਦੇ ਚਰਨਾਂ ਵਿਚ ਬੇਨਤੀ ਕਰਦੇ ਹਨ ਅਤੇ ਆਪਣੀ ਬਾਣੀ ਰਾਹੀਂ ਸਾਨੂੰ ਵੀ ਉਪਦੇਸ਼ ਕਰਕੇ ਹਨ ਤਾਂ ਕਿ ਸਾਡਾ ਵੀ ਮਿਲਾਪ ਸਚੇ ਗੁਰੂ ਰਾਹੀਂ ਪ੍ਰਭੂ ਪਤੀ ਨਾਲ ਹੋ ਜਾਵੇ। ਗੁਰੂ ਸਾਹਿਬ ਫਰਮਾਉਂਦੇ ਹਨ ਕਿ ਜਿਸ ਜੀਵ ਇਸਤਰੀ ਦਾ ਪਿਰ ਉਸ ਦੇ ਹਿਰਦੇ ਘਰ ਵਿਚ ਨਹੀਂ ਆ ਵਸਿਆ ਅਤੇ ਪ੍ਰਭੂ ਪਤੀ ਦੇ ਵਿਛੋੜੇ ਕਰਕੇ ਵਿਕਾਰਾਂ ਨੇ ਹਮਲੇ ਕਰਕੇ ਜਿਸ ਨੂੰ ਕਮਜੋਰ ਕਰ ਦਿੱਤਾ, ਜਿਸ ਪ੍ਰਭੂ ਪਤੀ ਤੋਂ ਬਿਨਾਂ ਜੀਵ ਇਸਤਰੀ ਦਾ ਅੱਧੀ ਕੌਡੀ ਜਿੰਨਾ ਵੀ ਮੁਲ ਨਹੀਂ ਪੈ ਰਿਹਾ ਅਤੇ ਨਿਮਾਣੀ ਤੇ ਨਿਤਾਣੀ ਹੋ ਕੇ ਦੁਖਾਂ ਵਿਚ ਸਮਾਂ ਗੁਜ਼ਾਰ ਰਹੀ ਸੀ ਅਤੇ ਗੁਣਾਂ ਦੀ ਬਜਾਏ ਅਵਗੁਣਾਂ ਦੀਆਂ ਪੰਡਾਂ ਬੰਨ੍ਹ ਰਹੀ ਸੀ ਅਤੇ ਜਿਸ ਨੂੰ ਸਾਵਣ ਵਰਗੇ ਸੁਹਾਵਣੇ ਮਹੀਨੇ ਦੀ ਸੁਹਾਵਣੀ ਰੁਤ, ਨੀਂਦ, ਭੁੱਖ ਤੇ ਸ਼ਿੰਗਾਰ ਵਾਲੀਆਂ ਵਸਤੂਆਂ ਵਢ-ਵਢ ਕੇ ਖਾ ਰਹੀਆਂ ਸਨ ਅਤੇ ਉਹ ਭਰਮਾਂ ਵਿਚ ਭੁੱਲੀ ਜੋਬਨ ਦੀ ਮਸਤੀ ਵਿਚ ਮਸਤ ਹੋ ਕੇ ਪ੍ਰਭੂ ਤੋਂ ਹੋਏ ਵਿਛੋੜੇ ਤੋਂ ਪਛਤਾ ਰਹੀ ਸੀ। ਉਸ ਜੀਵ ਇਸਤਰੀ ਨੂੰ ਇਹ ਸੋਝੀ ਗੁਰੂ ਕ੍ਰਿਪਾ ਸਦਕਾ ਹੀ ਪ੍ਰਾਪਤ ਹੋਈ ਹੈ ਕਿ ਉਸ ਦੇ ਵਿਛੋੜੇ, ਭਰਮ ਅਤੇ ਦੁਖ ਦਾ ਕਾਰਨ ਉਸ ਦਾ ਆਤਮਿਕ ਜੀਵਨ ਤੋਂ ਸਖਣਾ ਹੋਣਾ ਹੈ। ਇਸ ਸਖਣੇਪਣ ਨੂੰ ਆਤਮਿਕ ਆਨੰਦ ਨਾਲ ਭਰਨ ਹਿਤ ਉਹ ਪ੍ਰਭੂ ਪਤੀ ਦੇ ਚਰਨਾਂ ਵਿਚ ਅਰਦਾਸ ਕਰਦੀ ਹੈ ਕਿ ਉਸ ਨੂੰ ਆਪ ਹੀ ਕ੍ਰਿਪਾ ਕਰਕੇ ਆਪਣਾ ਮਿਲਾਪ ਬਖਸ਼ੋ। ਉਸ ਨੂੰ ਆਪਣੀ ਅੰਦਰਲੀ ਕਮਜੋਰੀ ਦਾ ਪਤਾ ਲਗ ਗਿਆ।ਉਸ ਨੂੰ ਸਮਝ ਆ ਗਈ ਕਿ ਉਹ ਝੂਠੇ ਪਦਾਰਥਕ ਮੋਹ ਵਿਚ ਫਸੀ ਰਹੀ ਹੈ ਅਤੇ ਉਸਦੀ ਸਾਰੀ ਉਮਰ ਅਜਾਈਂ ਬਤੀਤ ਹੋ ਰਹੀ ਹੈ। ਜਵਾਨੀ ਬੀਤ ਗਈ ਹੈ ਅਤੇ ਬੁਢੇਪਾ ਆ ਰਿਹਾ ਹੈ। ਪਰ ਅਜੇ ਤੱਕ ਪ੍ਰਭੂ ਮਿਲਾਪ ਨਹੀਂ ਹੋਇਆ। ਪਰ ਫਿਰ ਵੀ ਅਜੇ ਪ੍ਰਭੂ ਮਿਲਾਪ ਦੀ ਆਸ ਬਾਕੀ ਹੈ। ਪਰ ਇਹ ਆਸ ਤਾਂ ਹੀ ਪੂਰੀ ਹੋ ਸਕਦੀ ਹੈ ਜੇ ਸੱਚਾ ਗੁਰੂ ਵਿਚੋਲਾ ਬਣੇ। ਇਸ ਆਸ ਨੂੰ ਹੋਰ ਕੋਈ ਪੂਰਾ ਨਹੀਂ ਕਰਵਾ ਸਕਦਾ।

ਸ੍ਰੀ ਗੁਰੂ ਅਰਜਨ ਦੇਵ ਜੀ ਫਰਮਾਉਂਦੇ ਹਨ ਕਿ ਜਿਸ ਜੀਵ ਇਸਤਰੀ ਦੇ ਮਨ ਵਿਚ ਪ੍ਰਭੂ ਪਤੀ ਦੇ ਮਿਲਾਪ ਦਾ ਉਮਾਹ ਪੈਦਾ ਹੁੰਦਾ ਹੈ ਤਾਂ ਇਸ ਉਮਾਹ ਦੀ ਪੂਰਤੀ ਹਿਤ ਸੰਤ ਜਨ ਹੀ ਉਸ ਦੇ ਸਹਾਇਕ ਹੁੰਦੇ ਹਨ ਅਤੇ ਉਹੀ ਪ੍ਰਭੂ ਮਿਲਾਪ ਦਾ ਮਾਰਗ ਦਸ ਕੇ ਜੀਵ ਇਸਤਰੀ ਦਾ ਐਸਾ ਮਿਲਾਪ ਕਰਵਾਉਂਦੇ ਹਨ ਜਿਸ ਵਿਚ ਫੇਰ ਕਦੇ ਵਿਛੋੜਾ ਨਹੀਂ ਪੈ ਸਕਦਾ। ਕਿਉਂਕਿ ਸੰਤ ਹੀ ਅਸਲ ਮਾਰਗ ਦਸ ਕੇ ਜੀਵ ਦਾ ਭਰਮ ਨਵਿਰਤ ਕਰ ਕੇ ਉਸਦੇ ਉਮਾਹ ਨੂੰ ਫਲੀਭੂਤ ਕਰ ਦਿੰਦੇ ਹਨ। ਪ੍ਰਭੂ ਦੀ ਬਖਸ਼ਿਸ਼ ਦੀਆਂ ਪਾਤਰ ਜੀਵ ਇਸਤਰੀਆਂ ਹੀ ਸਦੀਵ ਕਾਲ ਲਈ ਸੁਖੀ ਵਸਦੀਆਂ ਹਨ।ਉਨ੍ਹਾਂ ਦਾ ਲੋਕ ਤੇ ਪ੍ਰਲੋਕ ਸੁਹੇਲਾ ਹੋ ਜਾਂਦਾ ਹੈ। ਫਿਰ ਉਨ੍ਹਾਂ ਦਾ ਜਨਮ ਬਿਰਥਾ ਨਹੀਂ ਜਾਂਦਾ। ਝੂਠੇ ਧੰਦੇ ਦਾ ਮੋਹ ਉਨ੍ਹਾਂ ਜੀਵ ਇਸਤਰੀਆਂ ਨੂੰ ਸਤਾਉਂਦਾ ਨਹੀਂ। ਉਨ੍ਹਾਂ ਦੇ ਗਲ਼ ਵਿਚ ਜਮ੍ਹਾਂ ਦੀ ਫਾਹੀ ਨਹੀਂ ਪੈਂਦੀ ਕਿਉਂਕਿ ਉਨ੍ਹਾਂ ਨੂੰ ਵਿਸ਼ੇ ਵਿਕਾਰਾਂ ਦਾ ਕੂੜਾ ਰੰਗ, ਜੋ ਛਾਰ ਹੋ ਜਾਣ ਵਾਲਾ ਹੈ, ਭਰਮਾ ਨਹੀਂ ਸਕਦਾ ਅਤੇ ਨਾ ਹੀ ਉਹ ਦੁਨਿਆਵੀ ਭਰਮਾਂ ਦਾ ਸ਼ਿਕਾਰ ਹੁੰਦੀਆਂ ਹਨ, ਕਿਉਂਕਿ ਉਨ੍ਹਾਂ ਨੂੰ ਆਤਮਿਕ ਆਨੰਦ ਪ੍ਰਾਪਤ ਹੋ ਜਾਂਦਾ ਹੈ ਜੋ ਉਨ੍ਹਾਂ ਦੇ ਸਦੀਵੀ ਸੁਖ ਦਾ ਆਧਾਰ ਬਣ ਜਾਂਦਾ ਹੈ। ਫੁਰਮਾਨ ਹੈ: ਅਸੂ ਸੁਖੀ ਵਸੰਦੀਆ ਜਿਨਾ ਮਇਆ ਹਰਿ ਰਾਇ॥(ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੫)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੀ ਆਪਣੀ ਬਾਣੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਵਾਂਗ ਹੀ ਉਪਦੇਸ਼ ਕਰਦੇ ਹਨ ਕਿ ਅਸੂ ਦਾ ਮਹੀਨਾ ਭਾਵੇਂ ਸੁਖ ਦੇਣ ਵਾਲਾ ਅਰਥਾਤ ਪ੍ਰਾਕਿਰਤਕ ਤੌਰ 'ਤੇ ਸੁਹਾਵਣੀ ਰੁਤ ਹੈ ਅਤੇ ਆਤਮਿਕ ਤੌਰ 'ਤੇ ਜੀਵ ਇਸਤਰੀ ਦੇ ਪ੍ਰਭੂ ਮਿਲਾਪ ਹਿਤ ਉਮਾਹ ਪੈਦਾ ਹੋਣ ਦਾ ਸਮਾਂ ਹੈ ਪਰ ਪ੍ਰਭੂ ਮਿਲਾਪ ਦੀ ਸੋਝੀ ਬਿਨਾਂ ਇਹ ਬਿਰਹਨ ਜੀਵ ਇਸਤਰੀ ਨੂੰ ਸੁੱਖ ਨਹੀਂ ਦੇ ਸਕਦਾ। ਆਕਾਸ਼ ਵਿਚ ਉਚੇ ਉਡਦੇ ਪਾਣੀ ਤੋਂ ਸੱਖਣੇ ਚਿੱਟੇ ਅਤੇ ਪਤਲੇ ਬੱਦਲ ਕਦੇ ਨੀਵੇਂ ਹੋ ਜਾਂਦੇ ਹਨ, ਕਦੇ ਉਚੇ ਉੱਠ ਜਾਂਦੇ ਹਨ। ਭਾਵ ਬਿਰਹਨ ਦਾ ਹਿਰਦਾ ਕਦੀ ਉਮਾਹ ਵਿਚ ਖਿੜ ਪੈਂਦਾ ਹੈ। ਕਦੀ ਵਿਛੋੜੇ ਦੇ ਦੁੱਖ ਕਾਰਨ ਡੁੱਬ ਜਾਂਦਾ ਹੈ ਅਤੇ ਪ੍ਰਭੂ ਮਿਲਾਪ ਦੀ ਕਸਕ ਵਧ ਜਾਂਦੀ ਹੈ। ਪਰ ਬਿਨਾਂ ਵਿਚੋਲੇ ਤੋਂ ਮਿਲਾਪ ਨਹੀਂ ਹੋ ਸਕਦਾ। ਫੁਰਮਾਨ ਹੈ: ਮਾਸ ਕੁਆਰ ਚਢਯੋ ਬਲੁ ਧਾਰਿ ਪੁਕਾਰ ਰਹੀ ਨਾ ਮਿਲੇ ਸੁਖਦਾਈ॥

ਸੇਤ ਘਟਾ ਅਰਿ ਗਤਿ ਛਟਾ ਸਰ ਤੁੰਗ ਅਟਾ ਸਿਮਕੈ ਦਰਸਾਈ॥ ਨੀਰ ਬਹੀਨ ਫਿਰੈ ਨਭਿ ਛੀਨ ਸੁ ਦੇਖਿ ਅਧੀਨ ਭਯੋ ਹੀਯ ਰਾਈ॥

ਪ੍ਰੇਮ ਛਕੀ ਤਿਨ ਸੋ ਬਿਥਕਯੋ ਟਸਕਯੋ ਨ ਹੀਯੋ ਕਸਕਯੋ ਨ ਕਸਾਈ॥੯੨੦॥(ਸ੍ਰੀ ਦਸਮ ਗ੍ਰੰਥ ਸਾਹਿਬ )

ਗੁਰੂ ਸਾਹਿਬਾਨ ਬਾਰਹ ਮਾਹਾ ਬਾਣੀ ਰਾਹੀ ਜੀਵ ਨੂੰ ਪ੍ਰਭੂ ਮਿਲਾਪ ਹਿਤ ਉਪਦੇਸ਼ ਕਰਦੇ ਹਨ ਤਾਂ ਜੋ ਜੀਵਨ ਦਾ ਅਮੋਲਕ ਸਮਾਂ ਪ੍ਰਭੂ ਵਿਛੋੜੇ ਵਿਚ ਹੀ ਬਤੀਤ ਨਾ ਹੋ ਜਾਵੇ ਅਤੇ ਅੰਤ ਨੂੰ ਕੇਵਲ ਪਛਤਾਵਾ ਹੀ ਹਥ ਲਗੇ। ਸੋ ਸਾਨੂੰ ਅਸੂ ਦੇ ਮਹੀਨੇ ਵਿਚ ਜੋ ਗੁਰੂ ਉਪਦੇਸ਼ ਹੈ ਉਸ ਨੂੰ ਹਿਰਦੇ ਵਿਚ ਧਾਰਨ ਕਰਕੇ ਆਪਣਾ ਜੀਵਨ ਬਤੀਤ ਕਰਨਾ ਚਾਹੀਦਾ ਹੈ।

ਪ੍ਰਕਾਸ਼ ਪੁਰਬ 9 ਅਕਤੂਬਰ 1534 'ਤੇ ਵਿਸ਼ੇਸ਼

# ਸਾਹਿਬ ਸ੍ਰੀ ਗੁਰੂ ਰਾਮਦਾਸ ਜੀ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਮੁਗਲ ਬਾਦਸ਼ਾਹ ਹਿਮਾਂਯੂ ਦਾ ਸਮਾਂ 1530 ਸੀ। ਉਸ ਸਮੇਂ ਪੰਜਾਬ ਵਿੱਚ ਅਰਾਜਕਤਾ ਫ਼ੈਲੀ ਹੋਈ ਸੀ। ਜਦੋਂ ਅਕਬਰ 1556 ਵਿਚ ਮੁਗਲ ਬਾਦਸ਼ਾਹ ਬਣਿਆ, ਤਦ ਵੀ ਹਾਲਾਤ ਸੁਖਾਵੇਂ ਨਹੀਂ ਸਨ। ਗੁਰੂ ਰਾਮਦਾਸ ਜੀ ਉਸ ਵੇਲੇ ਗੁਰੂ ਅਮਰਦਾਸ ਜੀ ਦੀ ਸਰਪ੍ਰਸਤੀ ਹੇਠ ਗੋਇੰਦਵਾਲ ਵਿਖੇ ਸਿੱਖ ਪੰਥ ਦੀ ਸੇਵਾ ਕਰ ਰਹੇ ਸਨ। ਮੁਗਲ ਹਕੂਮਤ ਦਾ ਦੂਸਰੇ ਧਰਮਾਂ ਨਾਲ ਵੈਰ ਵਿਰੋਧ ਸੀ। ਸਾਰੇ ਧਰਮਾਂ ਵਿਚ ਵੰਡੀਆਂ ਪਈਆਂ ਸਨ। ਜਾਤ-ਪਾਤ ਧੜੇਬੰਦੀ, ਲੁੱਟ ਖਸੁੱਟ ਜ਼ੋਰਾਂ 'ਤੇ ਸੀ। ਗਿਆਨ ਵਿਹੂਣੇ ਲੋਕ ਭਟਕ ਰਹੇ ਸਨ। ਪਰ ਬਾਦਸ਼ਾਹ ਅਕਬਰ ਆਪ ਖੁਸ਼ਦਿਲੀ ਦਾ ਮਾਲਕ ਸੀ। ਸਿੱਖ ਧਰਮ ਵਿਚ ਸ਼ਾਂਤੀ ਅਤੇ ਵਿਕਾਸ ਦਾ ਸਮਾਂ ਸੀ। ਅਜਿਹੇ ਸਮੇਂ ਗੁਰੂ ਰਾਮਦਾਸ ਜੀ ਦੇ ਗੁਰੂ ਕਾਲ 1574-1581 ਵਿਚ ਸੇਵਾ ਭਾਵਨਾ ਦੀ ਮਿਸਾਲ ਪੈਦਾ ਕੀਤੀ। ਪ੍ਰਚਲਤ ਝੂਠੇ ਕਰਮਕਾਂਡਾਂ, ਰੀਤੀ-ਰਿਵਾਜਾਂ, ਰਸਮਾਂ ਦਾ ਵਿਰੋਧ ਕਰਕੇ ਇਕ ਸਾਂਝੇ ਸਮਾਜ ਦੀ ਉਸਾਰੀ ਲਈ ਹੰਭਲਾ ਮਾਰਿਆ।

ਗੁਰੂ ਰਾਮਦਾਸ ਜੀ ਦਾ ਪ੍ਰਕਾਸ਼ 9 ਅਕਤੂਬਰ, 1534 ਨੂੰ ਪਿਤਾ ਹਰੀ ਦਾਸ ਅਤੇ ਮਾਤਾ ਅਨੂਪ ਦੇਵੀ/ਦਯਾ ਕੌਰ ਦੇ ਪਲੇਠੇ ਪੁੱਤਰ ਸਨ। ਉਨ੍ਹਾਂ ਦਾ ਨਾਂ ਜੇਠਾ ਪ੍ਰਸਿੱਧ ਹੋਇਆ। ਆਪ ਜੀ ਦੇ ਪਿਤਾ ਚੂਨਾ ਮੰਡੀ ਲਾਹੌਰ ਵਿਚ ਸਾਧਾਰਨ ਦੁਕਾਨਦਾਰ ਸਨ। ਆਪ ਸ਼ਰਧਾ, ਭਗਤੀ, ਸ਼ਾਂਤ ਸੁਭਾਅ, ਸੁੰਦਰ ਸਰੂਪ, ਤੀਖਣ ਬੁੱਧੀ ਦੇ ਮਾਲਕ ਅਤੇ ਦਾਨੀ ਸਨ। ਨਿੱਕੀ ਉਮਰੇ ਹੀ ਆਪ ਜੀ ਦੇ ਮਾਤਾ ਪਿਤਾ ਚਲਾਣਾ ਕਰ ਗਏ। ਆਪ ਜੀ ਦੀ ਨਾਨੀ ਉਨ੍ਹਾਂ ਨੂੰ ਬਾਸਰਕੇ ਲੈ ਆਈ। ਜਿੱਥੇ ਆਪ ਘੁੰਙਣੀਆਂ ਹੀ ਵੇਚਦੇ ਰਹੇ। ਆਪਣਾ ਕੰਮ ਸ਼ਾਂਤ ਚਿੱਤ, ਮਿਹਨਤ, ਇਮਾਨਦਾਰੀ ਨਾਲ ਕਰਦੇ ਸਨ। ਲੋੜਵੰਦਾਂ ਨੂੰ ਮੁਫ਼ਤ ਵਿਚ ਹੀ ਘੁੰਙਣੀਆਂ ਵੰਡ ਦੇਂਦੇ ਸਨ।

ਕਾਰ ਵਿਹਾਰ ਦੇ ਨਾਲ ਨਾਲ ਗੁਰੂਘਰ ਵਿਚ ਸੇਵਾ ਸਿਮਰਨ ਤੇ ਸਤਿਸੰਗ ਵਿਚ ਰਹਿੰਦੇ ਸਨ। ਆਪ ਆਪਣੇ ਮਿੱਠੇ ਅਤੇ ਨਿਮਰਤਾ ਵਾਲੇ ਸੁਭਾਅ ਕਰਕੇ ਸੰਗਤਾਂ ਵਿਚ ਜਲਦੀ ਹੀ ਹਰਮਨ ਪਿਆਰੇ ਹੋ ਗਏ। ਗੁਰੂ ਅਮਰਦਾਸ ਜੀ ਦੀ ਕ੍ਰਿਪਾ ਸਕਦੇ ਆਪ ਜੀ ਦੀ ਗੁਰੂਘਰ ਦੀ ਸੇਵਾ ਵਿਚ ਰੁਚੀ ਵਧਦੀ ਗਈ। ਆਪ ਮਧੁਰ ਸੁਰ ਵਿਚ ਗਾਉਂਦੇ ਅਤੇ ਤੰਤੀ ਸਾਜ਼ ਵੀ ਵਜਾਉਂਦੇ। ਇਸੇ ਤਰ੍ਹਾਂ ਆਪ 20 ਸਾਲ ਦੀ ਉਮਰ ਵਿਚ ਹੀ ਰਿਸ਼ਟ ਪੁਸ਼ਟ ਗੱਭਰੂ ਹੋ ਗਏ। ਗੁਰੂ ਅਮਰਦਾਸ ਜੀ ਭਾਈ ਜੇਠਾ ਜੀ ਦੇ ਸੁਭਾਅ, ਰਹਿਣੀ ਬਹਿਣੀ, ਬੋਲ ਚਾਲ, ਸੇਵਾ ਸਿਮਰਨ ਤੋਂ ਏਨੇ ਪ੍ਰਭਾਵਿਤ ਹੋਏ ਕਿ ਆਪਣੀ ਛੋਟੀ ਪੁੱਤਰੀ ਬੀਬੀ ਭਾਨੀ ਜੀ ਦਾ ਵਿਆਹ 18 ਫਰਵਰੀ 1554 ਨੂੰ ਸੰਪੰਨ ਕੀਤਾ। ਪਿਤਰੀ ਸਨੇਹ ਕਰਕੇ ਦੰਪਤੀ ਨੂੰ ਆਪਣੇ ਪਰਿਵਾਰ ਵਿਚ ਹੀ ਰੱਖ ਲਿਆ। ਆਪ ਜੀ ਦੇ ਤਿੰਨ ਸਾਹਿਬਜ਼ਾਦੇ ਪ੍ਰਿਥੀ ਚੰਦ, ਮਹਾਦੇਵ ਅਤੇ ਅਰਜਨ (ਗੁਰੂ) ਜੀ ਸਨ। ਆਪ ਗ੍ਰਹਿਸਥੀ ਵਿਚ ਵੀ ਗੁਰੂਘਰ ਦੀ ਸੇਵਾ ਵਿਚ ਜੁਟੇ ਰਹੇ। ਉਨ੍ਹਾਂ ਨੇ ਗੁਰਸਿੱਖੀ ਜੀਵਨ ਨੂੰ ਸਮਝ ਲਿਆ ਸੀ।

ਜਦੋਂ ਗੁਰੂ ਅਮਰਦਾਸ ਜੀ ਨੇ ਬਾਉਲੀ ਦੇ ਨਿਰਮਾਣ ਦਾ ਕਾਰਜ ਆਰੰਭ ਕੀਤਾ ਤਾਂ ਆਪ ਜੀ ਨੇ ਸਾਰਾ ਪ੍ਰਬੰਧ ਜਿੰਮੇਵਾਰੀ ਨਾਲ ਸੰਭਾਲ ਲਿਆ। ਆਪ ਕਾਰ ਸੇਵਾ ਵਿਚ ਟੋਕਰੀ ਢੋਇਆ ਕਰਦੇ ਸਨ। ਲੋਕਾ-ਚਾਰੀ ਅਤੇ ਰਿਸ਼ਤੇਦਾਰੀ ਤੋਂ ਉਪਰ ਉਠ ਕੇ ਸੇਵਾ ਕਰਦੇ ਰਹੇ। ਜਿਸ ਦੇ ਨਾਲ ਉਨ੍ਹਾਂ ਨੇ ਗੁਰੂਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਮੁਕਤੀ ਦਾ ਮਾਰਗ ਲਭ ਲਿਆ। ਗੁਰੂ ਅਮਰਦਾਸ ਜੀ ਉਨ੍ਹਾਂ ਦੀ ਨਿਸ਼ਕਾਮ ਅਤੇ ਅਣਥੱਕ ਸੇਵਾ ਭਾਵਨਾ ਵੇਖ ਕੇ ਪ੍ਰਸੰਨ ਹੋਏ। ਇਸ ਤਰ੍ਹਾਂ ਭਾਈ ਜੇਠਾ ਜੀ ਗੁਰੂ ਅਮਰਦਾਸ ਜੀ ਦੀ ਕ੍ਰਿਪਾ ਅਤੇ ਵਿਸ਼ਵਾਸ ਦੇ ਪਾਤਰ ਬਣ ਗਏ। ਜਦੋਂ ਅਕਬਰ ਦੇ ਦਰਬਾਰ ਵਿਚ ਹੋਰ ਜਾਤ ਅਭਿਮਾਨੀਆਂ ਨੇ ਗੋਂਦੇ ਨੂੰ ਨਾਲ ਲੈ ਕੇ ਗੁਰੂ ਅਮਰਦਾਸ ਜੀ ਵਿਰੁਧ ਸ਼ਿਕਾਇਤ ਕੀਤੀ ਤਾਂ ਅਕਬਰ ਨੇ ਗੁਰੂ ਸਾਹਿਬ ਜੀ ਨੂੰ ਤਲਕ ਕਰਨ ਦਾ ਹੁਕਮ ਦਿੱਤਾ। ਉਨ੍ਹਾਂ ਨੇ ਭਾਈ ਜੇਠਾ ਨੂੰ ਪੱਖ ਪੂਰਨ ਲਈ ਭੇਜਿਆ। ਭਾਈ ਜੇਠਾ ਜੀ ਨੇ ਪਹਿਲੇ ਤਿੰਨ ਗੁਰੂਆਂ ਦੀ ਬਾਣੀ ਘੋਖ ਕੀਤੀ ਹੋਈ ਸੀ। ਤਦ ਹੀ ਉਨ੍ਹਾਂ ਬੜੀ ਗੰਭੀਰਤਾ ਨਾਲ ਆਪਣੇ ਪੱਖ ਨੂੰ ਸ਼ਾਂਤੀਪੂਰਵਕ ਪੇਸ਼ ਕੀਤਾ ਕਿ ਸਾਡਾ ਮਨੋਰਥ ਲੋਕ ਭਲਾਈ ਦਾ ਹੈ। ਅਕਬਰ ਬਾਦਸ਼ਾਹ ਦੇ ਸਾਰੇ ਸ਼ੰਕੇ ਦੂਰ ਹੋ ਗਏ। ਸਾਰੇ ਦੋਸ਼ ਖਾਰਜ ਹੋ ਗਏ।

ਸੇਵਾ, ਭਗਤੀ, ਪ੍ਰੇਮ ਅਤੇ ਨਿਮਰਤਾ ਵਾਲੇ ਗੁਣ ਵੇਖ ਕੇ ਉਨ੍ਹਾਂ ਦੀ ਘਾਲਣਾ ਵੇਖ ਕੇ ਗੁਰੂ ਅਮਰਦਾਸ ਜੀ ਨੇ ਅਨੁਭਵ ਕਰ ਲਿਆ ਕਿ ਭਾਈ ਜੇਠਾ ਜੀ ਹੁਣ ਦੀਨ ਦੁਨੀਆ ਦੇ ਦਰਦ ਦੂਰ ਕਰਨ ਦੇ ਯੋਗ ਹਨ। ਸਤੰਬਰ 1554 ਨੂੰ ਭਾਈ ਜੇਠਾ ਜੀ ਨੂੰ ਗੁਰੂ ਰਾਮਦਾਸ ਦਾ ਨਾਉਂ ਦੇ ਕੇ ਗੁਰਗੱਦੀ ਤੇ ਬਿਠਾਇਆ।

ਆਪ ਗੁਰਬਾਣੀ ਦੇ ਉਤਾਰੇ ਤਿਆਰ ਕਰਦੇ ਰਹੇ। ਜਿਸ ਨਾਲ ਉਨ੍ਹਾਂ ਨੂੰ ਡੂੰਘੀ ਜਾਣਕਾਰੀ ਪ੍ਰਾਪਤ ਹੋਈ। ਉਨ੍ਹਾਂ ਨੇ ਆਪਣੇ ਆਪ ਨੂੰ ਸਿੱਖੀ ਜੀਵਨ ਵਿਚ ਢਾਲ ਲਿਆ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਰਚਨਾ ਵਿਚ ਉਨ੍ਹਾਂ ਦੇ 638 ਪਦੇ 30 ਸਗੀਤਕ ਰਾਗਨੀਆਂ ਵਿਚ ਰਦਜ ਹਲ। ਜਿਵੇਂ : ਅਸ਼ਟਪਦੀਆਂ, ਛੰਤ, ਵਣਜਾਰਾ, ਕਰਹਲੇ, ਘੋੜੀਆਂ, ਲਾਵਾਂ, ਵਾਰਾਂ ਅਤੇ ਸੋਹਲੇ ਕਾਵਿਕ ਵੰਨਗੀਆਂ ਹਨ। ਉਨ੍ਹਾਂ ਦੇ 31 ਸਲੋਕ ਵਾਰਾਂ ਅਤੇ ਵਧੀਕ ਵਿਚ ਹਨ। ਆਪ ਜੀ ਦੀ ਰਚੀ ਬਾਣੀ ਰਾਜਨੀਤਕ ਕੁਰੀਤੀਆਂ ਦਾ ਸੰਕੇਤ ਦੇਂਦੀ ਹੈ। ਸਵੈ ਮਾਣ ਦਾ ਜੀਵਨ ਜਿਉਣ ਦੀ ਪ੍ਰੇਰਨਾ ਦਿੰਦੀ ਹੈ। ਮਨੁੱਖ ਆਪਣੇ ਕਰਮਾਂ ਕਰਕੇ ਜਾਣਿਆ ਜਾਂਦਾ ਹੈ ਨਾ ਕਿ ਜਾਤ ਨਾਲ। ਹਾਊਮੈ ਦਾ ਤਿਆਗ ਕਰਕੇ ਪ੍ਰਮਾਤਮਾ ਅੱਗੇ ਆਤਮ ਸਮਰਪਣ ਕਰਨਾ ਹੈ। ਗੁਰਮਤਿ ਦੀ ਸੋਠੀ ਨਾਲ ਮਨ ਦੀ ਮੈਲ ਦੂਰ ਹੁੰਦੀ ਹੈ। ਨਾਮੁ ਦਾਨ ਅਤੇ ਇਸ਼ਨਾਨ ਤੇ ਸੁੱਚੀ ਕਿਰਤ ਵੰਡ ਕੇ ਛਕਣਾ ਸਿੱਖੀ ਦੇ ਮੀਰੀ ਗੁਣ ਹਨ। ਅਜਿਹੇ ਰਹਿਤ ਲਾਗੂ ਕੀਤੀ ਕਿ ਅੰਮ੍ਰਿਤ ਵੇਲੇ ਦਾ ਇਸ਼ਨਾਨ ਅਤੇ ਨਾਮ ਜਪਦੇ ਰਹਿਣਾ ਹੀ ਸਿੱਖ ਦਾ ਉਤਮ ਕਰਮ ਹੈ। ਜੋ ਨਾਮੁ ਜਪਦਾ ਹੈ ਉਹ ਧੰਨਤਾ ਦੇ ਯੋਗ ਹੈ। ਸੱਚ ਤੇ ਪਹਿਰਾ ਦੇਣ ਦਾ ਉਪਦੇਸ਼ ਹੈ। ਝੂਠੇ ਕਰਮਕਾਂਡਾਂ ਨੂੰ ਨਹੀਂ ਮੰਨਣਾ। ਸੇਵਾ ਦਾ ਮਾਰਗ ਮੁਕਤੀ ਦਾ ਮਾਰਗ ਪ੍ਰਮਾਤਮਾ ਨਾਲ ਮੇਲ ਦਾ ਰਸਤਾ ਹੈ।

ਗੁਰੂ ਅਮਰਦਾਸ ਜੀ ਨੇ ਸੰਨ੍ਹ 1570 ਨੂੰ ਭਾਈ ਜੇਠਾ ਜੀ ਅਤੇ ਬਾਬਾ ਬੁੱਢਾ ਜੀ ਨੂੰ ਉਸ ਅਸਥਾਨ ਤੇ ਭੇਜਿਆ, ਜਿੱਥੇ ਹੁਣ ਅੰਮ੍ਰਿਤਸਰ ਵਸਿਆ ਹੈ ਕਿ ਉੱਥੇ ਸਰੋਵਰ ਅਤੇ ਨਗਰ ਵਸਾਓ। ਆਪ ਜੀ ਨੇ ਪਹਿਲਾਂ ਸੰਤੋਖਸਰ ਦੀ ਖੁਦਾਈ ਕੀਤੀ। ਜਿਸ ਟਾਹਲੀ ਹੇਠ ਉਹ ਬੈਠਦੇ ਸਨ, ਉਥੇ ਗੁਰਦੁਆਰਾ ਟਾਹਲੀ ਸਾਹਿਬ ਬਣਿਆ ਹੈ।

ਗੁਰਗੱਦੀ ਤੋਂ ਕੁਝ ਚਿਰ ਪਹਿਲਾਂ ਗੁਰੂ ਰਾਮਦਾਸ ਜੀ ਨੇ ਸੰਨ. 1574 ਵਿਚ ਪਿੰਡ 'ਗੁਰੂ ਕਾ ਚੱਕ' ਦੀ ਨੀਂਹ ਰੱਖੀ, ਜਿਸ ਦਾ ਨਾਉਂ ਰਾਮਦਾਸਪੁਰ ਜਾਂ ਚੱਕ ਰਾਮਦਾਸਪੁਰ ਹੋ ਗਿਆ। ਸੰਨ੍ਹ 1557 ਵਿਚ ਜਿਸ ਥਾਂ 'ਤੇ ਦਰਬਾਰ ਸਾਹਿਬ ਹੈ, ਨਗਰ ਵਸਾਉਣਾ ਸ਼ੁਰੂ ਕੀਤਾ। ਗੁਰੂ ਰਾਮਦਾਸ ਜੀ ਇਸ ਨਗਰੀ ਨੂੰ ਆਦਰਸ਼ਕ ਬਣਾਉਣਾ ਚਾਹੁੰਦੇ ਸਨ। ਜਿਸ ਦੇ ਵਸਨੀਕ ਸਿਰਫ਼ ਧਾਰਮਿਕ ਹੀ ਨਾ ਰਹਿ ਕੇ ਸਮਾਜਿਕ ਅਤੇ ਆਰਥਿਕ ਪੱਖੋਂ, ਰੁਜ਼ਗਾਰ ਪੱਖੋਂ ਖੁਸ਼ਹਾਲ ਹੋਣ। ਉਨ੍ਹਾਂ ਦੀ ਕ੍ਰਿਤ ਕਮਾਈ ਵਿਚ ਕੋਈ ਥੁੜ ਨਾ ਹੋਵੇ। ਆਪਜੀ ਮਿਲਵਰਤਨ, ਪ੍ਰੇਮ ਪਿਆਰ ਅਤੇ ਸਾਂਝੇ ਭਾਈਚਾਰਕ ਲੋਕ ਵਸਣ। ਉਨ੍ਹਾਂ ਵੱਖ ਵੱਖ ਜਾਤਾਂ, ਫਿਰਕਿਆਂ ਅਤੇ ਵੱਖ ਵੱਖ ਹੁਨਰ ਦੇ ਨਿਪੁੰਨ ਦਸਤਕਾਰਾਂ, ਕਿਰਤੀਆਂ ਨੂੰ ਵਸਾਇਆ। ਅੱਜ ਦਾ 'ਗੁਰੂ ਬਾਜ਼ਾਰ' ਬਣਾਇਆ। ਸੰਨ੍ਹ 1577 ਵਿਚ ਗੁਰੂ ਰਾਮਦਾਸ ਜੀ ਨੇ ਦੁਖਭਜਨੀ ਬੇਰੀ ਦੀ ਥਾਂ 'ਤੇ ਅੰਮ੍ਰਿਤ ਸਰੋਵਰ ਦੀ ਖੁਦਵਾਈ ਆਰੰਭੀ। ਇਸ ਨੂੰ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤਾ। ਜਿਸ ਦਾ ਨਾਂ ਅੰਮ੍ਰਿਤਸਰ ਨਗਰ ਪੈ ਗਿਆ। ਆਪ ਜੀ ਨੇ ਆਪਣੇ ਲਈ ਇਕ ਮਕਾਨ ਵੀ ਬਣਵਾਇਆ ਜਿਸ ਦਾ ਨਾਂ 'ਗੁਰੂ ਕੇ ਮਹੱਲ' ਹੋ ਗਿਆ।

ਖਡੂਰ ਸਾਹਿਬ, ਗੋਇੰਦਵਾਲ ਸਾਹਿਬ, ਕਰਤਾਰਪੁਰ ਸਾਹਿਬ ਦੇ ਲੰਗਰਾਂ ਦੀ ਪ੍ਰਥਾ ਨੂੰ ਅੰਮ੍ਰਿਤਸਰ ਵਿਖੇ ਵੀ ਤਿਵੇਂ ਹੀ ਜਾਰੀ ਰੱਖਿਆ। ਸਰੋਵਰ ਦੇ ਵਿਚਕਾਰ ਹਰਿਮੰਦਰ ਬਣਾਉਣ ਦੀ ਯੋਜਨਾ ਬਣੀ। ਸ਼ਹਿਰ ਦੇ ਵਸੇਬੇ ਲਈ ਉਸਾਰੀ ਦੇ ਕੰਮ ਜਾਰੀ ਸਨ। ਇਨ੍ਹਾਂ ਖਰਚਿਆਂ ਨੂੰ ਪੂਰਾ ਕਰਨ ਲਈ ਮਾਇਆ ਦੀ ਲੋੜ ਸੀ। ਮਾਇਆ ਇਕੱਠੀ ਕਰਨ ਲਈ ਮਸੰਦ ਨਿਯੁਕਤ ਕੀਤੇ। ਜੋ ਮਾਇਆ ਇਕੱਠੀ ਕਰਦੇ ਤੇ ਕੇਂਦਰੀ ਖਜ਼ਾਨੇ ਵਿਚ ਜਮ੍ਹਾਂ ਕਰਵਾਉਂਦੇ। ਅੱਗੇ ਮਾਇਆ ਧਾਰਮਿਕ ਅਤੇ ਸਮਾਜਿਕ ਕਾਰਜਾਂ ਲਈ ਖਰਚ ਹੁੰਦੀ। ਧਰਮ ਪ੍ਰਚਾਰ ਦੀ ਜਿੰਮੇਵਾਰੀ ਵੀ ਮਸੰਦਾਂ

(ਬਾਕੀ ਸਫ਼ਾ 31 'ਤੇ)

# ਸੰਯੁਕਤ ਰਾਸ਼ਟਰ ਵਿਚ ਰੂਸ ਖ਼ਿਲਾਫ਼ ਮਤਾ ਪਾਸ ਨਾ ਹੋਣ ਕਾਰਨ ਅਮਰੀਕਾ ਭਾਰਤ ਤੋਂ ਖਫਾ

**ਰਜਿੰਦਰ ਸਿੰਘ ਪੁਰੇਵਾਲ**



ਭਾਰਤ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਵਿਚ ਅਮਰੀਕਾ ਤੇ ਅਲਬਾਨੀਆ ਵਲੋਂ ਰੂਸ ਖ਼ਿਲਾਫ਼ ਪੇਸ਼ ਕੀਤੇ ਗਏ ਉਸ ਨਿੰਦਾ ਮਤੇ 'ਤੇ ਵੋਟਿੰਗ ਤੋਂ ਦੂਰ ਰਿਹਾ, ਜਿਸ ਵਿਚ ਰੂਸ ਦੀ 'ਨਾਜਾਇਜ਼ ਰਾਇਸ਼ੁਮਾਰੀ' ਅਤੇ ਯੂਕਰੇਨੀ ਖ਼ੇਤਰਾਂ 'ਤੇ ਉਸ ਦੇ ਕਬਜ਼ੇ ਦੀ ਨਿੰਦਾ ਕੀਤੀ ਗਈ। ਇਸ ਮਤੇ ਵਿਚ ਮੰਗ ਕੀਤੀ ਗਈ ਸੀ ਕਿ ਰੂਸ ਯੂਕਰੇਨ ਤੋਂ ਆਪਣੇ ਸੁਰੱਖਿਆ ਬਲਾਂ ਨੂੰ ਤੁਰੰਤ ਵਾਪਸ ਬੁਲਾਏ। ਸੰਯੁਕਤ ਰਾਸ਼ਟਰ ਸੁਰੱਖਿਆ ਦੇ ਸਥਾਈ ਮੈਂਬਰ ਰੂਸ ਵਲੋਂ ਇਸ ਮਤੇ 'ਤੇ ਵੀਟੋ ਕਰਨ ਕਰਕੇ ਇਹ ਮਤਾ ਪਾਸ ਨਹੀਂ ਹੋ ਸਕਿਆ। ਹਾਲਾਂਕਿ ਇਸ ਮਤੇ 'ਤੇ 15 ਮੈਂਬਰੀ ਪ੍ਰੀਸ਼ਦ ਵਿਚੋਂ 10 ਮੈਂਬਰਾਂ ਨੇ ਪੱਖ ਵਿਚ ਵੋਟ ਪਾਈ ਜਦਕਿ ਭਾਰਤ, ਚੀਨ ਗੈਬੋਨ ਅਤੇ ਬ੍ਰਾਜ਼ੀਲ ਨੇ ਵੋਟਿੰਗ ਤੋਂ ਦੂਰੀ ਬਣਾਈ ਰੱਖੀ। ਇਕ ਤਰਾਂ ਰੂਸ ਦੇ ਹੱਕ ਵਿਚ ਭੁਗਤ ਗਏ। ਵੋਟਿੰਗ ਤੋਂ ਬਾਅਦ ਪ੍ਰੀਸ਼ਦ ਨੂੰ ਸੰਬੋਧਨ ਕਰਦਿਆਂ ਸੰਯੁਕਤ ਰਾਸ਼ਟਰ ਵਿਚ ਭਾਰਤ ਦੀ ਸਥਾਈ ਪ੍ਰਤੀਨਿਧੀ ਤੇ ਰਾਜਦੂਤ ਰੁਚਿਰਾ ਕੰਬੋਜ ਨੇ ਕਿਹਾ ਸੀ ਕਿ ਯੂਕਰੇਨ 'ਚ ਹਾਲ ਹੀ ਵਿਚ ਹੋਏ ਘਟਨਾਕ੍ਰਮਾਂ ਨੂੰ ਲੈ ਕੇ ਭਾਰਤ ਕਾਫ਼ੀ ਪ੍ਰੇਸ਼ਾਨ ਹੈ ਅਤੇ ਭਾਰਤ ਨੇ ਹਮੇਸ਼ਾ ਇਸ ਗੱਲ ਦੀ ਵਕਾਲਤ ਕੀਤੀ ਹੈ ਕਿ ਮਨੁੱਖੀ ਜਾਨਾਂ ਦੀ ਕੀਮਤ 'ਤੇ ਕੋਈ ਵੀ ਹੱਲ ਨਹੀਂ ਹੋ ਸਕਦਾ।ਅਸੀਂ ਅਪੀਲ ਕਰਦੇ ਹਾਂ ਕਿ ਹਿੰਸਾ ਤੇ ਦੁਸ਼ਮਣੀ ਨੂੰ ਤੁਰੰਤ ਬੰਦ ਕਰਨ ਲਈ ਸੰਬੰਧਿਤ ਧਿਰਾਂ ਵਲੋਂ ਸਾਰੇ ਯਤਨ ਕੀਤੇ ਜਾਣ।ਉਨ੍ਹਾਂ ਕਿਹਾ ਕਿ ਮਤਭੇਦਾਂ ਤੇ ਝਗੜਿਆਂ ਨੂੰ ਸੁਲਝਾਉਣ ਲਈ ਗੱਲਬਾਤ ਹੀ ਇਕੋ ਇਕ ਜਵਾਬ ਹੈ ਭਾਵੇਂ ਕਿ ਉਹ ਇਸ ਸਮੇਂ ਕਿੰਨਾ ਵੀ ਮੁਸ਼ਕਿਲ ਕਿਉਂ ਨਾ ਹੋਵੇ। ਭਾਰਤ ਦਾ ਰੁਖ ਇਸ ਸੰਘਰਸ਼ ਦੀ ਸ਼ੁਰੂਆਤ ਤੋਂ ਹੀ ਸਪੱਸ਼ਟ ਅਤੇ ਇਕਸਾਰ ਰਹਿਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਸ਼ਾਂਤੀ ਦੇ ਮਾਰਗ ਲਈ ਸਾਨੂੰ ਕੂਟਨੀਤੀ ਦੇ ਸਾਰੇ ਰਾਹ ਖੁੱਲ੍ਹੇ ਰੱਖਣ ਦੀ ਲੋੜ ਹੈ। ਬਿਆਨਬਾਜ਼ੀ ਜਾਂ ਤਣਾਅ ਵਧਾਉਣਾ ਕਿਸੇ ਦੇ ਹਿੱਤ ਵਿਚ ਨਹੀਂ ਹੈ। ਗੱਲਬਾਤ ਦੀ ਮੇਜ਼ 'ਤੇ ਵਾਪਸੀ ਲਈ ਰਸਤੇ ਲੱਭਣਾ ਅਹਿਮ ਹੈ। ਅਮਰੀਕਾ ਭਾਰਤ ਇਸ ਨੀਤੀ ਕਾਰਨ ਔਖਾ ਜਾਪ ਰਿਹਾ ਹੈ। ਇਸੇ ਕਾਰਨ ਉਸਨੇ ਖਾਲਿਸਤਾਨ ਤੇ ਸਿੱਖ ਨਸਲਕੁਸ਼ੀ ਦੇ ਏਜੰਡੇ ਨੂੰ ਉਤਸ਼ਾਹਿਤ ਕੀਤਾ ਹੈ।

1984 ਦੇ ਸਿੱਖ ਵਿਰੋਧੀ ਕਤਲੇਆਮ ਨੂੰ ਆਧੁਨਿਕ ਭਾਰਤੀ ਇਤਿਹਾਸ ਦੇ 'ਸਭ ਤੋਂ ਕਾਲੇ' ਸਾਲਾਂ ਵਿੱਚੋਂ ਇੱਕ ਦੱਸਦਿਆਂ ਅਮਰੀਕੀ ਸੈਨੇਟਰ ਨੇ ਸਿੱਖਾਂ 'ਤੇ ਹੋਏ ਅੱਤਿਆਚਾਰਾਂ ਨੂੰ ਯਾਦ ਰੱਖਣ ਦੀ ਲੋੜ 'ਤੇ ਜ਼ੋਰ ਦਿੱਤਾ ਹੈ ਤਾਂ ਜੋ ਇਸ ਲਈ ਜ਼ਿੰਮੇਵਾਰ ਵਿਅਕਤੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾ ਸਕੇ। ਭਾਰਤ ਵਿੱਚ 31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿੱਚ ਹਿੰਸਾ ਭੜਕ ਗਈ ਸੀ। ਇਸ ਹਿੰਸਾ ਵਿੱਚ ਪੂਰੇ ਭਾਰਤ ਵਿੱਚ 3,000 ਤੋਂ ਵੱਧ ਸਿੱਖ ਮਾਰੇ ਗਏ ਸਨ।ਸੈਨੇਟਰ ਪੈਟ ਟੂਮੀ ਨੇ ਸੈਨੇਟ ਵਿੱਚ ਆਪਣੇ ਭਾਸ਼ਨ ਵਿੱਚ ਕਿਹਾ ਸੀ ਕਿ, 'ਸਾਲ 1984' ਆਧੁਨਿਕ ਭਾਰਤੀ ਇਤਿਹਾਸ ਵਿੱਚ ਸਭ ਤੋਂ ਕਾਲੇ ਸਾਲਾਂ ਵਿੱਚੋਂ ਇੱਕ ਹੈ। ਦੁਨੀਆ ਨੇ ਭਾਰਤ ਵਿੱਚ ਨਸਲੀ ਸਮੂਹਾਂ ਵਿਚਕਾਰ ਬਹੁਤ ਸਾਰੀਆਂ ਹਿੰਸਕ ਘਟਨਾਵਾਂ ਦੇਖੀਆਂ ਹਨ, ਜਿਨ੍ਹਾਂ ਵਿੱਚੋਂ ਬਹੁਤ ਸਾਰੀਆਂ ਵਿਚ ਖਾਸ ਤੌਰ 'ਤੇ ਸਿੱਖ ਭਾਈਚਾਰੇ ਨੂੰ ਨਿਸ਼ਾਨਾ ਬਣਾਇਆ ਗਿਆ ਹੈ। ਅੱਜ ਅਸੀਂ ਇੱਥੇ ਉਸ ਦੁਖਾਂਤ ਨੂੰ ਯਾਦ ਕਰ ਰਹੇ ਹਾਂ ਜੋ 1 ਨਵੰਬਰ 1984 ਨੂੰ ਭਾਰਤ ਦੇ ਪੰਜਾਬ ਸੂਬੇ ਵਿੱਚ ਸਿੱਖਾਂ ਅਤੇ ਕੇਂਦਰ ਸਰਕਾਰ ਦਰਮਿਆਨ ਕਈ ਦਹਾਕਿਆਂ ਦੇ ਜਾਤੀ ਤਣਾਅ ਤੋਂ ਬਾਅਦ ਵਾਪਰੀ ਸੀ। ਸੋ ਅਮਰੀਕਾ ਦੀ ਆਉਣ ਵਾਲੇ ਸਮੇਂ ਵਿਚ ਨੀਤੀ ਕੀ ਹੋਵੇਗੀ ਉਹ ਦਿਨੋ-ਦਿਨ ਸਪੱਸ਼ਟ ਹੋਵੇਗੀ। ਪਰ ਜੇਕਰ 84 ਕਤਲੇਆਮ ਬਾਰੇ ਅਮਰੀਕੀ ਦਬਾਅ ਕਾਰਨ ਭਾਰਤ ਸਰਕਾਰ ਸਿੱਖਾਂ ਨੂੰ ਨਿਆਂ ਦਿੰਦੀ ਹੈ ਇਹ ਵੱਡੀ ਗੱਲ ਹੋਵੇਗੀ। ਨਿਆਂ ਨਾ ਮਿਲਣ ਕਾਰਨ ਸਿੱਖਾਂ ਵਿਚ ਨਿਰਾਸ਼ਤਾ ਛਾ ਰਹੀ ਹੈ। ਇਸ ਕਾਰਨ ਭਾਰਤ ਦਾ ਅਕਸ ਠੀਕ ਨਹੀਂ ਬਣੇਗਾ।

# ਗੈਂਗਸਟਰ ਲੰਡਾ ਗਰੋਹ ਦੇ ਮੈਂਬਰ ਦਾ ਦੋਸ਼ ਲਗਾ ਕੇ ਲੱਖਾ ਸਿਧਾਣਾ 'ਤੇ ਕੇਸ ਦਰਜ ਕੀਤਾ

## ਹਰੀਕੇ ਪੁਲਿਸ ਵਲੋਂ ਅਜੇ ਨਹੀਂ ਕੀਤੀ ਗ੍ਰਿਫ਼ਤਾਰੀ

ਤਰਨ ਤਾਰਨ/ਏ.ਟੀ.ਨਿਊਜ਼ :- ਹਰੀਕੇ ਪੁਲਿਸ ਨੇ ਵਿਦੇਸ਼ ਵਿਚ ਬੈਠ ਕੇ ਗੈਂਗਸਟਰ ਗਤੀਵਿਧੀਆਂ ਚਲਾ ਰਹੇ ਲਖਬੀਰ ਸਿੰਘ ਉਰਫ਼ ਲੰਡਾ ਗਰੋਹ ਦਾ ਮੈਂਬਰ ਦੱਸ ਕੇ ਲੱਖਾ ਸਿਧਾਣਾ ਸਮੇਤ 11 ਵਿਅਕਤੀਆਂ ਖ਼ਿਲਾਫ਼ ਫਿਰੌਤੀ ਮੰਗਣ, ਡਰੋਨ ਰਾਹੀਂ ਪਾਕਿ ਤੋਂ ਹਥਿਆਰ ਆਦਿ ਮੰਗਵਾਉਣ ਤੇ ਨਸ਼ਾ ਤਸਕਰੀ ਦਾ ਮਾਮਲਾ 2 ਸਤੰਬਰ ਨੂੰ ਚੁੱਪ- ਚੁਪੀਤੇ ਹੀ ਦਰਜ ਕੀਤਾ ਹੈ। ਇਕ ਮਹੀਨਾ ਬੀਤਣ ਦੇ ਬਾਵਜੂਦ ਸੰਗੀਨ ਧਾਰਾਵਾਂ ਤਹਿਤ ਦਰਜ ਕੀਤੇ ਇਸ ਕੇਸ ਵਿਚ ਸ਼ਰੇਆਮ ਘੁੰਮ ਰਹੇ ਲੱਖਾ ਸਿਧਾਣਾ ਨੂੰ ਅਜੇ ਤੱਕ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਐਫ.ਆਈ.ਆਰ. ਅਨੁਸਾਰ ਥਾਣਾ ਹਰੀਕੇ ਦੇ ਐਸ.ਐਚ.ਓ. ਸਬ-ਇੰਸ. ਹਰਜੀਤ ਸਿੰਘ ਨੂੰ ਮੁਖ਼ਬਰ ਨੇ ਇਤਲਾਹ ਦਿੱਤੀ ਕਿ ਲਖਬੀਰ ਸਿੰਘ ਉਰਫ਼ ਲੰਡਾ ਹਰੀਕੇ ਬਹੁਤ ਵੱਡਾ ਗੈਂਗਸਟਰ ਹੈ ਤੇ ਇਸ ਸਮੇਂ ਵਿਦੇਸ਼ ਵਿਚ ਬੈਠ ਕੇ ਆਪਣਾ ਨੈੱਟਵਰਕ ਚਲਾ ਰਿਹਾ ਹੈ। ਉਹ ਵੱਡੇ-ਵੱਡੇ ਕਾਰੋਬਾਰੀ ਤੇ ਅਮੀਰ ਲੋਕਾਂ ਕੋਲੋਂ ਫਿਰੌਤੀਆਂ ਦੀ ਮੰਗ ਕਰਦਾ ਹੈ ਤੇ ਉਸ ਨੇ ਨਛੱਤਰ ਸਿੰਘ ਉਰਫ਼ ਸਤਨਾਮ ਸਿੰਘ ਸੱਤਾ, ਜਸਵੰਤ ਸਿੰਘ, ਗੁਰਕੀਰਤ ਸਿੰਘ, ਅਨਮੋਲ ਸੋਨੀ, ਚੜ੍ਹਤ ਸਿੰਘ ਮਹਿਦੀਪੁਰ, ਗੁਰਜੰਟ ਸਿੰਘ ਜੰਟਾ, ਮਹਾਂਬੀਰ ਸਿੰਘ, ਸੁਖਦੇਵ ਸਿੰਘ ਸ਼ੇਰਾ, ਲਖਵਿੰਦਰ ਸਿੰਘ ਲੱਖਾ ਸਿਧਾਣਾ ਵਾਸੀ ਸਿਧਾਣਾ ਤਹਿਸੀਲ ਫੂਲ ਤੇ ਦਲਜੀਤ ਸਿੰਘ ਗੋਇੰਦਵਾਲ ਸਾਹਿਬ ਤੇ ਹੋਰ ਸਾਥੀਆਂ ਨਾਲ ਰਲ ਕੇ ਫਿਰੌਤੀਆਂ ਮੰਗਣ ਦਾ ਗਰੋਹ ਬਣਾਇਆ ਹੈ ਤੇ ਲਖਬੀਰ ਸਿੰਘ ਉਰਫ਼ ਲੰਡਾ ਇਨ੍ਹਾਂ ਦਾ ਰਿੰਗ ਲੀਡਰ ਹੈ, ਜੋ ਉਕਤ ਵਿਅਕਤੀਆਂ ਨਾਲ ਵਟਸਐਪ 'ਤੇ ਵਿਦੇਸ਼ੀ ਨੰਬਰਾਂ ਰਾਹੀਂ ਗੱਲ ਕਰਦਾ ਹੈ। ਫਿਰੌਤੀਆਂ ਦੇ ਲਏ ਪੈਸੇ ਸਤਨਾਮ ਸਿੰਘ ਸੱਤਾ ਨੌਸ਼ਹਿਰਾ ਪੰਨੂੰਆਂ ਤੇ ਉਸ ਦੇ ਹੋਰ ਸਾਥੀ ਲਖਬੀਰ ਸਿੰਘ ਉਰਫ਼ ਲੰਡਾ ਨੂੰ ਵਿਦੇਸ਼ ਭੇਜਦੇ ਹਨ।



ਲਖਬੀਰ ਸਿੰਘ ਉਰਫ਼ ਲੰਡਾ ਦੇ ਕਾਫ਼ੀ ਸਮੱਗਲਰਾਂ ਨਾਲ ਸੰਬੰਧ ਹਨ ਤੇ ਆਪਣੇ ਸਾਥੀਆਂ ਨੂੰ ਲਾਲਚ ਦੇ ਕੇ ਡਰੋਨ ਰਾਹੀਂ ਪਾਕਿ ਤੋਂ ਹੈਰੋਇਨ ਤੇ ਨਾਜਾਇਜ਼ ਹਥਿਆਰ ਮੰਗਵਾ ਕੇ ਇਨ੍ਹਾਂ ਦੇ ਪੈਸੇ ਉਨ੍ਹਾਂ ਨੂੰ ਵਰਤਣ ਲਈ ਦਿੰਦਾ ਹੈ। ਉਕਤ ਦਰਜ ਕੀਤੇ ਮਾਮਲੇ ਵਿਚ ਲੱਖਾ ਸਿਧਾਣਾ ਦਾ ਨਾਂ ਦਰਜ ਹੋਣ ਦੇ ਬਾਵਜੂਦ ਵੀ ਉਸ ਦੀ ਅਜੇ ਤੱਕ ਗ੍ਰਿਫ਼ਤਾਰੀ ਨਾ ਕਰਨਾ ਪੁਲਿਸ ਦੀ ਕਾਰਜਸ਼ੈਲੀ 'ਤੇ ਕਈ ਸਵਾਲ ਖੜ੍ਹੇ ਕਰਦੀ ਹੈ। ਪੁਲਿਸ ਵਲੋਂ ਉਕਤ ਵਿਅਕਤੀਆਂ ਖ਼ਿਲਾਫ਼ ਥਾਣਾ ਹਰੀਕੇ ਵਿਖੇ ਧਾਰਾ 386, 387, 388, 389, 120 ਬੀ. ਆਈ.ਪੀ.ਐਸ. ਆਰਮਜ਼ ਐਕਟ ਤੇ ਨਾਰਕੋਟਿਕ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਦੂਜੇ ਪਾਸੇ ਨੌਜਵਾਨ ਆਗੂ ਲੱਖਾ ਸਿਧਾਣਾ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਉਨ੍ਹਾਂ ਦੀ ਪੰਜਾਬ ਦੇ ਹੱਕਾਂ ਤੇ ਪੰਜਾਬ ਦੇ ਮੁੱਦਿਆਂ ਲਈ ਉਠਾਈ ਜਾਂਦੀ ਆਵਾਜ਼ ਨੂੰ ਦਬਾਉਣਾ ਚਾਹੁੰਦੀ ਹੈ, ਜਿਸ ਕਰਕੇ ਪਿਛਲੇ ਸਾਲਾਂ ਤੋਂ ਉਨ੍ਹਾਂ 'ਤੇ ਦਰਜ ਕੀਤੇ ਕੇਸ ਦੁਬਾਰਾ ਖੋਲ੍ਹੇ ਜਾ ਰਹੇ ਹਨ।ਲੱਖਾ ਸਿਧਾਣਾ ਨੇ ਹਾਲ ਹੀ ਵਿਚ ਦਰਜ ਕੀਤੇ ਕੇਸ ਦਾ ਵੀ ਹਵਾਲਾ ਦੇ ਕੇ ਕਿਹਾ ਕਿ ਪੰਜਾਬ ਵਿਚ 'ਆਪ' ਸੱਤਾ 'ਚ ਆਉਣ ਤੋਂ ਬਾਅਦ ਬਦਲਾਖੋਰੀ ਦੀ ਨੀਤੀ 'ਤੇ ਚੱਲ ਰਹੀ ਹੈ।




# ਨੀਰੂ ਬਾਜਵਾ 150 ਕਰੋੜ ਦੀ ਮਾਲਕਣ

## ਜਿਊਂਦੀ ਹੈ 'ਸ਼ਾਹੀ ਜ਼ਿੰਦਗੀ', ਕੈਨੇਡਾ ਵਿਚ ਆਲੀਸ਼ਾਨ ਬੰਗਲਾ ਤੇ ਲਗਜ਼ਰੀ ਕਾਰਾਂ





ਜਲੰਧਰ/ਏ.ਟੀ.ਨਿਊਜ਼ :- ਪੰਜਾਬੀ ਫ਼ਿਲਮੀ ਇੰਡਸਟਰੀ ਦੀ ਨਾਮੀ ਅਦਾਕਾਰਾ ਨੀਰੂ ਬਾਜਵਾ ਨੇ 26 ਅਗਸਤ ਨੂੰ ਆਪਣਾ 42ਵਾਂ ਬਰਥਡੇਅ ਸੈਲੀਬ੍ਰੇਟ ਕੀਤਾ ਹੈ। ਨੀਰੂ ਦਾ ਜਨਮ 26 ਅਗਸਤ 1980 ਨੂੰ ਕੈਨੇਡਾ ਵਿਚ ਹੋਇਆ ਸੀ ਅਤੇ ਉਨ੍ਹਾਂ ਦਾ ਅਸਲੀ ਨਾਂ ਅਰਸ਼ਵੀਰ ਕੌਰ ਬਾਜਵਾ ਹੈ। ਨੀਰੂ ਬਾਜਵਾ ਪੰਜਾਬੀ ਇੰਡਸਟਰੀ ਦਾ ਜਾਣਿਆ-ਪਛਾਣਿਆ ਨਾਂ ਹੈ। ਨੀਰੂ ਬਾਜਵਾ ਨੇ ਆਪਣੀ ਸ਼ਾਨਦਾਰ ਅਦਾਕਾਰੀ ਨਾਲ ਪ੍ਰਸ਼ੰਸਕਾਂ ਨੂੰ ਦੀਵਾਨਾ ਬਣਾ ਦਿੱਤਾ ਹੈ। ਪੰਜਾਬੀ ਇੰਡਸਟਰੀ ਦੀ ਜਾਨ ਨੀਰੂ ਬਾਜਵਾ ਨੇ ਬਾਲੀਵੁੱਡ ਨਾਲ ਆਪਣੇ ਕਰੀਅਰ ਦੀ ਸ਼ੁਰੂਆਤ ਕੀਤੀ ਸੀ। ਬਾਲੀਵੁੱਡ ਤੋਂ ਬਾਅਦ ਨੀਰੂ ਬਾਜਵਾ ਨੇ ਕਈ ਟੀ. ਵੀ. ਸ਼ੋਅਜ਼ ਵਿਚ ਕੰਮ ਕੀਤਾ ਹੈ। ਟੀ. ਵੀ. ਸ਼ੋਅਜ਼ ਵਿਚ ਆਪਣੀ ਵੱਖਰੀ ਪਛਾਣ ਬਣਾਉਣ ਤੋਂ ਬਾਅਦ ਉਨ੍ਹਾਂ ਨੇ ਪੰਜਾਬੀ ਇੰਡਸਟਰੀ ਵਿਚ ਪ੍ਰਵੇਸ਼ ਕੀਤਾ।

ਮਿਹਨਤ ਤੇ ਟੈਲੇਂਟ ਦੇ ਦਮ 'ਤੇ ਬਣੀ ਪੰਜਾਬੀ ਇੰਡਸਟਰੀ ਦੀ ਜਾਨ

42 ਸਾਲਾ ਨੀਰੂ ਬਾਜਵਾ ਦਾ ਵਿਆਹ ਹੈਰੀ ਜਵੰਧਾ ਨਾਲ ਹੋਇਆ ਹੈ ਅਤੇ ਉਨ੍ਹਾਂ ਦੀਆਂ ਤਿੰਨ ਧੀਆਂ ਹਨ। ਨੀਰੂ ਬਾਜਵਾ ਨੇ ਆਪਣੀ ਮਿਹਨਤ ਤੇ ਟੈਲੇਂਟ ਦੇ ਦਮ 'ਤੇ ਫ਼ਿਲਮ ਇੰਡਸਟਰੀ 'ਚ ਖ਼ਾਸ ਜਗ੍ਹਾ ਬਣਾਈ ਹੈ। ਨੀਰੂ ਬਾਜਵਾ ਕੈਨੇਡਾ ਦੀ ਜੰਮਪਲ ਹੈ ਅਤੇ ਵਿਆਹ ਤੋਂ ਬਾਅਦ ਉਹ ਆਪਣੇ ਪਤੀ ਨਾਲ ਕੈਨੇਡਾ 'ਵਿਚ ਹੀ ਰਹਿ ਰਹੀ ਹੈ।

ਨੀਰੂ ਬਾਜਵਾ ਨੂੰ ਬਚਪਨ ਤੋਂ ਹੀ ਅਦਾਕਾਰਾ ਬਣਨ ਦਾ ਸ਼ੌਕ ਸੀ। ਉਨ੍ਹਾਂ ਨੇ ਫ਼ਿਲਮ 'ਮੈਂ ਸੋਲ੍ਹ ਬਰਸ ਕੀ' ਨਾਲ ਅਦਾਕਾਰੀ ਦੀ ਦੁਨੀਆ 'ਚ ਪ੍ਰਵੇਸ਼ ਕੀਤਾ ਅਤੇ ਅੱਜ ਉਹ ਪੰਜਾਬੀ ਸਿਨੇਮਾ ਦੀਆਂ ਚੋਟੀ ਦੀਆਂ ਅਭਿਨੇਤਰੀਆਂ ਦੀ ਸੂਚੀ' ਵਿਚ ਸ਼ਾਮਲ ਹੈ।

ਨੀਰੂ ਬਾਜਵਾ ਦਾ ਭਾਰਤ ਵਿਚ ਵੀ ਆਲੀਸ਼ਾਨ ਘਰ ਹੈ, ਪਰ ਉਹ ਆਪਣੇ ਪਰਿਵਾਰ ਨਾਲ ਕੈਨੇਡਾ ਵਿਚ ਸੈਟਲ ਹੈ। ਕੈਨੇਡਾ ਵਿਚ ਵੀ ਨੀਰੂ ਬਾਜਵਾ ਦਾ ਆਲੀਸ਼ਾਨ ਬੰਗਲਾ ਹੈ, ਜਿਸ ਦੀ ਕੀਮਤ ਕਰੋੜਾਂ ਵਿਚ ਹੈ। ਨੀਰੂ ਬਾਜਵਾ ਨੂੰ ਮਹਿੰਗੀਆਂ ਕਾਰਾਂ ਦਾ ਕਾਫ਼ੀ ਸ਼ੌਕ ਹੈ। ਉਨ੍ਹਾਂ ਦੇ ਕਾਰ ਕਲੈਕਸ਼ਨ ਵਿਚ ਮਰਸਡੀਜ਼, ਬੀ. ਐੱਮ. ਡਬਲਿਊ, ਰੇਂਜ ਰੋਵਰ ਵਰਗੀਆਂ ਮਹਿੰਗੀਆਂ ਕਾਰਾਂ ਹਨ। 150 ਕਰੋੜ ਜਾਇਦਾਦ ਦੀ ਮਾਲਕਣ

ਨੀਰੂ ਬਾਜਵਾ ਦੀ ਨੈੱਟ ਵਰਥ ਯਾਨੀਕਿ ਕੁੱਲ ਜਾਇਦਾਦ ਦੀ ਗੱਲ ਕਰੀਏ ਤਾਂ ਇੱਕ ਰਿਪੋਰਟ ਮੁਤਾਬਕ, ਉਨ੍ਹਾਂ ਦੀ ਕੁੱਲ ਜਾਇਦਾਦ 20 ਮਿਲੀਅਨ ਡਾਲਰ ਯਾਨੀਕਿ 150 ਕਰੋੜ ਤੋਂ ਵੀ ਵੱਧ ਹੈ। ਰਿਪੋਰਟ ਮੁਤਾਬਕ, ਨੀਰੂ ਬਾਜਵਾ ਪੰਜਾਬੀ ਇੰਡਸਟਰੀ ਦੀ ਸਭ ਤੋਂ ਮਹਿੰਗੀ ਅਦਾਕਾਰਾ ਹੈ। ਉਹ ਇੱਕ ਫ਼ਿਲਮ ਕਰਨ ਲਈ 70 ਲੱਖ ਫ਼ੀਸ ਚਾਰਜ ਕਰਦੀ ਹੈ। ਵੱਖ-ਵੱਖ ਗੀਤਾਂ ਵਿਚ ਡਾਂਸ ਕਰਨ ਲਈ ਵੀ ਉਸ ਦੀ ਫ਼ੀਸ ਬਾਕੀ ਅਦਾਕਾਰਾਂ ਨਾਲੋਂ ਕਾਫ਼ੀ ਜ਼ਿਆਦਾ ਹੈ।

ਦੱਸ ਦੇਈਏ ਕਿ ਨੀਰੂ ਬਾਜਵਾ ਦਾ ਨਾਂ ਲੰਮੇ ਸਮੇਂ ਤੋਂ ਵੈੱਬ ਸੀਰੀਜ਼ ਦੀ ਦੁਨੀਆ ਵਿਚ ਮਸ਼ਹੂਰ ਅਦਾਕਾਰ ਅਮਿਤ ਸਾਧ ਨਾਲ ਜੁੜਿਆ ਸੀ। ਦੱਸਿਆ ਜਾਂਦਾ ਹੈ ਕਿ ਦੋਵੇਂ 8 ਸਾਲਾਂ ਤੋਂ ਇਕ-ਦੂਜੇ ਨਾਲ ਰਿਲੇਸ਼ਨ ਵਿਚ ਰਹੇ ਸਨ। ਨੀਰੂ ਬਾਜਵਾ ਨੇ ਅਚਾਨਕ ਅਮਿਤ ਨਾਲ ਬ੍ਰੇਕਅੱਪ ਕਰ ਲਿਆ। ਇਸ ਤੋਂ ਬਾਅਦ ਅਦਾਕਾਰ 'ਬਿੱਗ ਬੌਸ-1' ਸ਼ੋਅ ਵਿਚ ਫੁੱਟ-ਫੁੱਟ ਕੇ ਰੋਣ ਲੱਗਾ ਸੀ। ਇਕ ਇੰਟਰਵਿਊ ਦੌਰਾਨ ਅਮਿਤ ਨੇ ਖ਼ੁਲਾਸਾ ਕੀਤਾ ਕਿ ਕਿਹਾ ਕਿ ਉਹ ਨੀਰੂ ਬਾਜਵਾ ਨੂੰ ਬਹੁਤ ਪਿਆਰ ਕਰਦਾ ਸੀ। ਉਹ ਨੀਰੂ ਨੂੰ ਆਪਣਾ ਪਿਆਰ ਸਮਝਦਾ ਸੀ ਅਤੇ ਉਸ ਦੇ ਜਾਣ ਤੋਂ ਬਾਅਦ ਜ਼ਿੰਦਗੀ ਨੂੰ ਫ਼ਿਰ ਤੋਂ ਸ਼ੁਰੂ ਕਰਨਾ ਪਿਆ ਸੀ।

ਨੀਰੂ ਬਾਜਵਾ ਦੇ ਫ਼ਿਲਮੀ ਕਰੀਅਰ ਦੀ ਗੱਲ ਕਰੀਏ ਤਾਂ ਅਦਾਕਾਰਾ ਨੇ ਫ਼ਿਲਮਾਂ 'ਵਿਚ ਆਪਣੀ ਵੱਖ਼ਰੀ ਪਛਾਣ ਬਣਾਈ। ਜਿਸ ਨੂੰ ਪੰਜਾਬ 'ਵਿਚ ਹੀ ਨਹੀਂ ਸਗੋਂ ਦੇਸ਼-ਵਿਦੇਸ਼ 'ਚ ਪ੍ਰਸ਼ੰਸਕ ਪਿਆਰ ਦਿੰਦੇ ਹਨ। ਅਦਾਕਾਰਾ ਨੇ 'ਜਿੰਨੇ ਮੇਰਾ ਦਿਲ ਲੁੱਟਿਆ', 'ਮੇਲ ਕਰਾ ਦੇ ਰੱਬਾ', 'ਜੱਟ ਐਂਡ ਜੂਲੀਅਟ', 'ਜੱਟ ਐਂਡ ਜੂਲੀਅਟ-2' ਅਤੇ 'ਚੰਨੋ ਕਮਲੀ ਯਾਰ ਦੀ' ਵਰਗੀਆਂ ਮਸ਼ਹੂਰ ਫ਼ਿਲਮਾਂ ਦਿੱਤੀਆਂ ਹਨ। ਜੋ ਬਾਕਸ ਆਫ਼ਿਸ 'ਤੇ ਕਾਫ਼ੀ ਹਿੱਟ ਹੋਈਆਂ।

## ਫ਼ਿਲਮ ਤੇ ਮਿਊਜ਼ਿਕ

# ਫ਼ਿਲਮ 'ਬਾਬੇ ਭੰਗੜਾ ਪਾਉਂਦੇ ਨੇ' ਦੇ ਗੀਤਾਂ 'ਤੇ ਦਿਲਜੀਤ ਭੰਗੜਾ ਪਾਉਂਦਾ ਨਜ਼ਰ ਆਇਗਾ






ਮੁੰਬਈ/ਏ.ਟੀ.ਨਿਊਜ਼ :- ਫ਼ਿਲਮ 'ਜੋਗੀ' ਤੋਂ ਬਾਅਦ ਹੁਣ ਅਦਾਕਾਰ ਦਿਲਜੀਤ ਦੋਸਾਂਝ ਆਪਣੀ ਆਉਣ ਵਾਲੀ ਫ਼ਿਲਮ 'ਬਾਬੇ ਭੰਗੜਾ ਪਾਉਂਦੇ ਨੇ' ਦੇ ਰਿਲੀਜ਼ ਕਰਨ ਦੀਆਂ ਤਿਆਰੀਆਂ ਵਿੱਚ ਰੁੱਝ ਗਿਆ ਹੈ। ਇਸ ਫ਼ਿਲਮ ਵਿੱਚ ਦਿਲਜੀਤ ਨਾਲ ਸਰਗੁਣ ਮਹਿਤਾ ਮੁੱਖ ਭੂਮਿਕਾ ਵਿੱਚ ਦਿਖਾਈ ਦੇਵੇਗੀ। ਹਾਲ ਹੀ ਵਿੱਚ ਫ਼ਿਲਮ ਦੇ ਰਿਲੀਜ਼ ਕੀਤੇ ਗਏ ਗੀਤ, 'ਕੋਕਾ' ਅਤੇ 'ਬੈਚਲਰ ਪਾਰਟੀ' ਉੱਤੇ ਦਿਲਜੀਤ ਦੀ ਨੱਚਦੇ ਦੀ ਇੱਕ ਵੀਡੀਓ ਵਾਇਰਲ ਹੋਈ ਹੈ। ਦਿਲਜੀਤ ਨੇ ਕਿਹਾ, 'ਇਹ ਦੋਵੇਂ ਗੀਤ ਪੰਜਾਬੀ ਹਨ ਤੇ ਤਿਉਹਾਰਾਂ ਦੇ ਸੀਜ਼ਨ ਵਿੱਚ ਨਵੇਂ ਪੰਜਾਬੀ ਗੀਤਾਂ ਨਾਲੋਂ ਵਧੀਆ ਹੋਰ ਕੀ ਹੋ ਸਕਦਾ ਹੈ। ਗੀਤ 'ਕੋਕਾ' ਦਿਲਜੀਤ ਦੋਸਾਂਝ ਨੇ ਗਾਇਆ ਹੈ ਤੇ ਇਹ ਇੱਕ ਨੱਚਣ ਟੱਪਣ ਵਾਲਾ ਗੀਤ ਹੈ, ਜਦਕਿ ਗੀਤ 'ਬੈਚਲਰ ਪਾਰਟੀ' ਵਿੱਚ ਦਿਲਜੀਤ ਤੇ ਸਰਗੁਣ ਮਹਿਤਾ ਵਿਚਲੀ ਰੋਮਾਂਸ ਵਾਲੀ ਜੁਗਲਬੰਦੀ ਨਜ਼ਰ ਆਉਂਦੀ ਹੈ। ਇਹ ਗੀਤ ਦਿਲਜੀਤ ਤੇ ਇੰਦਰਜੀਤ ਨਿੱਕੂ ਨੇ ਗਾਇਆ ਹੈ।' ਅਦਾਕਾਰ ਨੇ ਕਿਹਾ, 'ਫ਼ਿਲਮਾਂਕਣ ਦੌਰਾਨ ਮੈਂ ਤੇ ਸਰਗੁਣ ਨੇ ਬਹੁਤ ਮੌਜ-ਮਸਤੀ ਕੀਤੀ। ਮੈਨੂੰ ਆਸ ਹੈ ਕਿ ਦਰਸ਼ਕਾਂ ਨੂੰ ਇਹ ਫ਼ਿਲਮ ਵੇਖ ਕੇ ਬਹੁਤ ਆਨੰਦ ਆਇਗਾ।' 'ਬਾਬੇ ਭੰਗੜਾ ਪਾਉਂਦੇ ਨੇ' ਦਾ ਨਿਰਦੇਸ਼ਨ ਅਮਰਜੀਤ ਸਿੰਘ ਸਾਰੋਂ ਨੇ ਕੀਤਾ ਹੈ ਤੇ ਫ਼ਿਲਮ ਦਿਲਜੀਤ ਥਿੰਦ ਤੇ ਦਿਲਜੀਤ ਦੋਸਾਂਝ ਵੱਲੋਂ ਤਿਆਰ ਕੀਤੀ ਗਈ ਹੈ। ਇਹ ਫ਼ਿਲਮ 5 ਅਕਤੂਬਰ ਨੂੰ ਰਿਲੀਜ਼ ਕੀਤੀ ਜਾਵੇਗੀ।



# ਕਰਮ: ਜ਼ਿੰਦਗੀ ਦੇ ਰੰਗ

ਕਲਮਾਂ ਦੇ ਜਜ਼ਬਾਤ
ਬਲਜੀਤ ਫਰਵਾਲੀ



'ਪਾਪਾ ਤੁਹਾਨੂੰ ਹੋਇਆ ਕੀ ਹੈ ਅੱਜ ਕੱਲ੍ਹ, ਕਿੱਥੇ ਗੁੰਮ ਹੋਏ ਰਹਿੰਦੇ ਹੋ, ਕਹਿੰਦੇ ਕੁਝ ਹੋਰ ਹਾਂ ਤੇ ਤੁਸੀਂ ਕਰਦੇ ਕੁਝ ਹੋਰ ਹੋ, ਵੀਹ ਕਰਮਾਂ ਤੇ ਦੁਕਾਨ ਤੋ ਦਹੀਂ ਲੈ ਕੇ ਆਉਣ ਲਈ ਕਿਹਾ ਸੀ ਤੇ ਲੈ ਦੁੱਧ ਆਏ' ਜਿਉਂ ਹੀ ਉਸਦੇ ਪੁੱਤ ਦੀਪੇ ਦੇ ਇਹ ਬੋਲ ਕੈਲੇ ਦੇ ਕੰਨੀ ਪਏ ਤਾ ਉਸਦਾ ਗਰਮੀ ਵਿਚ ਪਤਲੀ ਜਿਹੀ ਚਾਦਰ ਉਪਰ ਲੈ ਕੇ ਸੌਣ ਦਾ ਨਾਟਕ ਕਰ ਰਹੇ ਦਾ ਤ੍ਰਾਹ ਹੀ ਨਿਕਲ ਗਿਆ ਤੇ ਅੱਖਾਂ ਵਿੱਚੋਂ ਵਹਿੰਦੇ ਗਰਮ ਹੰਝੂ ਕੰਨ ਕੋਲ ਦੀ ਵੱਲ ਪਾ ਕੇ ਲੰਘਦੇ ਉਸ ਨੂੰ ਬਚਪਨ 'ਚ ਛਪਾਰ ਦੇ ਮੇਲੇ ਤੋ ਲਿਆਂਦੇ ਲੱਕੜ ਦੇ ਟਰੈਕਟਰ ਨਾਲ ਬਣਾਈਆਂ ਨਲ਼ਕੇ ਮੂਹਰੇ ਖਾਲ਼ੀਆਂ ਵਿਚੋਂ ਵਹਿੰਦਾ ਪਾਣੀ ਲੱਗ ਰਹੇ ਰਹੇ ਸਨ। ਸੌਣ ਦਾ ਨਾਟਕ ਕਰਦੇ ਕੈਲੇ ਨੂੰ ਪਤਾ ਹੀ ਨਹੀਂ ਲੱਗਿਆ ਕਦੋਂ ਉਹ ਅਸਲੀ ਨੀਂਦ ਵਿਚ ਆਪਣੀ ਮਾਂ ਦੇ ਮਰਨ ਤੋ ਥੋੜਾ ਸਮਾਂ ਬਾਅਦ ਹੀ ਆਪਣੇ ਛੋਟੇ ਭਾਈ ਜੈਲੇ ਨਾਲ ਘਰ ਦੀ ਵੰਡ ਵੰਡਾਈ ਲਈ ਹੁੰਦੀ ਤੂੰ ਤੂੰ ਮੈਂ ਮੈਂ 'ਚ ਪਹੁੰਚ ਗਿਆ ਜਦੋਂ ਕਿ ਉਸਦਾ ਬਾਪੂ ਨਰੈਣ ਸਿਉਂ ਮੰਜੇ ਦੀ ਢਿੱਲੀ ਹੋਈ ਦੌਣ ਤੇ ਧੌਣ ਪੂਰੀ ਅੱਗੇ ਵੱਲ ਝੁਕਾਈ ਬੈਠਾ ਗੋਹੇ ਨਾਲ ਭਰੀ ਜੁੱਤੀ ਨਾਲ ਧਰਤੀ ਨੂੰ ਖੁਰਚਦਾ ਸ਼ਾਇਦ ਦਿਲ ਵਿਚ ਕੂਕ ਕੂਕ ਕਹਿ ਰਿਹਾ ਸੀ 'ਮੈਨੂੰ ਛੱਡ ਕਿਹੜੀ ਮਿੱਟੀ ਚ ਮਿੱਟੀ ਹੋ ਗਈ ਤੂੰ, ਉੱਠ ਤੇਰੇ ਬਿਨਾ ਦਿਲ ਨਹੀਂ ਲੱਗਦਾ ਹੁਣ, ਇਹ ਦੁਨੀਆ ਉਜਾੜ ਬੀਆਬਾਨ ਲੱਗ ਰਹੀ ਹੈ ?'। 'ਬਾਪੂ ਤੁਹਾਨੂੰ ਹੋਇਆ ਕੀ ਹੈ ਅੱਜ ਕੱਲ੍ਹ, ਕਿੱਥੇ ਰਹਿੰਦੇ ਹੋ, ਕਹਿੰਦੇ ਕੁਝ ਹੋਰ ਹਾਂ ਤੇ ਤੁਸੀਂ ਕਰਦੇ ਕੁਝ ਹੋਰ ਹੋ' ਉਦੋਂ ਸ਼ਾਇਦ ਇਹੀ ਸ਼ਬਦ ਕੈਲੇ ਨੇ ਆਪਣੇ ਬਾਪੂ ਨਰੈਣ ਸਿਉਂ ਨੂੰ ਕਹੇ ਸਨ ਅਤੇ ਉਦੋਂ ਉਸਦੇ ਬਾਪੂ ਦੇ ਤਿੱਪ ਤਿੱਪ ਵਹਿੰਦੇ ਹੰਝੂ ਸ਼ਾਇਦ ਉਨ੍ਹਾਂ ਦਾ ਆਖ਼ਰੀ ਹਥਿਆਰ ਸਨ ਬੇਬੇ ਨੂੰ ਮੋਈ ਮਿੱਟੀ 'ਚੋਂ ਜਗਾਉਣ ਲਈ ਪਰ ਮੋਏ ਕਿੱਥੋਂ ਮੁੜਦੇ ਨੇ। ਉਦੋਂ ਕੈਲੇ ਨੇ ਕਈ ਵਾਰ ਗ਼ੁੱਸੇ ਚ ਆਪਣੇ ਬਾਪੂ ਨੂੰ ਕਹਿ ਦਿੱਤਾ ਸੀ 'ਬੇਬੇ ਨੂੰ ਵਿਆਹ ਕਰਾਉਣ ਲਈ ਇਹੀ ਡੁੰਨ ਵੱਟਾ ਲੱਭਿਆ ਸੀ, ਆਪ ਤਾਂ ਖਹਿੜਾ ਛੁਡਾ ਗਈ, ਨਾਂ ਕੋਈ ਗੱਲ ਕਰਦਾ ਨਾਂ ਹੀ ਕੋਈ ਗੱਲ ਮੰਨਦਾ' ਤੇ ਅੱਜ ਉਸਦਾ ਆਪਣਾ ਜਾਇਆ ਦੀਪਾ ਸ਼ਾਇਦ ਸਾਰਾ ਕੁਝ ਸੂਦ ਸਮੇਤ ਮੋੜ ਰਿਹਾ ਸੀ ਉਸਨੂੰ ਕਿਉਂਕਿ ਕਾਦਰ ਕਿਸੇ ਦਾ ਕਦੇ ਉਧਾਰ ਨਹੀ ਰੱਖਦੀ। ਕੈਲੇ ਦੀ ਨੀਂਦ ਦੀਆਂ ਛੱਲਾਂ ਨੂੰ ਬੰਨ ਉਦੋਂ ਪਿਆ ਜਦੋਂ ਉਸਦੇ ਫ਼ੋਨ ਦੀ ਰਿੰਗਟੋਨ 'ਜੇਹਾ ਬੀਜੈ ਸੋ ਲੂਣੈ ਕਰਮਾਂ ਸੰਦੜਾ ਖੇਤੁ' ਕਮਰੇ 'ਚ ਗੂੰਜਣ ਲੱਗੀ ਤਾਂ ਉਹ ਅੱਖਾਂ ਮਲਦਾ ਵਾਹਿਗੁਰੂ ਵਾਹਿਗੁਰੂ ਕਰਦਾ ਮੰਜੇ ਤੋਂ ਉੱਤਰ ਸਿਰ ਤੇ ਬੰਨ੍ਹਿਆਂ ਦੁਪੱਟਾ ਠੀਕ ਕਰਦਾ ਬਾਥਰੂਮ 'ਚ ਨਹਾਉਣ ਚਲਾ ਗਿਆ। ਟੂਟੀ ਤੋਂ ਸਿਰ ਤੇ ਪੈਂਦੇ ਪਾਣੀ 'ਚ ਉਸਨੂੰ ਖਿਆਲ ਆਇਆ ਕਿ ਉਸਦਾ ਬਾਪੂ ਨਰੈਣ ਸਿਉਂ ਉਸਦੀ ਮਾਂ ਨੂੰ ਕਿਵੇਂ ਕੇਸੀ ਨਹਾਉਂਦਾ ਹੋਣਾ ਮੰਜੇ ਤੇ ਆਖ਼ਰੀ ਸਾਹ ਗਿਣ ਰਹੀ ਨੂੰ ਕਿਉਂਕਿ ਉਹ ਆਪ ਤਾਂ ਕੰਮ ਤੇ ਬਿਜੀ ਅਤੇ ਘਰਵਾਲੀ ਅੱਡ ਹੋਣ ਦੀ ਜ਼ਿਦ 'ਚ ਰੁੱਸਕੇ

(ਬਾਕੀ ਸਫ਼ਾ 31 'ਤੇ)

ਨਾਵਲ ਰਿਵਿਊ

# ਚੰਨਣ ਰੁੱਖ

ਅਵੀ ਸੰਧੂ






ਹਰਕੀਰਤ ਕੌਰ ਚਹਿਲ ਦਾ ਲਿਖਿਆ ਨਾਵਲ ਚੰਨਣ ਰੁੱਖ ਵਿੱਚ ਕੈਨੇਡੀਅਨ ਜਿੰਦਗੀ 'ਚ ਵਿਚਰਦੇ ਪ੍ਰਵਾਸੀ ਲੋਕਾਂ ਦੇ ਕੁਝ ਅਜਿਹੇ ਪੱਖ ਪੇਸ਼ ਕਰਨ ਦਾ ਆਹਰ ਕੀਤਾ ਹੈ ਜੋ ਸਿਰਫ ਇਥੋਂ ਦੇ ਸਮਾਜਿਕ ਢਾਂਚੇ ਵਿੱਚ ਵਿਚਰ ਕੇ ਜਾਂ ਕਹਿ ਲਓ ਕਿ ਹੰਢਾ ਕੇ ਲਿਖੇ ਜਾ ਸਕਦੇ ਹਨ। ਇਹ ਸਧਾਰਨ ਨਾਵਲ ਨਹੀਂ ਸਗੋਂ ਇਕ ਅਜਿਹਾ ਮੋਤੀ ਹੈ ਜਿਸ ਵਿੱਚ ਮਨੁੱਖੀ ਭਾਵਨਾਵਾਂ ਦੇ ਅਣਗਿਣਤ ਕੀਮਤੀ ਮਾਣਕ ਮੋਤੀ ਲੁਕੇ ਹੋਏ ਹਨ। ਖੁਸ਼ੀ, ਗਮੀ, ਉਦਾਸੀ, ਮੁਹੱਬਤ, ਉਡੀਕ, ਮਿਲਾਪ, ਵਿਛੋੜਾ ਅਤੇ ਰਿਸ਼ਤਿਆਂ ਦੇ ਸਭ ਰੰਗ ਨਾਵਲ ਦਾ ਸ਼ਿੰਗਾਰ ਬਣੇ ਹੋਏ ਹਨ।ਨਾਵਲ ਦੀ ਕਹਾਣੀ ਚੰਨੀ ਤੇ ਉਸ ਦੇ ਪਰਿਵਾਰ 'ਤੇ ਅਧਾਰਿਤ ਹੈ ਮਾਲਵੇ ਵਿੱਚ ਚੰਗੇ ਪਰਿਵਾਰ ਵਿੱਚ ਚੰਨੀ ਦਾ ਜਨਮ ਹੋਇਆ ਯੂਨੀਵਰਸਿਟੀ ਵਿੱਚ ਪੜ੍ਹਦੀ ਦਾ ਵਿਆਹ ਜਦੋਂ ਕੈਨਡਾ ਦੇ ਜੰਮਪਲ ਜਸ਼ਨਦੀਪ ਨਾਲ ਵਿਆਹ ਹੁੰਦਾ ਹੈ। ਚੰਨੀ ਭਾਵੇਂ ਅਜ ਦੇ ਸਮੇਂ ਪੜ੍ਹੀ ਲਿਖੀ ਕੁੜੀ ਹੈ, ਪਰ ਫਿਰ ਵੀ ਬਾਹਰ ਦੇ ਮੁਲਕ ਵਿੱਚ ਜਾ ਕੇ ਵਸਣ ਦੇ ਲਾਲਚ ਵਿੱਚ ਭੂਆ ਰਿਸ਼ਤਾ ਕਰਵਾ ਦਿੰਦੀ ਹੈ, ਚੰਨੀ ਨੂੰ ਕੋਈ ਸ਼ੋਕ ਨਹੀਂ ਸੀ ਕੈਨਡਾ ਜਾਣ ਦਾ ਨਾ ਹੀ ਉਸ ਦੇ ਮਾਪਿਆਂ ਨੂੰ, ਪਰ ਮੇਵਾ ਸਿੰਘ ਚੰਨੀ ਦਾ ਬਾਪ ਆਪਣੀ ਭੈਣ ਦਾ ਕਹਿਣਾ ਮਣ ਕੇ ਰਿਸ਼ਤਾ ਕਰ ਦਿੰਦਾ ਹੈ ਬਿਨਾਂ ਸੋਚੇ ਸਮਝੇ, ਪਰ ਚੰਨੀ ਦੀ ਮਾਤਾ ਬਚਿੰਤ ਕੌਰ ਦਾ ਮਨ ਦਾ ਭਰਮ ਹਰ ਹੀਲੇ ਕੱਢਦੀ ਬੋਲੀਦੀ ਹੈ 'ਚੰਗਾ ਦਾਤਿਆ, ਜਿੱਥੇ ਰੱਖੇ ਜਿੱਮੇ ਰੱਖੇ, ਬੰਦੇ ਦੇ ਕੀ ਵੱਸ ਐ ? ਉਹ ਜਾਣੇ ਮੇਰੀ ਬੱਚੜੀ ਦਾ ਦਾਣਾ ਪਾਣੀ ਤੂੰ ਖਿਲਾਰ ਦਿੱਤਾ।'

ਚੰਨੀ ਵਿਆਹ ਤੋਂ ਬਾਅਦ ਕੁਝ ਮਹੀਨੇ ਬਾਦ ਹੀ ਕਨੇਡਾ ਪਹੁੰਚ ਜਾਂਦੀ ਹੈ, ਸ਼ੁਰ ਸ਼ੁਰ ਵਿੱਚ ਜੇਸਨ ਉਸ ਨੂੰ ਪੱਛਮੀ ਦੇਸ਼ਾਂ ਦੀ ਜਿੰਦਗੀ ਦੇ ਤੌਰ ਤਰੀਕੇ ਵਿੱਚ ਕਾਫੀ ਮਦਦ ਕਰਦਾ। ਅਕਸਰ ਇਹ ਹੀ ਕਹਿੰਦਾ ਕਿ ਇੱਥੇ ਹਰ ਇਨਸਾਨ ਦਾ ਆਪਣੇ ਪੈਰਾਂ 'ਤੇ ਖੜ੍ਹੇ ਹੋਣਾ ਲਾਜ਼ਮੀ ਹੈ।ਚੰਨੀ ਜੁੜਵੇਂ ਬਚਿਆਂ ਨੂੰ ਜਨਮ ਦੇਂਦੀ ਜਿਹੜੇ ਐਬ ਨਾਰਮਲ ਹੁੰਦੇ ਐਸੇ ਬੱਚਿਆਂ ਦੇ ਪਾਲਣ ਪੋਸ਼ਣ ਲਈ ਸਰਕਾਰ ਅਭਿਭਾਵਕਾਂ ਨੂੰ ਖਰਚਾ ਦੇਂਦੀ ਹੈ, ਪਤੀ ਨਾਲ ਚੰਨੀ ਦਾ ਤਲਾਕ ਹੋ ਜਾਂਦਾ, ਉਸ ਦੀ ਸੱਸ, ਬੱਚਿਆਂ ਤੋਂ ਉਸ ਨੂੰ ਘਰੋਂ ਜਾਣ ਨੂੰ ਕਹਿ ਦੇਂਦੀ ਹੈ।ਚੰਨੀ ਨੂੰ ਪਤਾ ਹੁੰਦਾ ਹੈ ਕੱਲੀ ਬੱਚਿਆਂ ਨੂੰ ਸੰਭਾਲ ਨਹੀਂ ਸਕਦੀ। ਇਸ ਕਰਕੇ ਬੱਚਿਆਂ ਤੋਂ ਬਿਨਾਂ ਰਿਸ਼ਤੇਦਾਰ ਦੇ ਘਰ ਜਾਂਦੀ ਹੈ, ਆਪਣੀ ਮਿਹਨਤ ਕਰਕੇ ਸਕੂਲ ਵਿੱਚ ਨੌਕਰੀ ਮਿਲ ਜਾਂਦੀ, ਚੰਗੇ ਮਾੜੇ ਹਲਾਤਾਂ ਨਾਲ ਜਿਵੇਂ ਚੰਨੀ ਨੇ ਸਮਝੌਤਾ ਕਰ ਲਿਆ ਹੋਵੇ। ਹਫਤੇ ਵਿੱਚ 2 ਦਿਨ ਬੱਚਿਆਂ ਨਾਲ ਰਹਿਣ ਦੀ ਇਜਾਜ਼ਤ ਮਿਲੀ ਹੋਈ ਸੀ, ਏਸੇ ਦੌਰਾਨ ਚੰਨੀ ਦੀ ਮੁਲਾਕਾਤ ਵਿਕਟਰ ਨਾਲ ਹੁੰਦੀ। ਵਿਕਟਰ ਚੰਨੀ ਦਾ ਚੰਗਾ ਦੋਸਤ ਬਣਦਾ ਹੈ ਫਿਰ ਹਮਸਫਰ। ਚੰਨਣ ਰੁੱਖ ਨਾਵਲ ਨੂੰ ਪੜ੍ਹਦਿਆਂ ਬਹੁਤ ਵਾਰ ਇਹ ਖਿਆਲ ਮਨ ਵਿਚ ਆਇਆ ਕਿ ਸਾਡੇ ਪੰਜਾਬੀ ਵਿਦੇਸ਼ਾਂ ਵਿੱਚ ਜਾਣ ਹਰ ਹੀਲੇ ਵਰਤਦੇ ਹੈ, ਏਥੋਂ ਨਾਲੋਂ ਵੱਧ ਦੁਖੀ ਹੁੰਦੇ ਹੋਣ ਫਿਰ ਵੀ ਆਪਣੇ ਪੈਰਾਂ 'ਤੇ ਖੜ੍ਹੇ ਹੋ ਜਾਂਦੇ ਹਨ। ਅੱਜ ਦੀ ਪੀੜ੍ਹੀ ਲਈ ਇਹ ਨਾਵਲ ਪੜ੍ਹਨ ਤੇ ਵਿਚਾਰਨਯੋਗ ਹੈ। ਹਰਕੀਰਤ ਕੌਰ ਚਹਿਲ ਵਧਾਈ ਦੀ ਹੱਕਦਾਰ ਹੈ ਜਿਸ ਨੇ ਅੱਜ ਦੇ ਬੱਚਿਆਂ ਲਈ ਇਹ ਨਾਵਲ ਉਨ੍ਹਾਂ ਦੀ ਝੋਲੀ ਪਾਇਆ ਹੈ।

# ਆਓ ਸਮੇਂ ਦੀ ਕਦਰ ਕਰਨਾ ਸਿੱਖੀਏ








ਸੰਜੀਵ ਸਿੰਘ ਸੈਣੀ, ਮੋਹਾਲੀ
ਮੋ. 7828966168

ਸਮਾਂ ਬਹੁਤ ਵਡਮੁੱਲੀ ਸੌਗਾਤ ਹੈ। ਸਾਨੂੰ ਸਮੇਂ ਦੀ ਕਦਰ ਕਰਨੀ ਚਾਹੀਦੀ ਹੈ। ਸਮਾਂ ਬਹੁਤ ਹੀ ਬਲਵਾਨ ਹੁੰਦਾ ਹੈ। ਅਕਸਰ ਕਿਹਾ ਵੀ ਜਾਂਦਾ ਹੈ ਕਿ ਜੇ ਕੋਈ ਚੀਜ਼ ਖੋਹ ਹੋ ਜਾਵੇ, ਤਾਂ ਉਹ ਵਾਪਿਸ ਮਿਲ ਜਾਂਦੀ ਹੈ। ਪਰ ਬੀਤਿਆ ਹੋਇਆ ਸਮਾਂ ਵਾਪਿਸ ਹੱਥ ਨਹੀਂ ਆਉਂਦਾ। ਸੋ ਸਾਨੂੰ ਵਰਤਮਾਨ ਸਮੇਂ ਦੀ ਕਦਰ ਕਰਨੀ ਚਾਹੀਦੀ ਹੈ। ਹਰ ਨਵਾਂ ਦਿਨ ਸਾਨੂੰ ਕੁੱਝ ਨਾ ਕੁੱਝ ਸੇਧ ਦੇਣ ਵਾਲਾ ਹੁੰਦਾ ਹੈ। ਜੇ ਅਸੀਂ ਵਰਤਮਾਨ ਸਮੇਂ ਦੀ ਕਦਰ ਕਰਾਂਗੇ, ਤਾਂ ਭਵਿੱਖ ਸਾਡਾ ਆਪਣੇ ਆਪ ਰੁਸ਼ਨਾ ਜਾਵੇਗਾ। ਕਹਾਵਤ ਵੀ ਹੈ ਕਿ ਜੋ ਬੰਦਾ ਸਮੇਂ ਦੀ ਕਦਰ ਕਰਦਾ ਹੈ, ਤਾਂ ਇਕ ਦਿਨ ਉਹ ਸ਼ਖਸੀਅਤ ਸਫਲਤਾ ਦੀ ਪੌੜੀ ਜ਼ਰੂਰ ਚੜ੍ਹਦਾ ਹੈ। ਸਮਾਂ ਖ਼ੁਦ ਉਸ ਬੰਦੇ ਦੀ ਕਦਰ ਕਰਦਾ ਹੈ।

ਅਕਸਰ ਅਸੀਂ ਸਮਾਜ ਵਿਚ ਵਿਚਰਦੇ ਹਨ, ਤਾਂ ਸਾਡੇ ਸਾਹਮਣੇ ਅਜਿਹੀਆਂ ਮਿਸਾਲਾਂ ਆਮ ਹੁੰਦੀਆਂ ਹਨ, ਜਿਨ੍ਹਾਂ ਨੇ ਸਮੇਂ ਦੀ ਸਹੀ ਸੁਚੱਜੀ ਵਰਤੋਂ ਕਰਕੇ ਸਫ਼ਲਤਾ ਹਾਸਿਲ ਕੀਤੀ ਹੁੰਦੀ ਹੈ। ਜੋ ਸਮਾਂ ਗੁਜ਼ਰ ਗਿਆ ਹੁੰਦਾ ਹੈ, ਉਹ ਅਤੀਤ ਹੁੰਦਾ ਹੈ ਉਸ ਨੂੰ ਦੁਬਾਰਾ ਨਹੀਂ ਲਿਆਇਆ ਜਾ ਸਕਦਾ। ਜੋ ਸਮਾਂ ਬੀਤ ਚੁੱਕਿਆ ਚਾਹੇ ਉਹ ਚੰਗਾ ਸਮਾਂ ਸੀ, ਜਾਂ ਮਾੜਾ ਸਮਾਂ ਸੀ। ਉਸਤੋਂ ਸਾਨੂੰ ਜ਼ਰੂਰ ਸਬਕ ਲੈਣਾ ਚਾਹੀਦਾ ਹੈ। ਜਦੋਂ ਸਮਾਂ ਖਰਾਬ ਹੁੰਦਾ ਹੈ ਤਾਂ ਸਾਨੂੰ ਉਸ ਤੋਂ ਸਬਕ ਲੈਣਾ ਚਾਹੀਦਾ ਹੈ। ਕਈ ਵਾਰ ਜਿੰਦਗੀ ਵਿੱਚ ਉਤਾਰ-ਚੜ੍ਹਾਅ ਬਹੁਤ ਆਉਂਦੇ ਨੇ। ਜੇ ਕਦੇ ਮਾੜਾ ਸਮਾਂ ਆ ਵੀ ਗਿਆ ਹੁੰਦਾ ਹੈ ਤਾਂ ਉਸ ਨੂੰ ਵਰਤਮਾਨ ਵਿਚ ਕਦੇ ਵੀ ਯਾਦ ਨਹੀਂ ਕਰਨਾ ਚਾਹੀਦਾ। ਵਰਤਮਾਨ ਵਿੱਚ ਯਾਦ ਕਰਕੇ ਅਸੀਂ ਆਪਣਾ ਚਲ ਰਿਹਾ ਸਮਾਂ ਵੀ ਖ਼ਰਾਬ ਕਰ ਲੈਂਦੇ ਹਾਂ। ਜੇ ਅਸੀਂ ਲਗਾਤਾਰ ਉਹ ਸਮਾਂ ਜੋ ਸਾਡਾ ਕੱਲ੍ਹ ਸੀ, ਉਸ ਨੂੰ ਯਾਦ ਕਰਦੇ ਰਹਾਂਗੇ ਤਾਂ ਅਸੀਂ ਕਦੇ ਵੀ ਸੁਖੀ ਨਹੀਂ ਰਹਾਂਗੇ। ਜੇ ਅਸੀਂ ਆਪ ਵੀ ਦੁਖੀ ਹੋਵਾਂਗੇ, ਤਾਂ ਸਾਡੇ ਪਿੱਛੇ ਪਰਿਵਾਰ ਆਪਣੇ ਆਪ ਦੁੱਖ ਵਿੱਚ ਚਲਾ ਜਾਵੇਗਾ। ਬੀਤੇ ਹੋਏ ਸਮੇਂ ਵਿੱਚ ਜੇ ਕੋਈ ਅਜਿਹੀ ਕਿਹੜੀ ਚੰਗੀ ਨਹੀਂ ਗੁਜ਼ਰੀ ਹੋਣੀ, ਤਾਂ ਉਸ ਸਮੇਂ ਤੋਂ ਸਬਕ ਲੈ ਕੇ ਗਲਤੀਆਂ ਤੋਂ ਸਬਕ ਲੈ ਕੇ ਸਾਨੂੰ ਅੱਗੇ ਨਿਰੰਤਰ ਵਧਦੇ ਰਹਿਣਾ ਚਾਹੀਦਾ ਹੈ।

ਮਹਾਨ ਵਿਅਕਤੀਆਂ, ਮਹਾਪੁਰਸ਼ਾਂ ਦੇ ਮੁਤਾਬਿਕ ਸਾਨੂੰ ਸਿਰਫ ਵਰਤਮਾਨ ਭਾਵ ਜੋ ਸਮਾਂ ਚੱਲ ਰਿਹਾ ਹੈ, ਉਸ ਬਾਰੇ ਹੀ ਵਿਚਾਰ ਕਰਨਾ ਚਾਹੀਦਾ ਹੈ। ਠੀਕ ਇਸੇ ਤਰ੍ਹਾਂ ਸਾਨੂੰ ਭਵਿੱਖ ਬਾਰੇ ਕੋਈ ਵੀ ਰਣਨੀਤੀ ਨਹੀਂ ਉਲੀਕਣੀ ਚਾਹੀਦੀ। ਸਾਡਾ ਪੂਰਾ ਧਿਆਨ ਜੋ ਵਰਤਮਾਨ ਸਮਾਂ ਚੱਲ ਰਿਹਾ ਹੁੰਦਾ ਹੈ ਉਸ ਤੇ ਕੇਂਦਰਿਤ ਹੋਣਾ ਚਾਹੀਦਾ ਹੈ। ਜੇ ਅਸੀਂ ਅੱਜ ਵਰਤਮਾਨ ਬਾਰੇ ਵਧੀਆ ਸੋਚਾਂਗੇ ਤਾਂ ਵਧੀਆ ਸਮੇਂ ਦੀ ਕਦਰ ਕਰਾਂਗੇ ਤਾਂ ਸਾਡਾ ਭਵਿੱਖ ਆਪਣੇ ਆਪ ਰੁਸ਼ਨਾ ਜਾਵੇਗਾ। ਅਤੀਤ ਦੀਆਂ ਗਲਤੀਆਂ ਤੋਂ ਸਬਕ ਸਿੱਖੋ, ਤਾਂ ਜੋ ਭਵਿੱਖ ਵਿੱਚ ਅਜਿਹੀ ਗਲਤੀ ਦੁਬਾਰਾ ਨਾ ਹੋਵੇ। ਆਪਣੀ ਗਲਤੀਆਂ ਤੋਂ ਸਿੱਖ ਕੇ ਹੀ ਬੰਦਾ ਸਫ਼ਲਤਾ ਦੀ ਪੌੜੀ ਚੜ੍ਹਦਾ ਹੈ। ਸਾਨੂੰ ਕਦੇ ਵੀ ਅੱਜ ਦਾ ਕੰਮ ਕੱਲ ਤੇ ਨਹੀਂ ਛੱਡਣਾ ਚਾਹੀਦਾ। ਕੱਲ ਤਾਂ ਪਤਾ ਨਹੀਂ ਕਿਸ ਦੀ ਹੈ। ਫਿਰ ਅਤੀਤ ਦਾ ਉਹ ਕੰਮ ਸਾਡਾ ਲਟਕ ਹੀ ਜਾਂਦਾ ਹੈ। ਵੇਲੇ ਸਿਰ ਤੇ ਸਹੀ ਢੰਗ ਨਾਲ ਕੀਤਾ ਹੋਇਆ ਕੰਮ ਆਪਣੇ ਮਨ ਨੂੰ ਤਸੱਲੀ ਦਿੰਦਾ ਹੈ।

ਜੇ ਅਸੀਂ ਸਮੇਂ ਦੇ ਮੁਤਾਬਿਕ ਹਰ ਕੰਮ ਕਰਦੇ ਰਹਾਂਗੇ ਤਾਂ ਵੱਡੀ ਤੋਂ ਵੱਡੀ ਔਕੜ ਦਾ ਵੀ ਡਟ ਕੇ ਸਾਹਮਣਾ ਕਰ ਸਕਦੇ ਹਾਂ। ਭਵਿੱਖ ਵਿੱਚ ਸਾਨੂੰ ਅੱਗੇ ਵੱਧਣ ਦੇ ਨਵੇਂ ਨਵੇਂ ਰਸਤੇ ਮਿਲਦੇ ਹਨ। ਸਮਾਂ ਆਪਣੀ ਚਾਲ ਚੱਲਦਾ ਰਹਿੰਦਾ ਹੈ।ਸਾਨੂੰ ਕਦੇ ਵੀ ਆਲਸ ਨਹੀਂ ਕਰਨਾ ਚਾਹੀਦਾ। ਜ਼ਿੰਦਗੀ ਵਿਚ ਆਲਸ ਕਰਨ ਵਾਲਾ ਵਿਅਕਤੀ ਕਦੇ ਵੀ ਸਫਲਤਾ ਪ੍ਰਾਪਤ ਨਹੀਂ ਕਰ ਸਕਦਾ। ਪੰਜਾਬੀ ਦੀ ਇੱਕ ਪ੍ਰਸਿੱਧ ਕਹਾਵਤ ਵੀ ਹੈ- 'ਵੇਲੇ ਦੀ ਨਮਾਜ਼ ਤੇ ਕੁਵੇਲੇ ਦੀਆਂ ਟੱਕਰਾਂ'। ਭਾਵ ਯੋਗ ਸਮਾਂ ਬੀਤਣ ਮਗਰੋਂ ਕੰਮ ਠੀਕ ਨਹੀਂ ਹੁੰਦਾ। ਖਾਣ -ਪੀਣ, ਸੌਣ-ਜਾਗਣ, ਖੇਡਣ, ਪੜ੍ਹਾਈ - ਲਿਖਾਈ ਤੇ ਹੋਰ ਵੀ ਨਿੱਜੀ ਕੰਮਾਂ ਲਈ ਇੱਕ ਸਮਾਂ ਨਿਰਧਾਰਿਤ ਕਰਨਾ ਚਾਹੀਦਾ ਹੈ। ਕਿਤੇ ਵੀ ਕੋਈ ਸਰਕਾਰੀ ਦਫ਼ਤਰ, ਇੰਟਰਵਿਊ ਜਾਂ ਹੋਰ ਵੀ ਕੰਮ ਲਈ ਜੇ ਅਸੀਂ ਬਾਹਰ ਜਾਂਦੇ ਹਨ ਤਾਂ ਸਮੇਂ ਸਿਰ ਜਾਈਏ। ਕਿਸੇ ਦੇ ਲੜਾਈ ਝਗੜੇ ਵਿੱਚ ਪੈ ਕੇ ਕਦੇ ਵੀ ਆਪਣਾ ਸਮਾਂ ਨਸ਼ਟ ਨਹੀਂ ਕਰਨਾ ਚਾਹੀਦਾ।ਸਾਨੂੰ ਜਿੰਦਗੀ ਵਿੱਚ ਸਮੇਂ ਦੇ ਮੁਤਾਬਿਕ ਚੱਲਣਾ ਚਾਹੀਦਾ ਹੈ। ਸਾਨੂੰ ਚੰਗੇ ਕੰਮਾਂ ਲਈ ਸਮੇਂ ਦਾ ਪੂਰਾ-ਪੂਰਾ ਲਾਭ ਉਠਾਉਣਾ ਚਾਹੀਦਾ ਹੈ। ਅਕਸਰ ਸਿਆਣੇ ਵੀ ਕਹਿੰਦੇ ਹਨ ਕਿ ਜੇ ਸਮਾਂ ਗੁਜ਼ਰ ਜਾਣ ਤੋਂ ਬਾਅਦ ਕਦਰ ਕੀਤੀ ਜਾਵੇ ਤਾਂ ਉਹ ਕਦਰ ਨਹੀਂ ਅਫ਼ਸੋਸ ਕੁਹਾਉਂਦਾ ਹੈ। ਚਲੋ ਕਦੇ ਜੇ ਅਤੀਤ ਵਿੱਚ ਗਲਤੀ ਹੋ ਚੁੱਕੀ ਹੈ, ਤਾਂ ਉਸ ਤੋਂ ਸਬਕ ਲਵੋ। ਵਰਤਮਾਨ ਸਮੇਂ ਵਿਚ ਉਹ ਗਲਤੀ ਨਾ ਦੋਹਰਾਓ। ਚੰਗੇ ਦੋਸਤਾਂ ਸੰਗ ਦੋਸਤੀ ਕਰੋ। ਚੰਗੇ ਦੋਸਤਾਂ ਤੋਂ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਹਮੇਸ਼ਾ ਸਕਾਰਾਤਮਕ ਸੋਚ ਰੱਖੋ। ਸਮੇਂ ਦੀ ਸੁਚੱਜੀ ਵਰਤੋਂ ਕਰਕੇ ਹੀ ਅਸੀਂ ਮੰਜ਼ਿਲ ਸਰ ਕਰ ਸਕਦੇ ਹਾਂ। ਜੋ ਵਿਅਕਤੀ ਸਮੇਂ ਦੀ ਕਦਰ ਨਹੀਂ ਕਰਦਾ, ਸਮਾਂ ਉਸਨੂੰ ਬਰਬਾਦ ਕਰ ਦਿੰਦਾ ਹੈ। ਸੋ ਸਾਨੂੰ ਹਮੇਸ਼ਾ ਵਰਤਮਾਨ ਸਮੇਂ ਦੀ ਕਦਰ ਕਰਨੀ ਚਾਹੀਦੀ ਹੈ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



ਨਾਨਕ ਸਿੰਘ

ਪੰਜਾਬੀ ਕਹਾਣੀ

# ਭੂਆ

ਭੂਆ ਨੂੰ ਮਿਲਿਆਂ ਦਸਾਂ ਤੋਂ ਵਧੀਕ ਵਰ੍ਹੇ ਬੀਤ ਗਏ ਸਨ। ਮੇਰੇ ਵੱਡੇ ਵਡੇਰਿਆਂ ‘ਚੋਂ ਇਹੋ ਇਕ ਨਾਉਂ ਲੈਣ ਜੋਗੀ ਪੁਰਾਣੀ ਮੁੱਢੀ ਬਾਕੀ ਸੀ। ਅੱਜ ਵੀ ਉਨ੍ਹਾਂ ਦੀ ਸੁਪਨੇ ਵਾਂਗ ਮਾੜੀ ਜਿਹੀ ਯਾਦ ਬਾਕੀ ਹੈ, ਜਦ ਨਿੱਕੇ ਹੁੰਦਿਆਂ ਭੂਆ ਮੈਨੂੰ ਉਂਗਲੀ ਲਾ ਕੇ, ਪਿਆਰ ਪੁਚਕਾਰ ਕੇ ਸਕੂਲ ਛੱਡਣ ਜਾਂਦੀ ਹੁੰਦੀ ਸੀ, ਤੇ ਅੱਧੀ ਛੁੱਟੀ ਵੇਲੇ ਮੇਰੇ ਲਈ ਮਲਾਈ ਵਾਲੇ ਦੁੱਧ ਦਾ ਕੌਲ ਲਿਆਇਆ ਕਰਦੀ ਸੀ।

ਏਸ ਗੱਲ ਨੂੰ ਤੀਹ ਪੈਂਤੀ ਵਰ੍ਹੇ ਹੋ ਗਏ ਹੋਣੇ ਨੇ। ਇਕ ਇਕ ਕਰ ਕੇ ਸਾਰੇ ਉਹ, ਜਿਹੜੇ ਮੈਨੂੰ ਕਾਕਾ, ਪੁੱਤਰ ਆਖਣ ਦਾ ਅਧਿਕਾਰ ਰੱਖਦੇ ਸਨ, ਮੌਤ ਦਾ ਖਾਜਾ ਬਣ ਚੁਕੇ ਸਨ, ਪਰ ਮੇਰੀ ਭੂਆ ਅਜੇ ਕੰਧੀ ਉਤੇ ਰੁਖੜਾ ਬਣੀ ਰਹੀ। ਹਾਂ, ਤੇ ਮੈਂ ਐਤਕੀਂ ਜਦ ਆਪਣੇ ਇਕ ਰਿਸ਼ਤੇਦਾਰ ਦੇ ਮੁੰਡੇ ਦੀ ਸ਼ਾਦੀ ’ਤੇ ਗਿਆ ਤਾਂ ਭੂਆ ਨੂੰ ਮਿਲਣ ਦੀ ਖਾਹਿਸ਼ ਨੂੰ ਮੈਂ ਰੋਕ ਨਾ ਸਕਿਆ, ਭਾਵੇਂ ਕੱਚੀ ਸੜਕੇ ਪੂਰੇ ਪੰਜ ਮੀਲ ਜਾਂਦਿਆਂ ਤੇ ਏਨੇ ਹੀ ਆਉਂਦਿਆਂ ਮੈਨੂੰ ਕੱਢਣੇ ਪੈਂਦੇ ਸਨ। ਗਰਮੀ ਦੀ ਰੁੱਤ ਤੇ ਪੇਂਡੂ ਵਿਆਹ। ਸ਼ਹਿਰ ਵਿਚ ਰਹਿਣ ਵਾਲੇ ਬੰਦੇ ਨੂੰ ਜੇ ਦੋ ਚਾਰ ਡੰਗ ਅਜਿਹੇ ਵਿਆਹਾਂ ਦੀ ਰੋਟੀ ਖਾਣੀ ਪੈ ਜਾਵੇ, ਤਾਂ ਚਾਰ ਚੌਕੇ ਸੋਲ਼ਾਂ ਡੰਗ ਹਾਜ਼ਮੇ ਦੇ ਚੂਰਨ ਤੇ ਫੱਕੀਆਂ ਵਰਤੇ ਬਿਨਾਂ ਖਲਾਸੀ ਨਹੀਂ ਹੁੰਦੀ।

ਚਹੁੰ ਡੰਗਾਂ ਵਿਚ ਹੀ ਕਚਘਰੜ ਪੂਰੀਆਂ ਤੇ ਹੋਰ ਇਹੋ ਜਿਹੇ ਨਿਕ ਸੁਕ ਤੋਂ ਦਿਲ ਭਰ ਗਿਆ। ਜਾਪਣ ਲੱਗਾ ਜਿਵੇਂ ਤਵੇ ਦੇ ਫੁਲਕੇ ਖਾਧਿਆਂ ਜੁਗ ਹੀ ਬੀਤ ਗਿਆ ਹੈ। ਬਥੇਰੀ ਕੋਸ਼ਿਸ਼ ਕੀਤੀ ਕਿ ਹੋਰ ਨਹੀਂ ਤਾਂ ਹਿਕ ਅੱਧ ਡੰਗ ਹੀ ਪੂਰੀਆਂ ਤੋਂ ਛੁਟਕਾਰਾ ਮਿਲੇ, ਕਿਤੋਂ ਦੋ ਫੁਲਕੇ ਤੇ ਦਾਲ ਮਿਲ ਸਕਣ, ਪਰ ਅਜਿਹਾ ਹੋਣਾ ਤਾਂ ਧੇਤਿਆਂ ਦੀ ਨੱਕ-ਵੱਢੀ ਹੋਣ ਦੇ ਬਰਾਬਰ ਸੀ।

ਸ਼ੁਕਰ ਸ਼ੁਕਰ ਕਰ ਕੇ ਦੋ ਰਾਤਾਂ ਕੱਟੀਆਂ ਤੇ ਤੀਜੇ ਦਿਨ ਮੈਂ ਜਾਂਵੀਆਂ ਪਾਸੋਂ ਮਸੇ ਮਸੇ ਖਹਿੜਾ ਛੁਡਾ ਕੇ ਭੂਆ ਦੇ ਪਿੰਡ ਤੁਰ ਪਿਆ। ਮੈਨੂੰ ਯਾਦ ਸੀ, ਨਿੱਕੇ ਹੁੰਦਿਆਂ ਮੇਰੀ ਭੂਆ ਪਤਲੇ ਫੁਲਕੇ ਚੁੱਲ੍ਹੇ ਵਿਚ ਫੁਲਾ ਕੇ ਕਿੱਡੇ ਪਿਆਰ ਨਾਲ ਖੁਆਇਆ ਕਰਦੀ ਸੀ।

ਸਵਾਰੀ ਦਾ ਕੋਈ ਪ੍ਰਬੰਧ ਨਾ ਹੋ ਸਕਿਆ। ਦੁਪਹਿਰਾਂ ਦਾ ਤੁਰਿਆ ਮੈਂ ਸਾਰੇ ਰਾਹ ਘੱਟਾ ਫੱਕਦਾ ਕਿਤੇ ਪੈਲੀਆਂ ਵਿਚੋਂ, ਤੇ ਕਿਤੇ ਸੜਕੇ ਸੜਕ, ਸੋਤੇ ਪਏ ਭੂਆ ਦੇ ਪਿੰਡ ਪੁੱਜਾ। ਜਾਨ ਵਿਚ ਜਾਨ ਆਈ।

ਜਾਂਦਿਆਂ ਹੀ ਬੜੀ ਗਰਮਜੋਸ਼ੀ ਨਾਲ ਮੈਂ ਭੂਆ ਨੂੰ ਪੈਰੀਂ ਪੈਣਾ ਕੀਤਾ। ਉਸ ਨੇ ਜੀਊਂ ਆਇਆਂ ਸਦਕੇ ਆਇਆਂ, ਆਖਦਿਆਂ ਹੋਇਆਂ ਮੇਰੀ ਪਿੱਠ ਪਲੋਸੀ, ਪਰ ਇਸ ਵਿਚੋਂ ਮੈਨੂੰ ਭੂਆ ਦੇ ਪਿਆਰ ਦਾ ਨਿੱਘ ਨਾ ਲੱਭਿਆ। ਅਸਲ ਗੱਲ ਇਹ ਸੀ ਕਿ ਭੂਆ ਨੇ ਮੈਨੂੰ ਪਛਾਤਾ ਹੀ ਨਹੀਂ ਸੀ, ਉਸ ਨੂੰ ਅੰਧਰਾਤੇ ਦੀ ਕਸਰ ਸੀ।

ਜਦ ਉਸ ਦੇ ‘ਕਾਕਾ ਕਿਥੋਂ ਏਂ ਤੂੰ ?’ ਦੇ ਉਤਰ ਵਿਚ ਮੈਂ ਆਪਣਾ ਨਾਂ ਦੱਸਿਆ ਤਾਂ ਸਾਰੀ ਦੀ ਸਾਰੀ ਭੂਆ ਮੇਰੇ ਦੁਆਲੇ ਲਿਪਟ ਗਈ। ਚੁੰਮ ਚੁੰਮ ਕੇ ਉਸ ਨੇ ਮੇਰਾ ਮੂੰਹ ਗਿੱਲਾ ਕਰ ਛੱਡਿਆ ਤੇ ਉਚੀ ਦੇ ਕੇ ਪੁਕਾਰ ਉਠੀ, ‘ਨੀ ਚੰਨਣ ਕੌਰੇ ! ਕੁੜੇ ਆਈਂ ਨੀ ਭੱਜ ਕੇ। ਨੀ ਮੇਰਾ ‘ਸਿੰਘ’ ਆਇਆ ਈ ਸੁੱਖ ਨਾਲ। ਵੇ ਮੁੰਡਿਓ ਕੁੜੀਓ ! ਤੁਹਾਡਾ ਤਾਇਆ ਆਇਆ ਜੇ।’

ਉਸ ਦੀ ਨੂੰਹ ਭੱਜੀ ਆਈ। ਭੂਆ ਦੇ ਪੋਤ੍ਰਿਆਂ ਪੋਤ੍ਰੀਆਂ ਨੇ ਆਉਂਦਿਆਂ ਹੀ ਮੇਰੇ ਦੁਆਲੇ ਘੇਰਾ ਘੱਤ ਲਿਆ। ਬਾਲਾਂ ਵਿਚੋਂ ਭਾਵੇਂ ਕਿਸੇ ਨੇ ਵੀ ਇਸ ਤੋਂ ਪਹਿਲਾਂ ਮੇਰੀ ਸ਼ਕਲ ਨਹੀਂ ਸੀ ਵੇਖੀ, ਪਰ ਦਾਦੀ ਦੀ ਗਵਾਹੀ ‘ਤੁਹਾਡਾ ਤਾਇਆ’ ਹੀ ਉਨ੍ਹਾਂ ਲਈ ਕਾਫ਼ੀ ਸੀ।

ਭੂਆ ਦੀ ਨੂੰਹ ਮੈਥੋਂ ਛੋਟੇ ਥਾਂ ਸੀ, ਘੁੰਡ ਚੁੱਕਣ ਤੇ ਬੋਲਣ ਚਾਲਣ ਦੀ ਦਲੇਰੀ ਉਹ ਨਾ ਕਰ ਸਕੀ।

ਮੈਂ ਪੀਹੜੀ ’ਤੇ ਬੈਠਾ ਸਾਂ, ਭੂਆ ਭੁੰਜੇ ਬੈਠੀ ਦੁਹਾਂ ਹੱਥਾਂ ਨਾਲ ਮੇਰੀ ਪਿੱਠ, ਮੇਰਾ ਸਿਰ, ਮੇਰਾ ਮੂੰਹ ਮੱਥਾ ਪਿਆਰਦੀ ਹੋਈ ਮੇਰੇ ਘਰ ਬਾਰ ਦੀ, ਮੇਰੇ ਬਾਲਾਂ, ਮੇਰੀ ਘਰ ਵਾਲੀ ਦੀ ਸੁਖ ਸਾਂਦ ਪੁੱਛ ਰਹੀ ਸੀ ਤੇ ਮੇਰੀ ਵੱਲੋਂ ਸਿਰਫ ਇਕੋ ਉਤਰ ਘੜੀ ਮੁੜੀ ਦੁਹਰਾਇਆ ਜਾ ਰਿਹਾ ਸੀ, ‘ਹਾਂ ਜੀ, ਆਹੋ ਜੀ, ਜੀ।’ ਮੈਂ ਉਸ ਵੇਲੇ ਸੱਚ ਮੁੱਚ ਆਪਣੇ ਆਪ ਨੂੰ ਦਾਹੜੀ ਵਾਲਾ ਕਾਕਾ ਅਨੁਭਵ ਕਰ ਰਿਹਾ ਸਾਂ।

‘ਤੇ ਕੁੜੇ ਉਠ ਕੇ ਰੋਟੀ ਟੁਕ ਦਾ ਆਹਰ ਕਰ। ਮੁੰਡਾ ਵੱਡੇ ਵੇਲੇ ਦਾ ਭੁੱਖਾ ਭਾਣਾ ਹੋਵੇਗਾ।’ ਕਹਿ ਕੇ ਭੂਆ ਨੇ ਨੂੰਹ ਨੂੰ ਰਸੋਈ ਵੱਲ ਨਸਾਇਆ। ਮੈਂ ਬਥੇਰੀ ਉਜ਼ਰਦਾਰੀ ਕੀਤੀ, ਪਰ ਉਥੇ ਸੁਣਾਈ ਕਾਹਨੂੰ ਹੋਣੀ ਸੀ।

ਭੁੱਖ ਮੈਨੂੰ ਉੱਕਾ ਨਹੀਂ ਸੀ, ਸਗੋਂ ਦੁਪਹਿਰੇ ਜਿਹੜੀ ਜੰਵ ਵਿਦੈਗੀ ਵੇਲੇ ਰੋਟੀ ਤੇ ਉਸ ਤੋਂ ਬਾਅਦ ਕੁਝ ਮਠਿਆਈ ਖਾਣੀ ਪਈ ਸੀ, ਉਸ ਨਾਲ ਤਬੀਅਤ ਦਿਕ ਹੋ ਗਈ ਸੀ। ਮੈਂ ਦਿਲ ਨਾਲ ਫੈਸਲਾ ਕੀਤਾ ਸੀ ਕਿ ਰਾਤੀਂ ਕੁਝ ਨਹੀਂ ਖਾਵਾਂਗਾ। ਅਜੇ ਤੱਕ ਡਕਾਰ ਆ ਰਹੇ ਸਨ।

‘ਓ ਮੇਰਿਆ ਰੱਬਾ’ ਮੇਰੇ ਅੰਦਰੋਂ ਡਰ ਭਰੀ ਆਵਾਜ਼ ਨਿਕਲੀ, ਜਦ ਕੁਝ ਚਿਰ ਬਾਅਦ ਮੈਂ ਆਪਣੇ ਅੱਗੇ ਇਕ ਨੱਕੋ ਨੱਕ ਪਰੋਸਿਆ ਥਾਲ ਵੇਖਿਆ, ਚੱਕੀ ਦੇ ਪੁੜ ਜਿੱਡੇ ਦੋ ਪਰੌਂਠੇ ਜਿਨ੍ਹਾਂ ਵਿਚੋਂ ਘਿਉ ਵਗ ਵਗ ਕੇ ਥਾਲ ਦੇ ਉਸ ਹਿੱਸੇ ਵਿਚ ਰਲ ਰਿਹਾ ਸੀ ਜਿਥੇ ਮੋਟੀਆਂ ਮੋਟੀਆਂ ਸੇਵੀਆਂ ਦਾ ਇਕ ਤਕੜਾ ਅੰਬਾਰ ਉਸਰਿਆ ਸੀ, ਤੇ ਜਿਸ ਉਤੇ ਬੁੱਕ ਸਾਰੀ ਸ਼ੱਕਰ ਦੀ ਤਹਿ ਵਿਛੀ ਹੋਈ ਸੀ।

ਮੈਂ ਸਹਿਮੀ ਨਜ਼ਰ ਨਾਲ ਕਦੇ ਥਾਲ ਵੱਲ ਵੇਖਾਂ ਤੇ ਕਦੇ ਆਪਣੇ ਢਿੱਡ ਵੱਲ। ‘ਮੂਸਾ ਮੌਤੋਂ ਭੱਜਿਆ, ਅੱਗੋਂ ਮੌਤ ਖੜੀ’ ਵਾਲੀ ਗੱਲ ਬਣੀ।

ਭਰਜਾਈ ਨੂੰ ਤੇ ਮੈਂ ਸੰਗ ਦੇ ਮਾਰੇ ਕੁਝ ਆਖ ਨਹੀਂ ਸਾਂ ਸਕਦਾ, ਤੇ ਭੂਆ ਨੂੰ ਏਸ ਬਾਬਤ ਕੁਝ ਕਹਿਣਾ, ਨਾ ਕਹਿਣਾ ਇਕੋ ਜਿਹਾ ਸੀ।

ਭੂਆ ਅੱਗੇ ਮੈਂ ਬਥੇਰੇ ਵਾਸਤੇ ਪਾਵਾਂ, ‘ਭੂਆ ਜੀ, ਮੈਨੂੰ ਇਕ ਗਰਾਹੀ ਦੀ ਵੀ ਭੁੱਖ ਨਹੀਂ, ਮੈਂ ਅੱਗੇ ਹੀ ਜੰਞ ਦੀ ਰੋਟੀ ਖਾਣ ਕਰ ਕੇ ਔਖਾ ਹਾਂ’, ਪਰ ਬਿਨਾਂ ਮੇਰੀ ਕਿਸੇ ਗੱਲ ਵੱਲ ਧਿਆਨ ਦਿੱਤਿਆਂ ਭੂਆ ਆਪਣੀਆਂ ਹੀ ਵਾਹੀ ਜਾਵੇ, ‘ਭਲਾ ਕਾਕਾ, ਇਹ ਹੈ ਕੀ ਏ, ਹੌਲੇ ਹੌਲੇ ਤੇ ਫੁਲਕੇ ਨੇ। ਖਾ ਲੈ, ਖਾ ਲੈ ਮਾਂ ਸਦਕੇ।’

‘ਤੇ ਭੂਆ ਜੀ, ਇਹ ਏਨੀਆਂ ਸੇਵੀਆਂ ਕੌਣ ਖਾਏਗਾ ?’ ਮੈਂ ਇਕ ਵਾਰੀ ਫੇਰ ਕਿਹਾ। ਉਹ ਬੋਲੀ, ‘ਖਾ ਲੈ, ਖਾ ਲੈ, ਬੀਬਾ ਪੁੱਤ। ਸੇਵੀਆਂ ਦਾ ਕੀ ਏ, ਇਹ ਤੇ ਐਵੇਂ ਮੂੰਹ ਮਿੱਠਾ ਕਰਨ ਲਈ ਨੇ। ਵੇਖੇਂ ਨਾ ਪੁੱਤ, ਏਥੇ ਬਾਹਰ ਥਾਵੇਂ ਕੀ ਪਿਆ ਲੱਭਦਾ ਏ। ਸ਼ਹਿਰਾਂ ਨਗਰਾਂ ਦੀ ਕੀ ਗੱਲ ਕਰਨਾ ਏ, ਉਥੇ ਤੇ ਜੋ ਬੱਤੀਆਂ ਦੰਦਾਂ ’ਚੋਂ ਮੰਗੋ, ਮਿਲ ਜਾਂਦਾ ਏ। ਸੱਚ ਕਿਸੇ ਆਖਿਆ ਏ, ਅਖੇ ‘ਸ਼ਹਿਰ ਵਸੰਦੇ ਦੇਵਤੇ ਬਾਹਰ ਵਸੰਦੇ ਪ੍ਰੇਤ’। ਏਥੇ ਤੇ ਵੀਰਾ ਇਹੋ ਦਾਲ ਸਾਗ ਈ ਜੁੜਦਾ ਏ। ਤੇਰਾ ਫੁਫੜ ਜਿਊਂਦਾ ਸੀ, ਅਸੀਂ ਇਕ ਵਾਰੀ ਅੰਬਰਸਰ ਗਏ। ਸਦਕੇ ਜਾਈਏ ਗੁਰੂ ਦੀ ਨਗਰੀ ਤੋਂ। ਸਬੱਬ ਨਾਲ ਮਹਾਰਾਜ ਦੇ ਦਰਸ਼ਨ ਹੋ ਗਏ, ਘਰਾਂ ਦੇ ਪੁਆੜਿਆਂ ’ਚੋਂ ਕਿਥੇ ਕਿਸੇ ਦਾ ਨਿਕਲ ਹੁੰਦਾ ਏ। ਉਹ ਵੀ ਮੇਰੀ ਜਠਾਣੀ ਦੇ ਫੁੱਲ ਗੰਗਾ ਜੀ ਲਿਜਾਣੇ ਸਾ ਸੂ, ਤੇ ਮੈਨੂੰ ਆਖਣ ਲੱਗਾ, ‘ਸ਼ੈਂਕਰ ਦੀ ਮਾਂ, ਕਿਹੜਾ ਰੋਜ਼ ਰੋਜ਼ ਜਾਇਆ ਜਾਂਦਾ ਏ, ਖਸਮ ਨੂੰ ਖਾਣੀਆਂ ਲੋੜਾਂ ਤੇ ਪੂਰੀਆਂ ਹੁੰਦੀਆਂ ਨਹੀਂ, ਉਹ ਜਾਣੇ ਤੂੰ ਵੀ ਚਲੀ ਚੱਲ’, ਤੇ ਮੈਂ ਵੀ ਇਸੇ ਸਬੱਬ ਚਲੀ ਗਈ। ਦਿਲ ਤੇ ਬਥੇਰਾ ਕਰਦਾ ਏ ਪਈ ਇਕ ਵਾਰੀ ਫੇਰ ਗੰਗਾ ਮਾਈ ਦਾ ਇਸ਼ਨਾਨ ਕਰ ਆਵਾਂ, ਸ਼ੈਂਕਰ ਨੂੰ ਕਿੰਨੀ ਵੇਰਾਂ ਵਾਸਤੇ ਪਾ ਚੁੱਕੀ ਆਂ, ਪਈ ਮੁੰਡਿਆ ਜਿਥੇ ਹੋਰ ਸੈਂਕੜੇ ਖਰਚਦਾ ਖਾਨਾ ਏਂ, ਉਥੇ ਇਹ ਵੀ ਜੱਸ ਖੱਟ ਛੱਡ, ਪਰ ਉਹ ਤੇ ਸੁਣਦਾ ਈ ਨਹੀਂ ਮੇਰੀ ਗੱਲ।’

ਭੂਆ ਬਿਨਾਂ ਰੁਕਿਆ ਆਪਣੀ ਵਿਆਖਿਆ ਕਰੀ ਜਾ ਰਹੀ ਸੀ, ਤੇ ਏਧਰ ਮੈਂ ਸੋਚ ਰਿਹਾ ਸਾਂ, ‘ਅੱਗੇ ਜਿਠਾਣੀ ਦੇ ਫੁੱਲ ਲੈ ਕੇ ਗਈ ਸੈਂ, ਹੁਣ ਭਾਵੇਂ ਭਤੀਜੇ ਦੇ ਫੁੱਲਾਂ ਦੀ ਵਾਰੀ ਹੈ।’

ਅਖੀਰ ਇਹੋ ਸੋਚ ਕੇ ਕਿ ਹੱਛਾ, ਉਖਲੀ ਵਿਚ ਸਿਰ ਦਿੱਤਾ ਤਾਂ ਹੁਣ ਚਾਰ ਸੱਟਾਂ ਵੱਧ ਕੀ, ਤੇ ਚਾਰ ਘੱਟ ਕੀ, ਖਾਣਾ ਸ਼ੁਰੂ ਕੀਤਾ।

ਅਜੇ ਦੋ ਚਾਰ ਬੁਰਕੀਆਂ ਹੀ ਲਈਆਂ ਸਨ ਕਿ ਭਰਜਾਈ ਨੇ ਪੰਘਰੇ ਹੋਏ ਘਿਉ ਦਾ ਭਰਿਆ ਹੋਇਆ ਕੌਲ ਲਿਆ ਕੇ ਸੇਵੀਆਂ ਉਤੇ ਉਲਦ ਦਿੱਤਾ। ਘਿਉ ਸੇਵੀਆਂ ਵਿਚੋਂ ਫਿਰਦਾ ਫਿਰਾਂਦਾ ਸਾਰੇ ਥਾਲ ਵਿਚ ਫੈਲ ਗਿਆ ਤੇ ਸੇਵੀਆਂ ਦਾ ਢੇਰ, ਸਮੁੰਦਰ ਵਿਚ ਖੜੇ ਇਕ ਛੋਟੇ ਜਜ਼ੀਰੇ ਵਾਂਗ ਬਣ ਗਿਆ। ਮੈਂ ਬਥੇਰਾ ‘ਨਾ ਨਾ ਨਾ’ ਕਰਦਾ ਰਿਹਾ, ਪਰ ਮੇਰੀ ਕੌਣ ਸੁਣਦਾ ਸੀ।

‘ਇਸ ਆਪ ਸਹੇੜੀ ਮੌਤ ਤੋਂ ਕੀਕਣ ਛੁਟਕਾਰਾ ਮਿਲੇ’, ਬਥੇਰਾ ਸੋਚਿਆ ਪਰ ਕੋਈ ਰਾਹ ਨਾ ਲੱਭਾ। ਪਰੌਂਠੇ ਤਾਂ ਖ਼ੈਰ ਦੋ ਨਹੀਂ, ਤਾਂ ਡੇਢ ਕੁ ਮੈਂ ਕਿਸੇ ਤਰ੍ਹਾਂ ਤੁੰਨ ਤੁੰਨ ਕੇ ਲੰਘਾ ਲਏ, ਪਰ ਸੇਵੀਆਂ ਦਾ ਕੀ ਬਣੇ ? ਸਲਾਹ ਹੋਈ ਕਿ ਭੂਆ ਨੂੰ ਦਿਸਦਾ ਤੇ ਹੈ ਨਹੀਂ, ਹੋਵੇ ਨਾ ਤਾਂ ਇਕ ਦੋ ਰੁਗ ਭਰ ਕੇ ਕਿਸੇ ਬੰਨੇ ਸੁੱਟ ਹੀ ਛੱਡਾਂ, ਕੁਝ ਤਾਂ ਭਾਰ ਹੌਲਾ ਹੋਵੇ, ਪਰ ਉਸ ਅੱਖਾਂ ਵਾਲੀ ਕਮਬਖ਼ਤ ਭਰਜਾਈ ਦਾ ਕੀ ਕਰਦਾ, ਜਿਹੜੀ ਘਿਉ ਦਾ ਕੌਲ ਖਾਲੀ ਕਰਨ ਤੋਂ ਬਾਅਦ ਟੋਕਰੇ ਵਰਗਾ ਮੂੰਹ ਲੁਕਾਈ ਮੇਰੇ ਲਾਗੇ ਪਥੱਲਾ ਮਾਰੀ ਬੈਠੀ ਸੀ।

ਚਿੜੀ-ਚੋਗੇ ਵਾਂਗ ਮੈਂ ਇਕ ਇਕ ਸੇਵੀਂ ਮੂੰਹ ਵਿਚ ਪਾ ਕੇ, ਚਿੱਥ ਚਿੱਥ ਕੇ ਲੰਘਾਉਣ ਦੀ ਕੋਸ਼ਿਸ਼ ਕਰ ਰਿਹਾ ਸਾਂ ਕਿ ਭਰਜਾਈ ਦੇ ਦਿਲ ਵਿਚ ਖਬਰੇ ਤਰਸ ਆ ਗਿਆ, ਉਹ ਉਠ ਕੇ ਅੰਦਰ ਚਲੀ ਗਈ। ਮੈਂ ਕਾਹਲੀ ਨਾਲ ਸੱਜੇ ਖੱਬੇ ਤੱਕਿਆ ਕਿ ਕਿਹੜੇ ਪਾਸੇ ਰੁਗ ਸੁੱਟਾਂ।

ਪਿਛਲੀ ਕੰਧ ਦੀ ਨੁਕਰੇ ਇਕ ਤੰਦੂਰ ਲੱਗਾ ਹੋਇਆ ਸੀ, ਮੈਂ ਸੋਚਿਆ ਇਹੋ ਠੀਕ ਹੈ। ਰਾਤ ਨੂੰ ਕਿਤੇ ਮੌਕਾ ਮਿਲਿਆ ਤਾਂ ਸੁਆਹ ਨੂੰ ਹੇਠਾਂ ਉਤਾਂਹ ਕਰ ਕੇ ਢਕ ਛੱਡਾਂਗਾ, ਬਸ।

ਤੇ ਮੈਂ ਦਿਲ ਪੀਡਾ ਕਰ ਕੇ ਜਿੰਨੀਆਂ ਕੁ ਸੇਵੀਆਂ ਮੇਰੀ ਲੱਪ ਵਿਚ ਆ ਸਕਦੀਆ ਸਨ, ਰੁਗ ਭਰ ਲਿਆ। ਹੱਥ ਪਿਛਾਂਹ ਲੈ ਜਾਣ ਲਈ ਥਾਲੀ ਤੋਂ ਚੁੱਕਿਆ ਹੀ ਸੀ ਕਿ ਫਿਰ ਓਹੀ ਭਾਬੀ ਸਿਰ ‘ਤੇ ਆ ਧਮਕੀ ਤੇ ਬਿਨਾਂ ਪੁੱਛਿਆਂ ਇਕ ਹੋਰ ਪਰੌਂਠਾ ਥਾਲੀ ਵਿਚ ਦੇਹ ਮਾਰਿਆ।

ਸੇਵੀਆਂ ਮੁੜ ਥਾਲੀ ਦੇ ਹਵਾਲੇ ਕਰ ਕੇ ਮੈਂ ਹੱਥ ਪੈਰ ਛੱਡ ਬੈਠਾ, ‘ਹੁਣ ਖ਼ੈਰ ਨਹੀਂ।’

ਅੱਧਾ-ਪਚੱਧਾ ਮੁਕਾ ਕੇ ਕਿਸੇ ਤਰ੍ਹਾਂ ਇਸ ਕਾਲ ਰੂਪੀ ਥਾਲ ਤੋਂ ਮੇਰੀ ਖਲਾਸੀ ਹੋਈ, ਪਰ ਹੁਣ ਏਥੋਂ ਉਠ ਕੇ ਮੰਜੇ ਤੀਕ ਜਾਣ ਦੀ ਹਿੰਮਤ ਬਾਕੀ ਨਹੀਂ ਸੀ। ਪੇਟ ਪਾਟਣ ਵਾਲਾ ਹੋ ਰਿਹਾ ਸੀ ਸਾਹ ਨਾਲ ਸਾਹ ਨਹੀਂ ਸੀ ਰਲਦਾ।

ਅਖੀਰ ਕਿਸੇ ਤਰ੍ਹਾਂ ਇਹ ਮੁਹਿੰਮ ਵੀ ਪੂਰੀ ਹੋਈ ਤੇ ਮੈਂ ਵੇਹੜੇ ਵਿਚ ਵਿਛੇ ਹੋਏ ਬਿਸਤਰੇ ਤੇ ਜਾ ਢੱਠਾ। ਘੜੀ ਮੁੜੀ ਆਪਣੇ ਆਪ ਨੂੰ ਫਿਟਕਾਰਦਾ ਸਾਂ ਕਿ ਮੈਂ ਜੇ ਮਰਨਾ ਹੀ ਸੀ ਤਾਂ ਘਰ ਜਾ ਕੇ ਕਿਉਂ ਨਾ ਮਰਨ ਦਾ ਇੰਤਜ਼ਾਮ ਕੀਤਾ। ਜਾਨ ਅੱਕਲਕਾਂਦ ਆ ਗਈ। ਸੱਜਿਓਂ ਖੱਬੇ ਤੇ ਖੱਬਿਓਂ ਸੱਜੇ ਉਸਲਵੱਟੇ ਲੈਂਦਾ ਸਾਂ, ਪਰ ਕਿਸੇ ਪਾਸੇ ਵੀ ਚੈਨ ਨਹੀਂ ਸੀ ਆਉਂਦਾ। ਅਫਰੇਵਾਂ ਵਧਦਾ ਜਾ ਰਿਹਾ ਸੀ ਤੇ ਉਤੋਂ ਆਖਰਾਂ ਦਾ ਵੱਟ। ਮੁੜ੍ਹਕਾ ਵਗ ਵਗ ਕੇ ਵਿਛਾਈ ਭਿਉਂ ਰਿਹਾ ਸੀ। ਪੱਖੀ ਮੇਰੇ ਕੋਲ ਪਈ ਸੀ ਪਰ ਫੜ ਕੇ ਝੱਲਣ ਦੀ ਹਿੰਮਤ ਨਹੀਂ ਸੀ।

ਅੱਧਾ-ਪੌਣਾ ਘੰਟਾ ਮੱਛੀ ਵਾਂਗ ਤੜਫਿਆ, ਪਰ ਹੋਰ ਬਰਦਾਸ਼ਤ ਨਾ ਰਹੀ। ਉਠ ਕੇ ਬੈਠ ਗਿਆ, ਤੇ ਸੋਚਣ ਲੱਗਾ, ਜੇ ਕੋਈ ਮੁੰਡਾ ਕੁੜੀ ਜਾਗਦਾ ਹੋਵੇ ਤਾਂ ਉਸ ਨੂੰ ਆਖ ਕੇ ਥੋੜੀ ਜਿਹੀ ਜਵੈਣ ਹੀ ਮੰਗ ਵੇਖਾਂ, ਤਾਂਹੀ ਖਬਰ ਕਿ ਫੇਰ ਲੰਮਾ ਘੁੰਡ ਕੱਢੀ ਭਰਜਾਈ ਆ ਮੌਜੂਦ ਹੋਈ। ਮੇਰੀ ਮੌਤ ਵਿਚ ਜਿਹੜੀ ਰਤੀ ਮਾਸਾ ਕਸਰ ਬਾਕੀ ਸੀ, ਸ਼ਾਇਦ ਇਹ ਉਸ ਨੂੰ ਪੂਰਾ ਕਰਨ ਆਈ ਸੀ। ਉਸ ਦੇ ਹੱਥ ਵਿਚ ਕੰਢਿਆਂ ਤੀਕ ਭਰਿਆ ਹੋਇਆ ਦੁੱਧ ਦਾ ਛੰਨਾ ਸੀ।

ਭਰਜਾਈ ਦੀ ਥਾਂ ਜੇ ਕਦੇ ਇਸ ਵੇਲੇ ਮੇਰੀ ਵਹੁਟੀ ਹੁੰਦੀ ਤਾਂ ਇਹੋ ਸੜਦੇ ਸੜਦੇ ਦੁੱਧ ਦਾ ਛੰਨਾ ਖੋਹ ਕੇ ਮੂੰਹ ਤੇ ਚੁੱਕ ਮਾਰਦਾ, ਪਰ ਕਰਦਾ ਕੀ, ਇਹ ਸੀ ਭਰਜਾਈ ਤੇ ਫਿਰ ਭੂਆ ਦੀ ਨੂੰਹ ਜਿਸ ਨਾਲ ਨਾ ਬੋਲ ਨਾ ਚਾਲ।

ਇਕ ਵੇਰੀ ਇਨਕਾਰ, ਦੂਜੀ ਵੇਰੀ, ਤੀਜੀ ਵੇਰੀ ਪਰ ਭਰਜਾਈ ਨੇ ਬੋਲਣਾ ਥੋੜਾ ਸੀ, ਹੱਥ ਵਿਚ ਕਟੋਰਾ ਲਈ ਜਿਉਂ ਦੀ ਤਿਉਂ ਖੜੀ ਰਹੀ, ਬੜੀ ਮੁਸੀਬਤ ਬਣੀ।

ਜਦ ਕੋਈ ਪੇਸ਼ ਨਾ ਗਈ ਤਾਂ ਮੈਨੂੰ ਇਕ ਵਿਉਂਤ ਸੁੱਝੀ। ਮੈਂ ਕਟੋਰਾ ਲੈ ਕੇ ਪੈਂਦ ਵੱਲੋਂ ਖੇਸ ਚੁੱਕ ਕੇ ਓਥੇ ਟਿਕਾਉਂਦਿਆਂ ਹੋਇਆਂ ਕਿਹਾ, ‘ਮੈਨੂੰ ਠੰਢਾ ਪੀਣ ਦੀ ਆਦਤ ਹੈ।’

ਉਹ ਸ਼ਾਇਦ ਆਪਣੇ ਜੇਠ ਨੂੰ ਏਨੀ ਖੇਚਲ ਨਹੀਂ ਸੀ ਦੇਣੀ ਚਾਹੁੰਦੀ, ਜਾਂ ਖਬਰੇ ਇਹ ਖਿਆਲ ਕਰ ਕੇ ਕਿ ਜੇਠ ਜੀ ਦੁੱਧ ਪੀਣ ਲਈ ਬਹੁਤ ਉਤਾਵਲੇ ਹੋਣਗੇ, ਭੱਜ ਕੇ ਗੜਵੀ ਚੁੱਕ ਲਿਆਈ ਤੇ ਫੈਂਟ ਕੇ ਠੰਢਾ ਕਰਨ ਲੱਗੀ।

ਛੰਨਾ ਫੇਰ ਮੇਰੇ ਹੱਥ ਵਿਚ। ਖਿਆਲ ਸੀ ਸ਼ਾਇਦ ਫੜਾ ਕੇ ਤੁਰਦੀ ਬਣੇਗੀ ਪਰ ਸੱਸ ਨੇ ਸ਼ਾਇਦ ਉਹਨੂੰ ਚਿਤਾਵਨੀ ਕਰ ਕੇ ਭੇਜਿਆ ਸੀ ਕਿ ਖਾਲੀ ਛੰਨਾ ਲੈ ਕੇ ਮੁੜੇ।

ਇਸ ਵੇਲੇ ਜੇ ਕਦੇ ਉਸ ਛੰਨੇ ਦੀ ਥਾਂ ਮੈਨੂੰ ਕੋਈ ਸੰਖੀਏ ਦੀ ਗੋਲੀ ਦੇ ਦੇਂਦਾ ਤਾਂ ਨਿਸ਼ਚੇ ਹੀ ਮੈਂ ਉਸੇ ਨੂੰ ਇਸ ਉਤੇ ਤਰਜੀਹ ਦੇਂਦਾ।

ਇਕ ਘੁੱਟ, ਦੋ ਘੁੱਟ, ਚਾਰ ਘੁੱਟ, ਪਰ ਕੀ ਏਸ ਤਰ੍ਹਾਂ ਇਹ ਛੱਪੜ ਜਿੱਡਾ ਛੰਨਾ ਮੁੱਕਣ ਵਾਲਾ ਸੀ ?

‘ਖਸਮ ਨੂੰ ਖਾ ਗਿਆ ਇਹੋ ਜਿਹਾ ਸੰਕੋਚ, ਮੇਰੀ ਨਹੀਂ ਸਲਾਹ ਹਾਲੇ ਮਰਨ ਦੀ।’ ਦਿਲ ਵਿਚ ਇਹ ਸੋਚ ਕੇ ਮੈਂ ‘ਬੱਸ’ ਕਹਿੰਦਿਆਂ ਹੋਇਆਂ ਛੰਨਾ ਉਸ ਵੱਲ ਵਧਾਇਆ, ਪਰ ਉਹ ਫੜਨ ਦੀ ਬਜਾਇ ਇਕ ਦੋ ਕਦਮ ਪਿਛਾਂਹ ਹਟ ਗਈ, ਮਾਨੋਂ ਇਸ ਦੀ ਛੂਹ ਨਾਲ ਭਿਟੀ ਜਾਏਗੀ। ਢੀਠਪੁਣੇ ਦੇ ਤਾਣ ਮੈਂ ਹੱਥ ਪਿਛਾਂਹ ਖਿਚਿਆ। ਗੁੱਸੇ ਤੇ ਤਕਲੀਫ ਨਾਲ ਮੈਂ ਪਾਗਲ ਹੋ ਰਿਹਾ ਸਾਂ। ‘ਹੱਛਾ ਜ਼ਰਾ ਠਹਿਰ ਕੇ ਪੀਆਂਗਾ’ ਕਹਿ ਕੇ ਮੈਂ ਛੰਨੇ ਨੂੰ ਜਾਣ ਬੁਝ ਕੇ ਮੰਜੇ ਦੀ ਪੈਂਦ ਵੱਲ ਮੰਜੀ ਦੀ ਹੀਂਹ ‘ਤੇ ਰੱਖ ਦਿੱਤਾ। ਹੀਂਹ ਇਤਨੀ ਚੌੜੀ ਨਹੀਂ ਸੀ ਕਿ ਇਸ ਪਰਾਤ ਜਿਡੇ ਛੰਨੇ ਨੂੰ ਝੱਲ ਸਕਦੀ। ‘ਠੰਨ’ ਕਰਦਾ ਛੰਨਾ ਭੁੰਜੇ ਜਾ ਪਿਆ- ਦੁੱਧ ਡੁੱਲ੍ਹ ਗਿਆ।

‘ਉਹੋ !’ ਕਹਿ ਕੇ ਮੈਂ ਛੰਨਾ ਭੁੰਜਿਓਂ ਚੁਕਿਆ ਤੇ ਭਰਜਾਈ ਨੇ ਝਟ ਮੇਰੇ ਹੱਥੋਂ ਫੜ ਲਿਆ।

‘ਕੀ ਹੋਇਆ ਕੁੜੇ ?’ ਕਹਿੰਦੀ ਹੋਈ ਭੂਆ ਆਪਣੀ ਡੰਗੋਰੀ ਖੜਕਾਂਦੀ ਮੇਰੇ ਪਾਸ ਆ ਪੁਜੀ।

‘ਕੁਝ ਨਹੀਂ, ਦੁੱਧ ਡੁੱਲ੍ਹ ਗਿਆ ਏ।’ ਨੂੰਹ ਨੇ ਸ਼ਰਮਿੰਦਗੀ ਭਰੀ ਨੀਵੀਂ ਆਵਾਜ਼ ਵਿਚ ਕਿਹਾ।

’ਤੇ ਫਿਰ ਕੀ ਹੋਇਆ, ਦੁੱਧ ਦਾ ਕਾਲ ਏ ? ਜਾਹ ਹੋਰ ਲੈ ਆ ਜਾ ਕੇ।’ ਕਹਿੰਦੀ ਹੋਈ ਭੂਆ ਮੇਰੇ ਕੋਲ ਆ ਬੈਠੀ, ‘ਮੈਂ ਆਖਿਆ ਦੋ ਘੜੀਆਂ ਬਹਿ ਕੇ ਦੁੱਖ ਸੁੱਖ ਦੀਆਂ ਗੱਲਾਂ ਕਰਾਂਗੀ, ਫਿਰ ਸੋਚਿਆ ਥੱਕਿਆ ਹੋਵੇਗਾ, ਕਾਹਨੂੰ ਔਖਿਆਂ ਕਰਾਂ ਸੁ ਰਮਾਣ ਕਰ ਲਵੇ ਦੋ ਘੜੀਆਂ।’

ਮੈਂ ਦਿਲ ਵਿਚ ਆਖਿਆ, ‘ਭੂਆ, ਹੁਣ ਤੂੰ ਜ਼ਰੂਰ ਹਰਦੁਆਰ ਦਾ ਇਸ਼ਨਾਨ ਕਰੇਂਗੀ।’ ਏਸੇ ਵੇਲੇ ਨੂੰਹ ਨੇ ਆ ਕੇ ਸੱਸ ਦੇ ਕੰਨ ਵਿਚ ਕੁਝ ਕਿਹਾ, ਤੇ ਭੂਆ ਨੇ ਗੁੱਸੇ ਨਾਲ ਉਤਰ ਦਿੱਤਾ, ‘ਕੀ ਆਖਿਆ ਈ ਜਾਗ ਲਾ ਛੱਡੀ ਏ ? ਸਾਰੇ ਨੂੰ ਈ ? ਹਾਏ ਹਾਏ ਰੱਬਾ, ਮੈਂ ਕਿਹੀ ਸੜ ਗਈ ਆਂ ਏਸ ਹੱਥੋਂ। ਸਾਰੇ ਦੁੱਧ ਨੂੰ ਕਾਹਨੂੰ ਜਾਗ ਫੂਕਣੀ ਸੀ। ਮੁੰਡਾ ਵਿਚਾਰਾ ਹੁਣ ਝਾਟਾ ਮੇਰਾ ਪੀਵੇਗਾ। ਸਵੇਰ ਦਾ ਭੁੱਖਾ ਭਾਣਾ। ਸੰਧਿਆ ਵੇਲੇ ਦੇ ਦੋ ਫੁਲਕੇ ਖਾਧੇ ਸੂ, ਉਤੋਂ ਸੋਤਾ ਪਿਆ ਏ। ਇਹਨੇ ਵਿਚਾਰੇ ਨੇ ਕੋਈ ਰੋਜ਼ ਰੋਜ਼ ਆਉਣਾ ਸੀ ਸਾਡੇ ਘਰ ? ਜਾਹ ਜਾ ਕੇ ਰਾਮੇ ਕਿਆਂ ਦੇ ਘਰੋਂ ਦੁੱਧ ਦਾ ਛੰਨਾ ਲੈ ਆ।’

‘ਨਾ ਭੂਆ ਜੀ, ਤੁਹਾਨੂੰ ਮੇਰੇ ਸਿਰ ਦੀ ਸਹੁੰ, ਜੇ ਦੁੱਧ ਨੂੰ ਭੇਜੋ।’ ਮੈਂ ਤਰਲੇ ਨਾਲ ਕਿਹਾ।

‘ਲੈ ਹੋਰ ਸੁਣ’, ਭੂਆ ਪਿਆਰ ਭਰੀ ਘੁਰਕੀ ਨਾਲ ਬੋਲੀ, ‘ਏਹ ਵੀ ਕੋਈ ਰਾਹ ਪਿਆ ਏ। ਸਵੇਰ ਦਾ ਭੁੱਖਣ ਭਾਣਾ। ਮਾਂ ਸਦਕੇ, ਸ਼ਰਮ ਕਿਹੜੀ ਗੱਲ ਦੀ ਕਰਨੀ ਹੋਈ, ਇਹ ਕੋਈ ਬਗਾਨਾ ਘਰ ਏ। ਜੀਓ ਜਾਗੋ ਮੈਂ ਤੇ ਸਹਿਕ ਸਹਿਕ ਕੇ ਲਿਆ ਸੀ ਤੈਨੂੰ। ਤਿੰਨਾਂ ਘਰਾਂ ਵਿਚੋਂ ਤੂੰਹੀਓਂ ਤੇ ਵੱਡਿਆਂ ਦੀ ਨਿਸ਼ਾਨੀ ਏਂ। ਪੁੱਤਰ, ਕਿਹੜੇ ਕਿਹੜੇ ਜਫਰ ਨੇ ਜਿਹੜੇ ਤੈਨੂੰ ਲੈਣ ਲਈ ਅਸਾਂ ਨਹੀਂ ਜਾਲੇ ਹੋਣੇ। ਤਿੰਨ ਭਰਾ ਸਨ ਸੁੱਖ ਨਾਲ ਤੇਰੇ ਭਾਈਏ ਹੋਣੀ। ਪਹਿਲਾਂ ਮੰਨਤਾਂ ਮੰਨ ਮੰਨ ਕੇ ਵੱਡਾ ਵਿਆਹਿਆ, ਵਿਚਾਰਾ ਖਾਰਿਓਂ ਵੀ ਨਹੀਂ ਸੀ ਲੱਥਾ, ਰੰਡਾ ਹੋ ਬੈਠਾ। ਮੁੜ ਮਰਦਾ ਮਰ ਗਿਆ, ਬੂਹਾ ਨਾ ਖੁਲ੍ਹਿਆ। ਓਦੂੰ ਨਿੱਕਾ ਸੀ ਦੌਲਤ ਸੁੰਹ ਤੇਰਾ ਤਾਇਆ। ਸੁਰਗਾਂ ’ਚ ਵਾਸਾ ਹੋਵੇ ਸੁ, ਧਰਤੀ ਤੇ ਲੱਤ ਦਿਤਿਆਂ ਪਾਣੀ ਆਉਂਦਾ ਸੀ, ਕੜੀ ਵਰਗਾ ਜੁਆਨ ਤੇ ਡਾਢਾ ਈ ਸੁਨੱਖਾ। ਭੈੜੀ ਮੌਤ ਨੇ ਮਹਿਕਦਾ ਫੁਲ ਤੋੜ ਲਿਆ।’ ਤੇ ਭੂਆ ਦੇ ਅਥਰੂ ਵਗ ਵਗ ਕੇ ਉਸ ਦੀਆਂ ਗੱਲ੍ਹਾਂ ਦੇ ਟੋਇਆਂ ਵਿਚ ਭਰਨ ਲੱਗੇ।

ਭਰਜਾਈ ਚਲੀ ਜਾ ਚੁਕੀ ਸੀ, ਤੇ ਭੂਆ ਦੀ ਜੀਵਨ ਕਥਾ ਬਰਾਬਰ ਸ਼ੁਰੂ ਸੀ। ਭਾਵੇਂ ਉਸ ਦੀ ਇਹ ਕਥਾ ਬੜੀ ਦਿਲਚਸਪ ਤੇ ਕਰੁਣਾ ਭਰਪੂਰ ਸੀ, ਪਰ ਮੇਰਾ ਬਹੁਤਾ ਖਿਆਲ ਆਪਣੀ ਮੌਤ ਦੇ ਸੁਨੇਹੇ ਉਸ ਛੰਨੇ ਵੱਲ ਸੀ।

ਭੂਆ ਬੋਲਦੀ ਗਈ, ‘ਵਿਆਹ ਨੂੰ ਵਰ੍ਹਾ ਵੀ ਨਹੀਂ ਸੀ ਬੀਤਿਆ - ਬੂਹੇ ਨਾਲ ਬੰਨ੍ਹੇ ਹੋਏ ਸ਼ਰੀਂਹ ਵੀ ਨਹੀਂ ਸੀ ਸੁੱਕੇ, ਜੁ ਮੌਤ ਭੈੜੀ ਨੇ ਨਿਗਲ ਲਿਆ। ਚੱਪੇ ਜਿੰਨੀ ਵਹੁਟੀ ਬੂਹੇ ’ਤੇ ਬਹਿ ਗਈ। ਸਭਨਾਂ ਤੋਂ ਛੋਟਾ ਸੀ ਤੇਰਾ ਪਿਉ। ਜਿਉਂ ਵਿਆਹਿਆ, ਅੱਠ ਵਰ੍ਹੇ ਬੀਤ ਗਏ, ਵੇਲ ਚੂੰਆਂ ਨਾ ਪਿਆ। ਵੇ ਪੁੱਤ, ਕੋਈ ਥਾਂ ਨਾ ਛੱਡਿਆ, ਕੋਈ ਪੀਰ ਫਕੀਰ ਨਾ ਛੱਡਿਆ। ਹਨੂਮਾਨ ਦੇ ਜਾਗੇ ਕੀਤੇ, ਭੈਰੋਂ ਦੀਆਂ ਕੰਜਕਾਂ ਜਿਵਾਈਆਂ, ਪੀਰਾਂ ਦੀ ਸ਼ੀਰਨੀ ਚੜ੍ਹਾਈ, ਬਾਵੇ ਕੰਬਲੀ ਵਾਲੇ ਦਾ ਰੋਟ ਦਿੱਤਾ। ਇਕ ਕੀਤੀ ਸੀ ਅਸਾਂ ? ਪੁੱਤ ! ਬਾਰਾਂ ਬਾਰਾਂ ਕੋਹਾਂ ਵਿਚ ਜਿਥੇ ਕਿਤੇ ਦੱਸ ਪਾਈ, ਭੱਜੇ ਗਏ, ਪਰ ਝੋਲੀ ਖ਼ੈਰ ਕਿਤੋਂ ਨਾ ਪਿਆ। ਛੇਕੜ ਦੀ ਬਾਕੀ ਪੀਰ ਦੀਨੇ ਸ਼ਾਹ ਦੀ ਖ਼ਾਨਗਾਹ ’ਤੇ ਸੁੱਖਣਾ ਸੁੱਖੀ ਤਾਂ ਕਿਤੋਂ ਸਾਡੀ ਭੂੜੀ ਕਬੂਲ ਪਈ ਤੇ ਮੈਂ ਮਸੇ ਤੇਰਾ ਮੂੰਹ ਵੇਖਿਆ। ਪੁੱਤ ! ਇਹ ਸੂਰਤਾਂ ਕੋਈ ਨਿਤ ਨਿਤ ਪਈਆਂ ਲਭਦੀਆਂ ਨੇ ?’ ਤੇ ਉਹ ਫੇਰ ਮੇਰਾ ਮੂੰਹ ਚੁੰਮਣ ਲੱਗ ਪਈ। ਮੇਰੇ ਕੰਨ ਭੂਆ ਦੀਆਂ ਗੱਲਾਂ ਵੱਲ ਸਨ, ਪਰ ਧਿਆਨ ਬੂਹੇ ਵਲ ਸੀ।

ਭਰਜਾਈ ਆ ਗਈ ਤੇ ਮੈਂ ਰੱਬ ਦਾ ਲੱਖ ਲੱਖ ਸ਼ੁਕਰ ਕੀਤਾ। ਖਾਲੀ ਕਟੋਰਾ ਉਸ ਦੇ ਹੱਥ ਵਿਚ ਸੀ ਤੇ ਸੱਸ ਨੂੰ ਬੜੀ ਨਿਰਾਸ਼ ਆਵਾਜ਼ ਵਿਚ ਕਹਿਣ ਲੱਗੀ, ‘ਉਨ੍ਹਾਂ ਦੀ ਤੇ ਅੱਜ ਕੱਟੀ ਚੁੰਘ ਗਈ ਏ।’

ਸੁਣਦਿਆਂ ਸਾਰ ਭੂਆ ਬੇਵਸੀ ਵਿਚ ਬੋਲ ਉਠੀ, ‘ਬਸ ! ਲੱਗ ਗਈ ਅੱਗ ਹੁਣ ਸਾਰੇ ਪਿੰਡ ਨੂੰ ! ਔਤਰਾ ਓਹੀਓ ਦੁੱਧ, ਜਿਨੂੰ ਕੁੱਤੇ ਨਹੀਂ ਕਬੂਲਦੇ, ਅਜ ਕਾਲ ਪੈ ਗਿਆ ਏ। ਮੁੰਡਾ ਆਖੇਗਾ ਕਿਹੇ ਚੰਦਰੇ ਘਰ ਆ ਵੜਿਆ ਵਾਂ ਜੁ ਦੁੱਧ ਦੀ ਛਿਟ ਵੀ ਨਹੀਂ ਜੁੜਦੀ।’

ਤੇ ਉਹ ਸ਼ਰਮਿੰਦਗੀ ਤੇ ਰਹਿਮ ਭਰੇ ਭਾਵਾਂ ਨਾਲ ਮੇਰੀ ਪਿੱਠ ਦੇ ਉਤੇ ਹੱਥ ਫੇਰਦੀ ਹੋਈ ਬੋਲੀ, ‘ਤੇ ਕਾਕਾ ਭੁੱਖਾ ਈ ਸਵੇਂਗਾ ਹੁਣ ? ਹਾਏ ਮਾਂ ਸਦਕੇ। ਕਿਹਾ ਰਮਾਣ ਪਿਆ ਲਗਦਾ ਏ ਮੈਨੂੰ।’ ਪਰ ਮੈਂ ਭੁੰਜੇ ਡੁੱਲ੍ਹੇ ਹੋਏ ਦੁੱਧ ਵੱਲ ਤੱਕਦਾ ਹੋਇਆ ਦਿਲ ਵਿਚ ਕਹਿ ਰਿਹਾ ਸਾਂ, ‘ਭਲਾ ਹੋਇਆ ਮੇਰਾ ਚਰਖਾ ਟੁੱਟਾ ਜਿੰਦ ਅਜਾਬੋਂ ਛੁੱਟੀ।’

# ਕਾਵਿ ਸੰਸਾਰ

## ਜੀਵਨ ਵਾਲਾ ਸੂਰਜ

ਲਖਵਿੰਦਰ ਸਿੰਘ ਲੱਖਾ ਸਲੇਮਪੁਰੀ
+447438398345

ਜੀਵਨ ਵਾਲਾ ਸੂਰਜ ਢਲ਼ਦਾ ਜਾ ਰਿਹਾ।
ਮੇਰੇ ਦਿਲ ਦਾ ਸੁਪਨਾ ਫ਼ਲਦਾ ਜਾ ਰਿਹਾ।
ਦਾਹੜੀ ਵਿੱਚ ਰਤਨ ਕੀ ਚਿੱਟੇ ਆ ਗਏ।
ਅੱਖਰ ਮੇਰੇ ਵਿਸ਼ਵ ਤੇ ਹਨ ਛਾਅ ਗਏ।
ਦਿਨੋਂ ਦਿਨ ਹੈ ਘਟਦੇ ਜਾਂਦੇ ਸਾਹ ਜੀਓ।
ਐਪਰ ਪਿਆ ਬੁਲੰਦੀ ਵਾਲੇ ਰਾਹ ਜੀਓ।
ਭੇਜਿਆ ਮੈਨੂੰ ਵਿੱਚ ਵਲੈਤ ਹੈ ਅੱਖਰਾਂ ਨੇ।
ਇਸ ਤੋਂ ਉੱਪਰ ਹੋਰ ਕੀ ਲੈਣਾ ਫ਼ੱਕਰਾਂ ਨੇ।
ਜਿੰਦ ਹੈ ਮੁੱਕਣੀ ਜੀਂਦੇ ਲੋਕਾਂ ਨਾ ਪੁੱਛਣਾ।
ਹੋਣਾ ਤਦ ਮਸ਼ਹੂਰ ਜਦੋਂ ਚਹੁੰ ਨੇ ਚੁੱਕਣਾ।
ਜਿਉਂਦੇ ਦੀ ਨਾ ਕਦਰ ਜੱਗ ਦੀ ਰੀਤੀ ਏ।
ਬੱਸ ਮੜ੍ਹੀਆਂ ਦੀ ਮਿੱਟੀ ਨਾਲ ਪਰੀਤੀ ਏ।
ਮੈਂ ਤੇ ਯਾਰੋ ਅਮਰ ਜਿਉਂਦੇ ਜੀਅ ਹੋਇਆ।
ਫ਼ੱਕਰ ਲੋਕੀਂ ਜਾਨਣ ਕਿੰਝ ਤੇ ਕੀ ਹੋਇਆ।
'ਲੱਖੇ' ਸਲੇਮਪੁਰੀ ਤਾਂ ਜਨਮ ਹੰਢਾ ਜਾਣਾ।
ਪਤਾ ਨਹੀਂ ਗੁੰਮ ਹੋਣਾ ਹੈ ਕਿ ਛਾਅ ਜਾਣਾ।

## ਤੰਦਾਂ....

ਸਾਇਰ ਭੱਟੀ

ਸਿਰ ਤੇ ਹੱਥ ਸੀ ਜਦ ਤੱਕ ਵੱਡੇ ਬਾਈ ਦਾ
ਸਾਰੀਆਂ ਰੀਝਾਂ ਨੂੰ ਸੀ ਰੱਜ ਪੁਗਾਈਦਾ
ਛੋਟੀ ਚਾਚੀ ਨਿਸ ਦਿਨ ਜੂੜਾ ਕਰਦੀ ਸੀ
ਰਾਜ ਦੁਲਾਰਾ ਸਾਂ ਮੈਂ ਤਾਏ ਤਾਈ ਦਾ।
ਯਾਰਾਂ ਦਾ ਸੀ ਅੱਡਾ ਮਿਲਣ ਦਾ ਇੱਕ ਪੱਕਾ
ਦਾਣੇ ਲੈ ਕੇ ਭੱਠੀ ਤੇ ਸੀ ਜਾਈਦਾ
ਵੱਡਾ ਵੀਰ ਵੀ ਬਾਪੂ ਵਰਗਾ ਲੱਗਦਾ ਸੀ
ਰੁਤਬਾ ਮਾਂ ਵਰਗਾ ਸੀ ਹਰ ਭਰਜਾਈ ਦਾ।
ਜਿਹੜੀ ਚੀਜ ਖਰੀਦੀ ਹੁੰਦੀ ਆੜੀ ਨੇ
ਉਸਤੇ ਆਪਣਾ ਪੂਰਾ ਹੱਕ ਜਤਾਈ ਦਾ
ਜਨਮ ਘਰਾਂ ਵਿਚ ਹੀ ਹੁੰਦੇ ਸੀ ਬਾਲਾਂ ਦੇ
ਨਰਸਾਂ ਨਾਲੋਂ ਵੱਧ ਰੁਤਬਾ ਸੀ ਦਾਈ ਦਾ
ਅੰਮ੍ਰਿਤ ਵਾਂਗੂੰ ਪਾਕ ਪਵਿੱਤਰ ਦਿਲ ਸਭ ਦੇ
ਉੱਚਾ ਸੁੱਚਾ ਰਿਸ਼ਤਾ ਪੱਗ ਵਟਾਈ ਦਾ
ਕੁੜੀਆਂ ਹੱਥੀਂ ਲਿਖਿਆ ਹੁੰਦਾ ਸੀ 'ਹੀਰਾਂ'
ਮੁੰਡਿਆਂ ਹੱਥੀਂ ਸੀ ਰਾਂਝਾ ਖੁਣਵਾਈਦਾ
ਕਿੱਸਾਕਾਰਾਂ ਦੇ ਸੀ ਕਿੱਸੇ ਯਾਦ ਬੜੇ
ਬਾਤ ਵਫਾ ਦੀ ਸੀ ਤੇ ਜਿਕਰ ਜੁਦਾਈ ਦਾ
ਡਰ ਦਾ ਨਹੀਂ ਸੀ ਪਹਿਰਾ ਬਸ ਬੇਖੌਫੀ ਸੀ
ਮਾਣ ਬੜਾ ਸੀ ਹੁੰਦਾ ਅੰਮੀ ਜਾਈ ਦਾ
ਕੁੱਲ ਧਰਤ ਹੀ ਜੰਨਤ ਵਰਗੀ ਦਿਖਦੀ ਸੀ
ਇਕ ਦੂਏ ਹੱਥੋਂ ਸੀ ਭੱਟੀ ਖਾਈਦਾ।

## ਵੱਖਰੀ ਪਹਿਚਾਣ ਦਾ ਸਫਰ

ਰਣਦੀਪ ਸਿੰਘ ਆਹਲੂਵਾਲੀਆ



ਵੱਖਰੀ
ਪਹਿਚਾਣ ਦਾ ਸਫਰ
ਪਤਾ ਨਹੀਂ ਲੱਗਦਾ
ਕਦ ਜਿੰਮੇਵਾਰੀਆਂ ਦੇ
ਰਾਹ ਪੈ ਜਾਂਦੈ
ਆਮਦਨ ਤੇ ਕਿਸ਼ਤਾਂ 'ਚ
ਤਾਲਮੇਲ ਬਿਠਾਉਣ ਜੋਗਾ
ਰਹਿ ਜਾਂਦੈ
ਇਸੇ ਕਸ਼ਮਕਸ਼ 'ਚ
ਨਾ-ਚਾਹੁੰਦਿਆਂ
ਬਹੁਤ ਸਹਿ ਜਾਂਦੈ
ਬੇਪ੍ਰਵਾਹੀ ਦਾ ਰੌਂਅ
ਗੰਭੀਰ ਮੁਦਰਾ 'ਚ
ਲਹਿ ਜਾਂਦੈ
'ਕੱਲੇ ਬੈਠਿਆਂ
ਮਨ 'ਚ ਘੁੰਮਦੀ
ਖਿਆਲਾਂ ਦੀ ਲੜੀ
ਵਕਤ ਬਿਨ ਬੋਲਿਆਂ
ਬਹੁਤ ਕੁਝ ਕਹਿ ਜਾਂਦੈ

## ਜ਼ਿੰਦਗੀ ਦੀ ਖੇਡ...

ਗਗਨਦੀਪ ਸਿੰਘ ਸਰਾਂ
ਮੋ. 9814510030

ਜ਼ਿੰਦਗੀ ਦੀ ਖੇਡ..
ਉਦੋਂ ਔਖੀ ਜਾਪਦੀ ਹੈ,
ਜਦੋਂ ਆਪਣੇ ਹੀ ਵਿਰੋਧੀ
ਬਣ ਜਾਂਦੇ ਨੇ।
ਭਾਵੇਂ ਰਿਸ਼ਤੇ, ਮੁਹੱਬਤ ਜਾਂ ਯਾਰ ਹੋਵੇ।
ਜਦੋਂ ਟੁੱਟਦਾ ਹੈ ਦਿਲ
ਫਿਰ ਮੌਸਮ ਵਾਂਗ ਬਦਲਦੇ
ਦਿਲ ਦੇ ਖਿਆਲ
ਅਟਕ ਜਾਂਦੇ ਹਨ
ਉਸੇ ਥਾਂ 'ਤੇ
ਜਿੱਥੇ ਉਸਦੇ ਆਪਣੇ
ਮਨ ਦੀਆਂ ਪੈੜਾਂ ਨੂੰ ਰੋਕ ਜਾਂਦੇ ਨੇ।
ਵਿਛੋੜੇ ਦਾ ਤੋੜਿਆ ਮਨ
ਫਿਰ ਮਚਾਉਂਦਾ ਹੈ ਤਰਥੱਲੀ
ਘੇਰ -ਘੇਰ ਲਿਆਉਂਦਾ ਦੁੱਖਾਂ ਨੂੰ
ਤੋੜਦਾ ਹੈ ਮਾਨਸਿਕ ਤੌਰ 'ਤੇ
ਤੇ ਝੱਲਣੀ ਪੈਂਦੀ ਹੈ ਮਾਰ ਸਰੀਰ ਨੂੰ
ਦਿਲ ਦੇ ਇਸ ਡੂੰਘੇ ਵਾਰ ਨੂੰ
ਕੋਈ ਦੇਹ ਝੱਲ ਜਾਂਦੀ ਹੈ
ਤੇ ਮੁੜ ਲੱਭ ਲੈਂਦੀ ਹੈ
ਨਵਾਂ ਢੰਗ ਜਿਓਣ ਦਾ
ਜਾਂ ਫਿਰ ਨਵਾਂ ਰਿਸ਼ਤਾ।
ਕਿਸੇ ਸਰੀਰ ਲਈ ਇਸ ਪੀੜ ਦਾ
ਇਲਾਜ ਲਾ-ਇਲਾਜ ਹੋ ਜਾਂਦਾ
ਤਾਂ ਕੋਈ ਜਿਊਂਦੀ ਲਾਸ਼ ਬਣ ਜਾਂਦਾ
ਤੇ ਕੋਈ ਜਿਉਣ ਦੀ ਆਸ
ਛੱਡ ਮੁਕਤੀ ਪੈ ਜਾਂਦਾ ਹੈ।
'ਦੀਪ' ਜੇ ਬਚਣਾ ਇਸ ਔਖੀ ਖੇਡ ਤੋਂ
ਤਾਂ ਭੁਲੇਖਾ ਕੱਢ ਦੇ ਮਨ ਆਪਣੇ ਦਾ
ਇੱਥੇ ਕੋਈ, ਨਾ ਕਿਸੇ ਦਾ ਏ
ਸਭ ਰਿਸ਼ਤੇ ਨਾਤੇ ਮਤਲਬ ਦੇ ਨੇ।

## ਕਲਮਾਂ ਵਾਲਿਉ ਤੇ ਕਲਾਕਾਰੋ



ਸੁਖ ਬਰਾੜ

ਕਲਮਾਂ ਵਾਲਿਉ ਤੇ ਕਲਾਕਾਰੋ,
ਦੇਸ ਪੰਜਾਬ ਨੂੰ ਪਾਰ-ਉਤਾਰੋ।
ਨਸ਼ੇ ਹਥਿਆਰ ਬੜੇ ਲਿਖ-ਗਾ ਲਏ
ਹੁਣ ਕੁਝ ਹਾਅ ਦਾ ਨਾਹਰਾ ਮਾਰੋ।
ਖੜ੍ਹ ਕੇ ਸ਼ੀਸ਼ੇ ਮੂਹਰੇ ਪੁੱਛਿਓ ਜ਼ਰਾ ਸੁਆਲ ਇਹ ਸ਼ਕਲਾਂ ਨੂੰ।
ਸੋਚੋ ਕਿਹੜੇ ਰਾਹ ਪਾ ਚੱਲੇ ਆਉਣ ਵਾਲ਼ੀਆਂ ਨਸਲਾਂ ਨੂੰ!
ਸੋਚੋ ਕਿਉਂ ਗੁੰਮਰਾਹ ਕਰ ਚੱਲੇ ਆਉਣ ਵਾਲ਼ੀਆਂ ਨਸਲਾਂ ਨੂੰ !

ਕੁਝ ਚਿਰ ਭੁੱਲ ਕੇ ਲੱਕ ਦੀ ਮਿਣਤੀ।
ਕਰਿਉ ਖ਼ੁਦਕੁਸ਼ੀਆਂ ਦੀ ਗਿਣਤੀ।
ਧੀ ਮੁਟਿਆਰ ਨੇ ਕੋਰੀ ਸੱਧਰ ,
ਬਾਪ ਦੀ ਅਰਥੀ ਦੇ ਵਿੱਚ ਚਿਣਤੀ।
ਉੱਤੋਂ ਸ਼ਾਹੂਕਾਰ ਲੈ ਜਾਣਾ ਸਿਰ ਤੇ ਪੱਕੀਆਂ ਫਸਲਾਂ ਨੂੰ।
ਸੋਚੋ ਕਿਉਂ ਗੁੰਮਰਾਹ ਕਰ ਚੱਲੇ ਆਉਣ ਵਾਲ਼ੀਆਂ ਨਸਲਾਂ ਨੂੰ !

ਜੰਮ-ਜੰਮ ਗਾਉ ਜ਼ੁਲ਼ਫ਼ ਦੀਆਂ ਛਾਵਾਂ।
ਨੈਣਾਂ ਦੀਆਂ ਮਸਤ ਅਦਾਵਾਂ।
ਪਰ, ਚਿੱਤਰਿਓ ਪੁੱਤ ਨਸ਼ੇ ਵਿੱਚ ਡੁੱਬੇ,
ਉਲਝੇ ਵਾਲ ਵਿਲਕਦੀਆਂ ਮਾਵਾਂ।
ਰਲਕੇ ਦਿਉ ਲਾਸ਼ਾਂ ਨੂੰ ਮੋਢਾ ਪਾਸੇ ਰੱਖ ਕੇ ਰਫ਼ਲਾਂ ਨੂੰ।
ਸੋਚੋ ਕਿਉਂ ਗੁੰਮਰਾਹ ਕਰ ਚੱਲੇ ਆਉਣ ਵਾਲ਼ੀਆਂ ਨਸਲਾਂ ਨੂੰ !

ਲਿਖ-ਲਿਖ ਨਗਮੇ ਗੈਂਗ ਬਣਾਏ।
ਕਿਉਂ ਪਿਸਤੌਲ ਨੇ ਡੱਬ ਵਿੱਚ ਪਾਏ।
ਇਹ ਜੋ ਅੱਗ ਦਰਾਂ ਤੇ ਫਿਰਦੀ ,
ਸੇਕਣੇ ਪੈਣੇ ਘਰ ਮਚਾਏ।
ਹੁਣ ਕਿਹੜੇ ਖਾਤੇ ਪਾਈਏ ਅਰਮਾਨਾਂ ਦੇ ਕਤਲਾਂ ਨੂੰ।
ਸੋਚੋ ਕਿਉਂ ਗੁੰਮਰਾਹ ਕਰ ਚੱਲੇ ਆਉਣ ਵਾਲ਼ੀਆਂ ਨਸਲਾਂ ਨੂੰ !

ਫੋਕੇ ਪਾਣੀਆਂ ਨੂੰ ਨਾ ਪੁਣੀਏ।
ਚਲੋ! ਜ਼ਮੀਰਾਂ ਦੀ ਵੀ ਸੁਣੀਏ।
ਸੁੱਖ ਜੋ ਕੰਡੇ ਹੱਥੀਂ ਬੀਜੇ
ਰਲਕੇ ਪਲਕਾਂ ਦੇ ਨਾਲ ਚੁਣੀਏ।
ਨਹੀਂ ਤਾਂ ਲਾਹਣਤਾਂ ਪੈਣਗੀਆਂ ਇਹੋ ਜਿਹੀਆਂ ਅਕਲਾਂ ਨੂੰ।
ਸੋਚੋ ਕਿਉਂ ਗੁੰਮਰਾਹ ਕਰ ਚੱਲੇ ਆਉਣ ਵਾਲ਼ੀਆਂ ਨਸਲਾਂ ਨੂੰ !

## ਗ਼ਜ਼ਲ

ਸੁਰਜੀਤ ਪਾਤਰ

ਇਸ ਨਗਰੀ ਤੇਰਾ ਜੀ ਨਹੀਂ ਲੱਗਦਾ
ਇਸ ਨਗਰੀ ਤੇਰਾ ਜੀ ਨਹੀਂ ਲੱਗਦਾ
ਇਕ ਚੜ੍ਹਦੀ ਇਕ ਲਹਿੰਦੀ ਹੈ
ਤੈਨੂੰ ਰੋਜ਼ ਉਡੀਕ ਖਤਾਂ ਦੀ
ਸਿਖਰ ਦੁਪਹਿਰੇ ਰਹਿੰਦੀ ਹੈ।
ਇਕ ਖਤ ਆਵੇ ਧੁੱਪ ਦਾ ਲਿਖਿਆ
ਮਹਿੰਦੀ ਰੰਗੇ ਪੰਨੇ 'ਤੇ
ਤੇਰੇ ਵਿਹੜੇ ਬੂਟਾ ਬਣ ਕੇ
ਉਗ ਆਵਾਂ ਜੇ ਮੰਨੇ ਤੇ।
ਇਕ ਖਤ ਆਵੇ, ਜਿਸ ਤੇ ਹੋਵੇ
ਤੇਰਾ ਨਾਂ ਇਤਿਹਾਸ ਦਾ ਬੋਲ
ਤੇਰੀ ਰਚਨਾ ਦੀ ਵਡਿਆਈ
ਤੇਰੇ ਮਹਾ ਵਿਕਾਸ ਦਾ ਬੋਲ।
ਇਕ ਖਤ ਆਵੇ ਮਾਂ ਜਾਈ ਦਾ
ਬਾਂਝ ਵਿਯੋਗਣ ਰੁੱਤੇ ਵੀ
ਵੀਰਾ ਪੱਤ ਸ਼ਰੀਂਹ ਦੇ ਬੱਝ ਗਏ
ਮੇਰੇ ਬੂਹੇ ਉੱਤੇ ਵੀ।
ਇਹ ਖਤ ਆਵਣਗੇ ਤਾਂ ਆਖਰ
ਲਿਖ ਲਿਖ ਲੋਕੀਂ ਪਾਵਣਗੇ
ਤੇਰੇ ਚਾਹੇ ਖਤ ਨੇ ਐਪਰ
ਹੋਰ ਕਿਸੇ ਘਰ ਜਾਵਣਗੇ।
ਪਰ ਤੂੰ ਆਸ ਨਾ ਛੱਡੀ ਆਖਰ
ਤੈਨੂੰ ਵੀ ਖਤ ਆਵੇਗਾ
ਤੇਰਾ ਲਗਦਾ ਕੋਈ ਤਾਂ ਆਖਰ
ਲਿਖ ਲਿਖ ਚਿਠੀਆਂ ਪਾਵੇਗਾ।
ਖਤ ਆਵੇਗਾ ਰਾਤ ਬਰਾਤੇ
ਖਤ ਆਵੇਗਾ ਅੰਮੀ ਦਾ
ਪੁੱਤਰ ਇਉਂ ਨਹੀਂ ਭੁੱਲ ਜਾਈਦਾ
ਜਿਹੜੀ ਕੁੱਖੋਂ ਜੰਮੀ ਦਾ।
ਖੜਾ ਖੜੋਤਾ ਹਾਲ ਤਾਂ ਪੁੱਛ ਜਾ
ਬੁੱਢੀ ਜਾਨ ਨਿਕੰਮੀ ਦਾ
ਉਮਰਾਂ ਵਾਗੂੰ ਅੰਤ ਨੀ ਹੁੰਦਾ
ਕਿਤੇ ਉਦਾਸੀ ਲੰਮੀ ਦਾ।
ਖਤ ਆਵੇਗਾ ਬਹੁਤ ਕੁਵੇਲੇ
ਧਰਤੀਓਂ ਲੰਮੀ ਛਾਂ ਦਾ ਖਤ
ਚੁੱਪ ਦੇ ਸਫਿਆਂ ਉੱਤੇ ਲਿਖਿਆ
ਉਜੜੀ ਸੁੰਨ ਸਰਾਂ ਦਾ ਖਤ।
ਇਕ ਬੇਨਕਸ਼ ਖਿਲਾਅ ਦਾ ਲਿਖਿਆ
ਤੇਰੇ ਅਸਲੀ ਨਾਂ ਦਾ ਖਤ
ਲੋਕ ਕਹਿਣਗੇ ਕਬਰ ਦਾ ਖਤ ਹੈ
ਤੂੰ ਆਖੇਗਾ ਮਾਂ ਦਾ ਖਤ।
ਖਤ ਖੁੱਲੇਗਾ ਖਤ ਦੇ ਵਿੱਚੋਂ
ਹੱਥ ਉੱਠੇਗਾ ਸ਼ਾਮ ਜਿਹਾ
ਤੇਰੇ ਪਿੰਜਰ ਨੂੰ ਫੋਲੇਗਾ
ਬੇਕਿਰਕਾ ਬੇਰਾਮ ਜਿਹਾ।
ਤੇਰੇ ਅੰਦਰੋਂ ਪੰਛੀ ਉੱਡ ਉੱਡ
ਭਰ ਜਾਊ ਅਸਮਾਨ ਜਿਹਾ
ਜਿਹੜਾ ਕਦੀ ਨਹੀਂ ਸੀ ਉੱਠਿਆ
ਉਠੂ ਦਰਦ ਬੇਨਾਮ ਜਿਹਾ
ਪਰ ਉਸ ਪਿੱਛੋਂ ਤੱਪਦੀ ਰੂਹ ਨੂੰ
ਆ ਜਾਊ ਆਰਾਮ ਜਿਹਾ।
ਉਸ ਤੋਂ ਮਗਰੋਂ ਨਾ ਕੋਈ ਨਗਰੀ
ਨਾ ਕੋਈ ਸੰਝ ਸਵੇਰਾ ਹੈ
ਨਾ ਕੋਈ ਫੇਰ ਉਡੀਕ ਖਤਾਂ ਦੀ
ਨਾ ਕੋਈ ਤੂੰ ਨਾ ਤੇਰਾ ਹੈ।
ਇਸ ਨਗਰੀ ਤੇਰਾ ਜੀ ਨਹੀਂ ਲਗਦਾ
ਇਕ ਚੜਦੀ ਇਕ ਲਹਿੰਦੀ ਹੈ
ਤੈਨੂੰ ਰੋਜ਼ ਉਡੀਕ ਖਤਾਂ ਦੀ
ਸਿਖਰ ਦੁਪਹਿਰੇ ਰਹਿੰਦੀ ਹੈ।

## ਮਤਲਬੀ ਲੋਕ

ਦਿਲਬਾਗ ਸਿੰਘ ਖਹਿਰਾ (ਇਟਲੀ)
ਖਡੂਰ ਸਾਹਿਬ ਵਾਲਾ

ਬਹੁਤ ਯਾਰਾਨੇ ਲਾ ਕੇ ਵੇਖੇ,
ਲੋਕ ਬੜੇ ਅਜਮਾ ਕੇ ਵੇਖੇ।
ਮਤਲਬ ਕੱਢਕੇ ਭੱਜ ਕਿਉਂ ਜਾਂਦੇ,
ਮਨ ਨੇ ਸੁਆਲ ਉਠਾਕੇ ਵੇਖੇ।
ਲੋੜ ਵੇਲੇ ਤਾਂ ਭੱਜੇ ਆਉਂਦੇ,
ਸੱਤ ਸਮੁੰਦਰ ਗਾਹ ਕੇ ਵੇਖੇ।
ਗਰਜਾਂ ਪੂਰੀਆਂ ਬਹੁਤ ਮੈਂ ਕਰੀਆਂ,
ਪੈਸੇ ਬਹੁਤ ਗਵਾ ਕੇ ਵੇਖੇ।
ਕਈ ਤਾਂ ਬਾਹਲਾ ਹੱਕ ਜਤਾਉਂਦੇ,
ਹਾਰ ਉਨ੍ਹਾਂ ਗਲ਼ ਪਾ ਕੇ ਵੇਖੇ।
ਲੋੜ ਵੇਲੇ ਮੈਂ ਬਹੁਤ ਬੁਲਾਇਆ,
ਟੱਲੀ ਵਾਂਗ ਟਣਕਾ ਕੇ ਵੇਖੇ।
ਫੋਨ ਬੰਦ ਹੀ ਕਰ ਲੈਂਦੇਂ ਨੇ,
ਹਾਰਨ ਬੜੇ ਵਜਾ ਕੇ ਵੇਖੇ।
ਘੁਲਦਾ ਨਹੀਂ ਭਲਵਾਨ ਨਹੀਂ ਮੈਂ,
ਪਰ ਜਿਹੜੇ ਬਣਦੇ ਢਾਹ ਕੇ ਵੇਖੇ।
ਬਹੁਤੀ ਭੀੜ ਤੋਂ ਥੋੜ੍ਹੇ ਚੰਗੇ,
ਜਿਨ੍ਹਾਂ ਕਦਮ ਮਿਲਾ ਕੇ ਵੇਖੇ।
ਵਕਤ ਤਾਂ ਪਰਖ ਕਰਵਾ ਦਿੰਦਾ ਏ,
ਦਿਲਬਾਗ ਨੇ ਨਬਜ ਦਬਾ ਕੇ ਵੇਖੇ।

## ਮੇਰੀ ਗੁੱਡੀ

ਕੁਲਵਿੰਦਰ ਕੌਰ ਸੈਣੀ

ਉਹ ਮੇਰੀ ਪਿਆਰੀ ਗੁੱਡੀ
ਲੱਗੇ ਸਭ ਤੋਂ ਨਿਆਰੀ ਗੁੱਡੀ,
ਹੱਸਦੀ ਖੇਡਦੀ ਛਮ ਛਮ ਕਰਦੀ
ਵਿਹੜੇ ਮਾਰੇ ਕਿਲਕਾਰੀ ਗੁੱਡੀ।
ਲਾਲ ਸੂਹਾ ਸੂਟ ਹੈ ਪਾਇਆ
ਮੱਥਾ ਟਿੱਕੇ ਨਾਲ ਸਜਾਇਆ,
ਸੋਹਰੇ ਚੱਲੀ ਕੱਲਮ ਕੱਲੀ
ਇਹ ਕੈਸੀ ਕੁਦਰਤ ਦੀ ਮਾਇਆ,
ਅੱਖਾਂ ਰੋ-ਰੋ ਹੰਝੂ ਕੇਰੇ
ਦਿੱਸੇ ਅੱਜ ਵਿਚਾਰੀਂ ਗੁੱਡੀ,
ਉਹ ਮੇਰੀ ਪਿਆਰੀ ਗੁੱਡੀ
ਲੱਗੇ ਸਭ ਤੋਂ ਨਿਆਰੀ ਗੁੱਡੀ।
ਨਵੇਂ ਲੋਕ ਨਵਾਂ ਸੀ ਘਰ
ਅੰਦਰ ਬੈਠਿਆ ਸੀ ਇਕ ਡਰ,
ਮਾਂ ਦੀ ਗੁੱਡੀ ਵੱਡੀ ਹੋ ਗਈ
ਕੀ ਲਵੇਗੀ ਦਿਲਾਂ ਨੂੰ ਸਰ,
ਸੋਹਰੇ ਜੇ ਮਾਪੇ ਹੋ ਜਾਵਣ
ਕਦੇ ਨਾ ਆਖਾਂ ਹਾਰੀ ਗੁੱਡੀ,
ਉਹ ਮੇਰੀ ਪਿਆਰੀ ਗੁੱਡੀ
ਲੱਗੇ ਸਭ ਤੋਂ ਨਿਆਰੀ ਗੁੱਡੀ।

## ਗ਼ਜ਼ਲ

ਜਗਤਾਰ ਪੱਖੋਂ

ਧੂਣੀ ਬਣ ਮਜਬੂਰੀ, ਧੁਖਦੀ ਵੇਖੀ ਮੈਂ।
ਇਕ ਮਜ਼ਦੂਰਨ ਰੋੜੀ, ਕੁਟਦੀ ਵੇਖੀ ਮੈ।
ਓਸ ਕੁੜੀ ਦੇ ਬੋਲਾਂ ਵਿੱਚ, ਜੋ ਸ਼ਿੱਦਤ ਸੀ,
ਕਵਿਤਾ ਮੂੰਹੋਂ ਕਵਿਤਾ, ਫੁਟਦੀ ਵੇਖੀ ਮੈਂ।
ਸਦੀਆਂ ਤੋਂ ਜਿੰਨਾ ਨਾਲ, ਸਾਂਝ ਪਕੇਰੀ ਸੀ,
ਪੈਸੇ ਖ਼ਾਤਰ ਯਾਰੀ, ਟੁਟਦੀ ਵੇਖੀ ਮੈਂ।
ਪੀਰ ਫ਼ਕੀਰਾਂ ਅਵਤਾਰਾਂ ਦੀ ਧਰਤੀ ਤੇ,
ਰੋਟੀ ਖ਼ਾਤਰ ਇੱਜਤ ਲੁਟਦੀ ਵੇਖੀ ਮੈਂ।
ਜਿਉਂਦਾ 'ਪੱਖੋ' ਅੱਖਾਂ ਵਿੱਚ ਰੜਕਦਾ ਸੀ,
ਰੁਖ਼ਸਤ ਹੋਇਆ ਦੁਨੀਆਂ ਝੁਕਦੀ ਵੇਖੀ ਮੈਂ।



# ਅਜਨਬੀ

ਭਾਗ -8

## ਅਲਬੇਅਰ ਕਾਮੂ



ਅਨੁਵਾਦ : ਮਹਿੰਦਰ ਬੇਦੀ, ਜੈਤੋ

### ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਚਲੋ ਖ਼ੈਰ, ਏਨਾ ਜ਼ਰੂਰ ਏ ਕਿ ਫ਼ੈਸਲਾ ਦਿੱਤੇ ਜਾਣ ਦੇ ਛਿਣ ਤੋਂ ਈ ਉਸਦੇ ਸਿੱਟੇ ਤੇ ਪ੍ਰਤੀਕ੍ਰਿਆ ਏਨੀ ਠੋਸ, ਸਪੱਸ਼ਟ ਤੇ ਤਿੱਖੇ ਰੂਪ ਵਿਚ ਸਾਹਮਣੇ ਆਏ ਕਿ ਮੈਂ ਉਨ੍ਹਾਂ ਨੂੰ ਪਛਾਣੇ ਬਿਨਾਂ ਨਹੀਂ ਰਿਹਾ ਤੇ ਸਾਕਾਰ ਇਸ ਰੂਪ ਵਿਚ ਦੇਖਣ ਲੱਗਾ ਜਿਵੇਂ ਇਸ ਕੰਧ ਨੂੰ ਦੇਖਦਾ ਹਾਂ, ਜਿਸ ਨਾਲ ਢੋਅ ਲਾਈ ਬੈਠਾ ਹਾਂ।

ਜਦੋਂ ਇਸ ਤਰ੍ਹਾਂ ਦੇ ਵਿਚਾਰ ਦਿਮਾਗ਼ ਵਿਚ ਆ ਰਹੇ ਸਨ ਤਾਂ ਪਿਤਾ ਜੀ ਦੀ ਇਕ ਕਹਾਣੀ ਯਾਦ ਆ ਗਈ। ਮੈਂ ਤਾਂ ਕਦੀ ਉਨ੍ਹਾਂ ਨੂੰ ਅੱਖਾਂ ਨਾਲ ਦੇਖਿਆ ਨਹੀਂ, ਮਾਂ ਈ ਸੁਣਾਉਂਦੀ ਹੁੰਦੀ ਸੀ। ਵੈਸੇ ਵੀ ਮਾਂ ਦੇ ਮੂੰਹੋਂ ਜੋ ਕੁਝ ਸੁਣਿਆਂ ਏ, ਉਨ੍ਹਾਂ ਬਾਰੇ ਓਨਾ ਈ ਜਾਣਦਾ ਹਾਂ। ਉਸੇ ਸੁਣੇ ਹੋਏ ਵਿਚ ਏ-ਇਕ ਵਾਰੀ ਉਹ ਕਿਸੇ ਹੱਤਿਆਰੇ ਨੂੰ ਫਾਂਸੀ ਲੱਗਦੀ ਦੇਖਣ ਗਏ। ਬਾਅਦ ਵਿਚ ਤਾਂ ਉਸ ਬਾਰੇ ਸੋਚ ਕੇ ਈ ਉਨ੍ਹਾਂ ਨੂੰ ਉਲਟੀ ਆ ਜਾਂਦੀ ਸੀ, ਪਰ ਉੱਥੇ ਉਨ੍ਹਾਂ ਸ਼ੁਰੂ ਤੋਂ ਅਖ਼ੀਰ ਤੱਕ ਦੇਖਿਆ ਸੀ ਤੇ ਆਉਂਦੇ ਈ ਬੁਰੀ ਤਰ੍ਹਾਂ ਬਿਮਾਰ ਹੋ ਗਏ ਸਨ। ਉਨ੍ਹੀਂ ਦਿਨੀਂ ਮੈਨੂੰ ਪਿਤਾ ਜੀ ਦੀ ਇਹ ਗੱਲ ਬੜੀ ਬੇਹੂਦੀ ਲੱਗਦੀ ਸੀ। ਪਰ ਹੁਣ ਸਮਝ ਵਿਚ ਆਇਆ ਕਿ ਉਹ ਗੱਲ ਕਿੰਨੀ ਸੁਭਾਵਕ ਸੀ। ਕਿੰਜ ਉਸ ਸਮੇਂ ਇਹ ਗੱਲ ਮੇਰੇ ਦਿਮਾਗ਼ ਵਿਚ ਨਹੀਂ ਸੀ ਵੜੀ ਕਿ ਸਰੇ-ਆਮ ਫਾਂਸੀ ਲੱਗਣ ਨਾਲੋਂ ਵੱਧ ਮਹੱਤਵਪੂਰਨ ਗੱਲ ਦੁਨੀਆਂ ਵਿਚ ਹੋਰ ਕਿਹੜੀ ਹੋਵੇਗੀ ? ਤੇ ਇਹ ਕਿ ਜੇ ਇਕ ਨਜ਼ਰ ਨਾਲ ਦੇਖਿਆ ਜਾਵੇ ਤਾਂ ਇਹੀ ਇਕ ਚੀਜ਼ ਏ, ਜਿਸ ਵਿਚ ਆਦਮੀ ਦੀ ਸੱਚੀ ਦਿਲਚਸਪੀ ਹੋ ਸਕਦੀ ਏ। ਤੇ ਤੁਰੰਤ ਮੈਂ ਇਹ ਤੈਅ ਕਰ ਲਿਆ ਕਿ ਜੇ ਕਦੀ ਜੇਲ੍ਹ 'ਚੋਂ ਛੁੱਟਿਆ ਤਾਂ ਜਿੱਥੇ-ਜਿੱਥੇ ਵੀ ਫਾਂਸੀ ਲੱਗੇਗੀ ਜ਼ਰੂਰ ਦੇਖਣ ਜਾਵਾਂਗਾ। ਪਰ ਛੁੱਟਣ ਦੀ ਇਸ ਸੰਭਾਵਨਾ ਬਾਰੇ ਸੋਚਣਾ ਈ ਸਭ ਤੋਂ ਵੱਡੀ ਬੇਵਕੂਫ਼ੀ ਸੀ। ਮੈਂ ਕਲਪਨਾ ਕਰਨ ਲੱਗਾ ਜਿਵੇਂ ਮੈ ਸੁਤੰਤਰ ਆਦਮੀ ਹਾਂ ਤੇ ਪੁਲਿਸ ਦੀ ਦੋਹਰੀ ਲਾਈਨ ਦੇ ਪਿੱਛੇ ਯਾਨੀ ਖ਼ਤਰੇ ਤੋਂ ਬਾਹਰ ਸੁਰੱਖਿਅਤ ਜਗ੍ਹਾ 'ਤੇ ਖੜ੍ਹਾ ਫਾਂਸੀ ਦੇ ਦ੍ਰਿਸ਼ ਨੂੰ ਦੇਖ ਰਿਹਾ ਹਾਂ। ਇਸ ਵਿਚਾਰ ਨਾਲ ਈ ਮੇਰਾ ਮਨ ਆਨੰਦ ਤੇ ਖ਼ੁਸ਼ੀ ਨਾਲ ਭਰ ਗਿਆ ਕਿ ਮੈਂ ਵੀ ਤਮਾਸ਼ਾ ਦੇਖਣ ਆਏ ਸੈਂਕੜੇ ਦਰਸ਼ਕਾਂ ਵਿਚੋਂ ਇਕ ਹਾਂ ਤੇ ਨਿੱਡਰ ਭਾਵ ਨਾਲ ਘਰ ਜਾ ਕੇ ਜ਼ਰੂਰ ਉਲਟੀਆਂ ਕਰ ਸਕਦਾ ਹਾਂ। ਪਰ ਇੰਜ ਕਲਪਨਾ ਦੇ ਘੋੜੇ ਦੀਆਂ ਲਗਾਮਾਂ ਢਿੱਲੀਆਂ ਛੱਡਣ ਨਾਲ ਕੀ ਹੱਥ ਆਉਣ ਵਾਲਾ ਸੀ ? ਸ਼ੁੱਧ ਸ਼ੇਖ ਚਿੱਲੀਪੁਣਾ ਸੀ। ਸੋ ਕੁਝ ਚਿਰ ਬਾਅਦ ਈ ਮੈਨੂੰ ਕਾਂਬਾ ਛਿੜ ਪਿਆ। ਕੱਸ ਕੇ ਚਾਰੇ ਪਾਸੇ ਕੰਬਲ ਲਪੇਟ ਲਿਆ। ਪਰ ਦੰਦ ਇਸ ਤਰ੍ਹਾਂ ਵੱਜ ਰਹੇ ਸਨ ਕਿ ਰੁਕਣ ਦਾ ਨਾਂ ਈ ਨਹੀਂ ਸੀ ਲੈਂਦੇ ਪਏ।

ਫੇਰ ਵੀ ਇਹ ਜੱਗ-ਜ਼ਾਹਰ ਗੱਲ ਏ ਕਿ ਆਦਮੀ ਹਮੇਸ਼ਾ ਅਕਲਮੰਦ ਬਣਿਆ ਨਹੀਂ ਰਹਿੰਦਾ। ਸ਼ੇਖ ਚਿੱਲੀ ਵਾਲੀਆਂ ਜੋ-ਜੋ ਗੱਲਾਂ ਮੈਂ ਸੋਚਦਾ ਹੁੰਦਾ ਸੀ, ਉਨ੍ਹਾਂ ਵਿਚ ਇਕ ਇਹ ਵੀ ਸੀ ਕਿ ਮੈਂ ਨਵੇਂ-ਨਵੇਂ ਕਾਨੂੰਨ ਬਣਾ ਕੇ ਸਾਰੀਆਂ ਸਜ਼ਾਵਾਂ ਬਦਲ਼ ਦਿਆਂਗਾ। ਮੇਰੇ ਹਿਸਾਬ ਨਾਲ ਸਭ ਤੋਂ ਵੱਡੀ ਜ਼ਰੂਰਤ ਇਕ ਗੱਲ ਦੀ ਸੀ ਤੇ ਉਹ ਇਹ ਕਿ ਅਪਰਾਧੀ ਨੂੰ ਘੱਟੋ-ਘੱਟ ਇਕ ਮੌਕਾ ਤਾਂ ਜ਼ਰੂਰ ਈ ਦਿੱਤਾ ਜਾਣਾ ਚਾਹੀਦਾ ਏ। ਉਹ ਮੌਕਾ ਭਾਵੇਂ ਕਿੰਨਾ ਵੀ ਮੋਇਆ-ਮੁੱਕਿਆ ਹੋਵੇ। ਪਰ ਹਜ਼ਾਰਾਂ ਵਿਚੋਂ ਇਕ ਮੌਕਾ ਤਾਂ ਬਚਣ ਦਾ ਉਸਨੂੰ ਮਿਲਣਾ ਈ ਚਾਹੀਦਾ ਏ। ਮੰਨ ਲਓ ਕਿਸੇ ਦਵਾ ਜਾਂ ਦਵਾਈ ਦਾ ਮਿਸ਼ਰਨ ਏ, ਨੌਂ ਸੌ ਨੜਿਨਵੇਂ ਵਾਰ 'ਮਰੀਜ਼' ਦੀ (ਮੈਂ ਅਪਰਾਧੀ ਨੂੰ ਮਰੀਜ਼ ਮੰਨ ਕੇ ਈ ਚੱਲਦਾ ਹਾਂ) ਦੀ ਜਾਨ ਲੈ ਸਕਦਾ ਏ-ਤੇ ਇਸ ਗੱਲ ਨੂੰ 'ਮਰੀਜ਼' ਵੀ ਚੰਗੀ ਤਰ੍ਹਾਂ ਜਾਣਦਾ ਏ ਕਿ ਦਵਾਈ ਖਾ ਕੇ ਉਹ ਜਿਊਂਦਾ ਨਹੀਂ ਬਚੇਗਾ। ਹੁਣ ਇਸ ਵਿਚ ਵੀ ਕਿਤੇ ਨਾ ਕਿਤੇ, ਜ਼ਰਾ ਜਿੰਨੀ ਉਮੀਦ ਜਾਂ ਬਚ ਨਿਕਲਣ ਦੇ ਮੌਕੀ ਦੀ ਸੰਭਾਵਨਾ ਤਾਂ ਹੈ ਈ। ਪਰ ਇਸ 'ਗਿਲੋਟਿਨਬਾਜ਼ੀ' ਬਾਰੇ ਮੈਂ ਨਿੱਠ ਕੇ ਕਾਫੀ ਸੋਚ ਵਿਚਾਰ ਕੀਤੀ ਤਾਂ ਦੇਖਿਆ ਕਿ ਇਸ ਵਿਚ ਤਾਂ ਮੌਤ ਦੀ ਸਜ਼ਾ ਵਾਲੇ ਆਦਮੀ ਨੂੰ ਕਿਤੇ ਰੱਤੀ ਭਰ ਵੀ ਕੋਈ ਮੌਕਾ ਨਜ਼ਰ ਨਹੀਂ ਆਉਂਦਾ। ਇਹੀ ਇਸਦੀ ਸਭ ਤੋਂ ਵੱਡੀ ਖ਼ਰਾਬੀ ਏ। ਇੱਥੇ ਤਾਂ ਸਭ ਕੁਝ ਪਹਿਲਾਂ ਈ ਤੈਅ ਕੀਤਾ ਹੁੰਦਾ ਏ ਤੇ ਇਹ ਮੰਨ ਕੇ ਚੱਲਿਆ ਜਾਂਦਾ ਏ ਕਿ ਭਾਵੇਂ ਚੰਦ-ਸੂਰਜ ਟਲ਼ ਜਾਣ ਪਰ 'ਮਰੀਜ਼' ਦੀ ਮੌਤ ਨਹੀਂ ਟਲ਼ ਸਕਦੀ। ਮੰਨ ਲਓ ਕਿਸੇ ਵਾਰੀ ਸੰਯੋਗ ਨਾਲ ਟੋਕਾ ਕੰਮ ਨਾ ਕਰੇ ਤਾਂ ਜੱਲਾਦ ਦੁਬਾਰਾ ਚਲਾਉਣਗੇ। ਇਸ ਤਰ੍ਹਾਂ ਨਤੀਜਾ ਇਹ ਨਿਕਲਿਆ ਕਿ ਕੁਦਰਤ ਦੇ ਭਾਵੇਂ ਕਿੰਨਾ ਈ ਖ਼ਿਲਾਫ਼ ਜਾਂਦਾ ਹੋਵੇ, ਪਰ ਮਰਨ ਵਾਲੇ ਨੂੰ ਇਹ ਮੰਨ ਕੇ ਈ ਚੱਲਣਾ ਚਾਹੀਦਾ ਏ ਕਿ ਮਸ਼ੀਨ ਠੀਕ-ਠਾਕ ਕੰਮ ਕਰ ਰਹੀ ਏ ਤੇ ਉਸ ਵਿਚ ਕਿਤੇ ਕੋਈ ਗੜਬੜ ਨਹੀਂ। ਮੇਰੇ ਖ਼ਿਆਲ ਵਿਚ ਇਹ ਇਸ ਤਰੀਕੇ ਦੀ ਖ਼ਾਮੀ ਏ। ਉਂਜ ਦੇਖਣ ਵਿਚ ਮੇਰੀ ਗੱਲ ਖਾਸੀ ਵਜ਼ਨਦਾਰ ਵੀ ਏ। ਪਰ ਦੂਜੇ ਪੱਖ ਤੋਂ ਦੇਖੀਏ ਤਾਂ ਇਸ ਨਾਲ ਇਸ ਤਰੀਕੇ ਦੀ ਨਿਰਦੋਸ਼ ਕੁਸ਼ਲਤਾ ਈ ਜ਼ਾਹਰ ਹੁੰਦੀ ਏ। ਤਾਂ ਸਭ ਮਿਲਾ ਕੇ ਅਸੀਂ ਇਸ ਨਤੀਜੇ 'ਤੇ ਪਹੁੰਚੇ ਕਿ ਫਾਂਸੀ ਲੱਗਣ ਵਾਲੇ ਆਦਮੀ ਨੂੰ ਆਪਣੇ ਮਰਨ ਵਿਚ ਮਾਨਸਿਕ ਰੂਪ ਵਿਚ ਸਹਿਯੋਗ ਦੇਣਾ ਈ ਚਾਹੀਦਾ ਏ ਤੇ ਉਸਦਾ 'ਹਿਤ' ਇਸੇ ਗੱਲ ਵਿਚ ਏ ਕਿ ਫਾਂਸੀ ਦੀ ਇਹ ਸਾਰੀ ਕਿਰਿਆ ਬਿਨਾਂ ਕਿਸੇ ਰੋਕ-ਰੁਕਾਵਟ ਤੋਂ ਪੂਰੀ ਹੋ ਜਾਵੇ।



ਦੂਜੀ ਗੱਲ ਮੈਨੂੰ ਇਹ ਸਵੀਕਾਰ ਕਰਨੀ ਪਈ ਕਿ ਅਜੇ ਤੀਕ ਇਸ ਬਾਰੇ ਵਿਚ ਮੇਰੀ ਜਾਣਕਾਰੀ ਬੜੀਆਂ ਗਲਤ-ਮਲਤ ਗੱਲਾਂ ਨਾਲ ਭਰੀ ਹੋਈ ਸੀ। ਕਾਰਨ ਨਹੀਂ ਜਾਣਦਾ ਪਰ ਮੈਂ ਤਾਂ ਹਮੇਸ਼ਾ ਇਹੀ ਸੋਚਦਾ ਹੁੰਦਾ ਸੀ ਕਿ ਪਹਿਲਾਂ ਪੌੜੀ ਰਾਹੀਂ ਮਚਾਨ 'ਤੇ ਚੜ੍ਹਾ ਦਿੰਦੇ ਨੇ, ਫੇਰ ਉੱਥੇ 'ਗਲੋਟਿਟ' ਨਾਲ ਗਲ਼ਾ ਕੱਟ ਦਿੱਤਾ ਜਾਂਦਾ ਏ। 1789 ਦੀ ਰਾਜ-ਕ੍ਰਾਂਤੀ ਬਾਰੇ ਮੈਂ ਸਕੂਲ ਵਿਚ ਜੋ ਕੁਝ ਪੜ੍ਹਿਆ ਸੀ ਤੇ ਜਿਹੜੇ ਚਿੱਤਰ ਦੇਖੇ ਸੀ, ਸ਼ਾਇਦ ਉਸੇ ਆਧਾਰ 'ਤੇ ਇਹ ਖ਼ਿਆਲ ਮਨ ਨੂੰ ਜਚ ਗਿਆ ਸੀ। ਫੇਰ ਇਕ ਦਿਨ ਸਵੇਰੇ-ਸਵੇਰੇ ਮੈਨੂੰ ਇਕ ਤਸਵੀਰ ਦਾ ਚੇਤਾ ਆਇਆ। ਇਕ ਅਖ਼ਬਾਰ ਨੇ ਕਿਸੇ ਪ੍ਰਸਿੱਧ ਅਪਰਾਧੀ ਨੂੰ ਫਾਂਸੀ ਲੱਗਣ ਮੌਕੇ ਦਾ ਤਸਵੀਰਾਂ ਸਮੇਤ ਲੇਖ ਛਾਪਿਆ ਸੀ, ਉਸ ਵਿਚ ਇਹ ਤਸਵੀਰ ਵੀ ਛਾਪੀ ਸੀ। ਇੱਥੇ ਤਾਂ ਟੋਕੇ ਵਾਲੀ ਮਸ਼ੀਨ ਜ਼ਮੀਨ 'ਤੇ ਈ ਖੜ੍ਹੀ ਸੀ ਤੇ ਜਿੰਨੀ ਚੌੜੀ ਮੈਂ ਸੋਚੀ ਸੀ, ਉਸ ਨਾਲੋਂ ਕਾਫੀ ਘੱਟ ਚੌੜੀ ਸੀ। ਮੈਨੂੰ ਤਾਂ ਮਸ਼ੀਨ ਵਿਚ ਵੀ ਅਜਿਹੀ ਕੋਈ ਖਾਸ ਗੱਲ ਨਹੀਂ ਸੀ ਲੱਗੀ। ਇਹ ਦੇਖ ਕੇ ਵੀ ਮੈਨੂੰ ਬੜਾ ਅਜੀਬ-ਜਿਹਾ ਲੱਗਿਆ ਕਿ ਅੱਜ ਤੱਕ ਇਸ ਮਸ਼ੀਨ ਦਾ ਮੈਨੂੰ ਖ਼ਿਆਲ ਕਿਉਂ ਨਹੀਂ ਸੀ ਆਇਆ। ਉਸ ਤਸਵੀਰ ਵਿਚ ਜਿਸ ਚੀਜ਼ ਨੇ ਸਭ ਤੋਂ ਵੱਧ ਮੇਰਾ ਧਿਆਨ ਖਿੱਚਿਆ, ਉਹ ਸੀ ਟੋਕੇ ਵਾਲੀ ਮਸ਼ੀਨ ਦੀ ਸਾਫ਼-ਸੁਥਰੀ ਸ਼ਕਲ। ਉਸਦੀ ਚਮਕ ਤੇ ਬਣਾਵਟ ਦੀ ਸਫ਼ਾਈ ਦੇਖ ਕੇ ਕਿਸੇ ਵਿਗਿਆਨਕ ਪ੍ਰਯੋਗਸ਼ਾਲਾ ਦੀ ਯਾਦ ਆਉਂਦੀ ਸੀ। ਆਦਮੀ ਜਿਸ ਬਾਰੇ ਕੁਝ ਨਹੀਂ ਜਾਣਦਾ, ਉਸਨੂੰ ਖ਼ੂਬ ਵਧਾਅ-ਚੜ੍ਹਾਅ ਕੇ ਸੋਚਦਾ ਏ। ਪਰ ਇਸ ਸਮੇਂ ਮੈਨੂੰ ਮੰਨਣਾ ਪਿਆ ਕਿ ਗਿਲੋਟਿਨ ਨਾਲ ਗਰਦਨ ਵੱਢਣਾ ਤਾਂ ਬੜਾ ਈ ਆਸਾਨ ਤੇ ਸਿੱਧਾ ਏ। ਜਿਸ ਤਲ ਤੇ ਆਦਮੀ ਖੜ੍ਹਾ ਹੁੰਦਾ ਏ, ਉਸੇ 'ਤੇ ਮਸ਼ੀਨ ਹੁੰਦੀ ਏ ਤੇ ਉਹ ਮਸ਼ੀਨ ਵੱਲ ਇੰਜ ਕਦਮ ਵਧਾਉਂਦਾ ਏ ਜਿਵੇਂ ਆਪਣੇ ਕਿਸੇ ਜਾਣ-ਪਛਾਣ ਵਾਲੇ ਨੂੰ ਮਿਲਣ ਜਾ ਰਿਹਾ ਹੋਵੇ। ਪਰ ਇਕ ਤਰ੍ਹਾਂ ਨਾਲ ਇਹ ਗੁਨਾਹ-ਬੇਲੱਜ਼ਤ ਈ ਏ। ਮਚਾਨ 'ਤੇ ਚੜ੍ਹਨਾ, ਭਾਵ ਦੁਨੀਆਂ ਨੂੰ ਹੇਠਾਂ ਛੱਡ ਕੇ ਉੱਚਾ ਉੱਠਣਾ-ਕਲਪਨਾ ਨੂੰ ਕੁਝ ਤਾਂ ਸਹਾਰਾ ਦਿੰਦਾ ਈ ਏ। ਤੇ ਇੱਥੇ ? ਇੱਥੇ ਤਾਂ ਲੈ ਦੇ ਕੇ ਮਸ਼ੀਨ ਈ ਸਭ ਉੱਤੇ ਛਾਈ ਰਹਿੰਦੀ ਏ। ਹਲਕੀ-ਜਿਹੀ ਸ਼ਰਮ, ਪਰ ਬੇਹੱਦ ਹੁਸ਼ਿਆਰੀ ਨਾਲ ਅਪਰਾਧੀ ਨੂੰ ਫੜਿਆ ਤੇ ਬੜੀ ਸਫ਼ਾਈ ਨਾਲ ਉਸਦੀ ਗਰਦਨ ਲਾਹ ਦਿੱਤੀ।

ਅਗਲੀ ਸਵੇਰ ਦਾ ਚੜ੍ਹਨਾ ਤੇ ਮੇਰੀ ਅਪੀਲ, ਇਹ ਦੋ ਗੱਲਾਂ ਹੋਰ ਸੀ ਜਿਹਨਾਂ ਦਾ ਖ਼ਿਆਲ ਹਮੇਸ਼ਾ ਮੇਰੇ ਦਿਮਾਗ਼ 'ਤੇ ਛਾਇਆ ਰਹਿੰਦਾ ਸੀ। ਉਂਜ ਕੋਸ਼ਿਸ਼ ਮੈਂ ਬੜੀ ਕਰਦਾ ਸੀ ਕਿ ਆਪਣੇ ਮਨ ਨੂੰ ਇਹਨਾਂ ਵਿਚਾਰਾਂ ਤੋਂ ਲਾਂਭੇ ਰੱਖਾਂ। ਚਿੱਤ ਲੇਟ ਜਾਂਦਾ ਤੇ ਮਨ ਨੂੰ ਘੇਰ-ਘੂਰ ਕੇ ਆਕਾਸ਼ ਦਾ ਅਧਿਅਨ ਕਰਨ ਵਿਚ ਉਲਝਾਈ ਰੱਖਦਾ। ਚਾਨਣ ਹਰਾ ਹੋਣ ਲੱਗਦਾ ਤਾਂ ਸਮਝ ਲੈਂਦਾ ਹੁਣ ਰਾਤ ਹੋਵੇਗੀ। ਵਿਚਾਰਾਂ ਦੇ ਪ੍ਰਵਾਹ ਨੂੰ ਠੱਲ੍ਹੀ ਰੱਖਣ ਲਈ ਦੂਜਾ ਕੰਮ ਮੈਂ ਆਪਣੇ ਦਿਲ ਦੀ ਧੜਕਣ ਸੁਣਨ ਦਾ ਕਰਦਾ। ਸੋਚਿਆ ਈ ਨਹੀਂ ਸੀ ਕਿ ਏਨੇ ਦਿਨ-ਰਾਤ ਮੇਰੀ ਛਾਤੀ ਵਿਚ ਚੱਲਦੀ ਰਹਿਣ ਵਾਲੀ ਇਹ ਨਾਜ਼ੁਕ-ਮਲੂਕ ਧੜਕਣ ਅਚਾਨਕ ਕਿਸੇ ਦਿਨ ਬੰਦ ਵੀ ਹੋ ਜਾਵੇਗੀ। ਕਲਪਨਾ ਕਦੀ ਮੇਰੇ ਸੁਭਾ ਦਾ ਮੁੱਖ ਗੁਣ ਨਹੀਂ ਰਹੀ, ਫੇਰ ਵੀ ਮੈਂ ਦੇਖ ਲੈਣ ਦੀ ਕੋਸ਼ਿਸ਼ ਕਰਦਾ ਕਿ ਇਕ ਦਿਨ ਜਦੋਂ ਮੇਰੇ ਦਿਲ ਦੀ ਇਹ ਧੜਕਣ ਦਿਮਾਗ਼ ਨੂੰ ਲਹਿਰਾਂ-ਤਰੰਗਾਂ ਭੇਜਣੀਆਂ ਬੰਦ ਕਰ ਦਵੇਗੀ, ਉਦੋਂ ਮੈਨੂੰ ਕਿੰਜ ਲੱਗੇਗਾ ! ਦਿਮਾਗ਼ ਕੰਮ ਈ ਨਹੀਂ ਸੀ ਕਰਦਾ। ਉੱਥੇ ਤਾਂ ਅਗਲੇ ਪਹੁ-ਫੁਟਾਲਾ ਤੇ ਆਪਣੀ ਅਪੀਲ ਛਾਈ ਹੁੰਦੀ ਤੇ ਉਦੋਂ ਇਹ ਮੰਨ ਕੇ ਮੈਂ ਹਥਿਆਰ ਸੁੱਟ ਦਿੰਦਾ ਕਿ ਵਿਚਾਰ-ਪ੍ਰਵਾਹ ਨੂੰ ਕੁਦਰਤੀ ਮਾਰਗ ਤੋਂ ਜਬਰਦਸਤੀ ਹਟਾਉਣ ਦੀ ਕੋਸ਼ਿਸ਼ ਕਰਨਾ ਸਰਾਸਰ ਬੇਵਕੂਫ਼ੀ ਏ।

ਏਨਾ ਮੈਨੂੰ ਪਤਾ ਸੀ ਕਿ ਬੁਲਾਵਾ ਹਮੇਸ਼ਾ ਸਵੇਰੇ-ਸਵਖਤੇ ਈ ਆਉਂਦਾ ਏ, ਇਸ ਲਈ ਸਾਰੀ ਰਾਤ ਸੱਚਮੁੱਚ ਪਹੁ-ਫੁਟਾਲੇ ਦੀ ਉਡੀਕ ਵਿਚ ਜਾਗਦਿਆਂ ਈ ਬੀਤਦੀ। ਮੈਨੂੰ ਇਹ ਕਤਈ ਚੰਗਾ ਨਹੀਂ ਸੀ ਲੱਗਦਾ ਕਿ ਅਚਾਨਕ ਕੋਈ ਗੱਲ ਹੋਵੇ ਤੇ ਮੈਂ ਬੌਂਦਲ-ਭੰਵਤਰ ਜਾਵਾਂ। ਚਾਹੁੰਦਾ ਹਾਂ ਮੇਰੇ ਨਾਲ ਕੁਝ ਵੀ ਕਿਉਂ ਨਾ ਹੋਵੇ, ਮੈਂ ਹਮੇਸ਼ਾ ਕਮਰ-ਕਸੀ ਤਿਆਰ ਖੜ੍ਹਾ ਮਿਲਾਂ। ਇਸ ਲਈ ਦਿਨੇ ਮਾੜੀ-ਮੋਟੀ ਝਪਕੀ ਲੈਣ ਤੇ ਸਾਰੀ ਰਾਤ ਜਾਗ ਕੇ

ਕਾਲੇ ਆਸਮਾਨੀ ਗੁੰਬਦ ਵਿਚ ਪਹੁ-ਫੁਟਾਲੇ ਤੋਂ ਪਹਿਲਾਂ ਦੇ ਆਸਾਰ ਲੱਭਣ ਦੀ ਆਦਤ ਪਾ ਲਈ ਸੀ। ਸਭ ਨਾਲੋਂ ਵੱਧ ਦੁੱਖਦਾਈ ਸਮਾਂ ਮੇਰੇ ਲਈ ਰਾਤ ਦਾ ਉਹ ਧੁੰਦਲਾ, ਅਨਿਸ਼ਚਿਤ ਪਹਿਰ ਹੁੰਦਾ ਸੀ, ਜਦੋਂ ਕਿਹਾ ਜਾਂਦਾ ਏ, ਬੁਲਾਉਣ ਲਈ ਆਉਂਦੇ ਨੇ। ਇਕ ਵਾਰੀ ਤਾਂ ਮੈਂ ਅੱਧੀ ਰਾਤ ਨੂੰ ਈ

ਕੰਨ ਖੜ੍ਹੇ ਕਰਕੇ ਬਾਹਰਲੀ ਬਿੜਕ ਲੈਣ ਲੱਗ ਪਿਆ ਸੀ। ਮੇਰੇ ਕੰਨਾਂ ਨੇ ਐਨੇ ਤਰ੍ਹਾਂ ਦੀਆਂ ਆਵਾਜ਼ਾਂ, ਏਨੀਆਂ ਮੱਧਮ ਆਹਟਾਂ ਸ਼ਾਇਦ ਇਸ ਤੋਂ ਪਹਿਲਾਂ ਕਦੀ ਨਹੀਂ ਸੀ ਸੁਣੀਆਂ, ਜਿੰਨੀਆਂ ਹੁਣ ਸੁਣਨ ਲੱਗ ਪਏ ਨੇ। ਪਰ ਏਨਾਂ ਕਹਾਂਗਾ ਕਿ ਇਸ ਮਾਮਲੇ ਵਿਚ ਗਨੀਮਤ ਇਹੋ ਰਹੀ ਕਿ ਇਸ ਦੌਰਾਨ ਮੈਂ ਕਦੀ ਕਿਸੇ ਦੇ ਕਦਮਾਂ ਦੀ ਪੈੜਚਾਲ ਨਹੀਂ ਸੁਣੀ। ਮਾਂ ਕਹਿੰਦੀ ਹੁੰਦੀ ਸੀ ਕਿ ਆਦਮੀ ਕਿਸੇ ਵੀ ਵੱਡੀ ਤੋਂ ਵੱਡੀ ਮੁਸੀਬਤ ਵਿਚ ਕਿਉਂ ਨਾ

ਹੋਵੇ, ਉਸਦਾ ਮਨ ਸਹਾਰੇ ਦੇ ਲਈ ਸੁਖ ਦੀ ਕੋਈ ਨਾ ਕੋਈ ਢੋਈ ਲੱਭ ਈ ਲੈਂਦਾ ਏ। ਰੋਜ਼ ਸਵੇਰੇ-ਸਵਖਤੇ ਈ ਜਦੋਂ ਆਸਮਾਨ ਰੋਸ਼ਨੀ ਨਾਲ ਜਗਮਗਾਉਣ ਲੱਗਦਾ ਤੇ ਮੇਰੇ ਕਮਰੇ ਵਿਚ ਚਾਨਣ ਦਾ ਹੜ੍ਹ ਆ ਜਾਂਦਾ, ਉਸ ਛਿਣ ਮੈਨੂੰ ਉਸਦੀ ਗੱਲ ਸਹੀ ਲੱਗਣ ਲੱਗਦੀ, ਕਿਉਂਕਿ ਉਸ ਸਮੇਂ ਕਿਸੇ ਦੇ ਵੀ ਕਦਮਾਂ ਦਾ ਖੜਾਕ ਸੁਣਾਈ ਦੇ ਸਕਦਾ ਸੀ ਤੇ ਹਰ ਪਲ ਮੈਨੂੰ ਲੱਗਦਾ ਸੀ ਕਿ ਹੁਣੇ ਮੇਰਾ ਦਿਲ ਚੂਰ-ਚੂਰ ਹੋ ਜਾਵੇਗਾ। ਪੱਤਾ ਵੀ ਖੜਕਦਾ ਤਾਂ ਮੈਂ ਦੌੜ ਕੇ ਦਰਵਾਜ਼ੇ ਦੇ ਠੰਢੇ-ਠੰਢੇ ਖੁਰਦਰੇ ਕਾਠ ਨਾਲ ਕੰਨ ਲਾ ਕੇ ਸੁਣਨ ਲੱਗਦਾ ਕਿ ਕੋਈ ਆ ਰਿਹਾ ਏ ਕਿ ? ਤੇ ਇਸ ਆਹਟ ਏਨੇ

ਧਿਆਨ ਨਾਲ ਸੁਣਦਾ ਕਿ ਕੁੱਤੇ ਵਾਂਗ ਕਾਹਲੀ-ਕਾਹਲੀ ਵਗਦੇ, ਖਰਰ-ਖਰਰ ਕਰਦੇ ਆਪਣੇ ਈ ਸਾਹ ਸੁਣਾਈ ਦੇਣ ਲੱਗਦੇ। ਪਰ ਜਿਵੇਂ-ਤਿਵੇਂ ਆਖ਼ਰ ਉਹ ਸਮਾਂ ਵੀ ਬੀਤ ਜਾਂਦਾ, ਮੇਰੀ ਛਾਤੀ ਪਾਟਨੋਂ ਬਚ ਜਾਂਦੀ ਤੇ ਮੈਨੂੰ ਸਾਹ ਲੈਣ ਲਈ ਫੇਰ ਚੌਵੀ ਘੰਟੇ ਦਾ ਸਮਾਂ ਮਿਲ ਜਾਂਦਾ।

ਹੁਣ ਬਾਕੀ ਸਾਰਾ ਦਿਨ ਦਿਮਾਗ਼ ਵਿਚ ਅਪੀਲ ਦੀ ਗੱਲ ਘੁੰਮਦੀ ਰਹਿੰਦੀ। ਜੋ ਕੁਝ ਹੱਥ ਵਿਚ ਸੀ, ਉਸਨੂੰ ਦੇਖਦਿਆਂ ਹੋਇਆਂ, ਉਸੇ ਵਿਚੋਂ, ਵੱਧ ਤੋਂ

ਵੱਧ ਉਮੀਦ ਦਿਲਾਸਾ ਨਿਚੋੜ ਲੈਣ ਦੀ ਨੀਅਤ ਨਾਲ ਮੈਂ ਇਕ ਤਰਕੀਬ ਹੋਰ ਸੋਚ ਲਈ। ਮੈਂ ਪਹਿਲਾਂ ਮਾੜੇ ਤੋਂ ਮਾੜੇ ਸਿੱਟੇ ਬਾਰੇ ਸੋਚ ਲੈਂਦਾ ਫੇਰ

ਅੱਗੇ ਵਧਦਾ, ਜਿਵੇਂ-ਮੰਨ ਲਓ, ਮੇਰੀ ਅਪੀਲ ਖਾਰਜ ਹੋ ਗਈ ਏ, ਯਾਨੀ ਹੁਣ ਤਾਂ ਮਰਨ ਦੇ ਸਿਵਾਏ ਕੋਈ ਹੋਰ ਚਾਰਾ ਈ ਨਹੀਂ। ਭਾਵ ਹੋਰਨਾਂ ਤੋਂ ਪਹਿਲਾਂ ਬੋਰੀਆ-ਬਿਸਤਰਾ ਸਮੇਟਨਾ ਪਵੇਗਾ। ਇਹੀ ਮੈਂ ਮਨ ਈ ਮਨ ਆਪਣੇ-ਆਪ ਨੂੰ ਚਿਤਾਵਨੀ ਦਿੰਦਾ, ਪਰ ਇਹ ਤਾਂ ਬੱਚਾ-ਬੱਚਾ ਜਾਣਦਾ ਏ ਕਿ ਜ਼ਿੰਦਗੀ ਜਿਊਣ ਦੇ ਕਾਬਿਲ ਨਈਂ। ਤੇ ਉਦੋਂ ਮੈਂ ਜ਼ਰਾ ਉਤਾਂਹ ਉੱਠ ਕੇ ਦੇਖਦਾ ਤਾਂ ਲੱਗਦਾ ਕਿ ਆਦਮੀ ਤੀਹ ਦਾ ਮਰੇ ਜਾਂ ਸੱਤਰਾਂ ਦਾ ਹੋ ਕੇ ਮਰੇ, ਇਸ ਨਾਲ ਕੀ ਫਰਕ ਪੈਂਦਾ ਏ ? ਹੋਰ ਔਰਤਾਂ-ਮਰਦ ਤਾਂ ਰਹਿਣਗੇ ਈ-ਦੁਨੀਆਂ ਜਿਵੇਂ ਚੱਲਦੀ ਏ, ਚੱਲਦੀ ਰਹੇਗੀ। ਦੂਜਾ, ਮਰਾਂ ਅੱਜ ਜਾਂ ਅੱਜ ਤੋਂ ਚਾਰ ਸਾਲ ਬਾਅਦ-ਮਰਨਾ ਤਾਂ ਇਕ ਦਿਨ ਹੈ ਈ। ਪਰ ਪਤਾ ਨਹੀਂ ਕਿਉਂ ਇਸ ਤਰ੍ਹਾਂ ਦੇ ਚਿੰਤਨ ਨਾਲ ਜਿੰਨੀ ਸ਼ਾਂਤੀ ਮਿਲਣੀ ਚਾਹੀਦੀ ਸੀ, ਓਨੀਂ ਨਹੀਂ ਸੀ ਮਿਲਦੀ। ਜ਼ਿੰਦਗੀ ਦੇ ਜਿੰਨੇ ਸਾਲ ਜਿਊਂ ਤੇ ਭੋਗ ਕੇ ਕੱਟਣੇ ਨੇ, ਉਹਨਾਂ ਦਾ ਖ਼ਿਆਲ ਈ ਦਿਲ ਵਿਚ ਹੂਕ ਪੈਦਾ ਕਰ ਦਿੰਦਾ ਸੀ।

ਖ਼ੈਰ, ਇਸ 'ਤੇ ਤਾਂ ਮੈਂ ਮਨ ਨੂੰ ਤਰਕ-ਵਿਤਰਕ ਕਰਕੇ ਸਮਝਾ ਲੈਂਦਾ-ਸੋਚਦਾ, ਮੰਨ ਲਓ ਇਕ ਦਿਨ ਮੇਰੀ ਉਮਰ ਪੂਰੀ ਹੋ ਗਈ ਤੇ ਮੌਤ ਨੇ ਮੈਨੂੰ ਚਾਰੇ ਪਾਸਿਓਂ ਘੇਰ ਲਿਆ...ਉਦੋਂ ਕੀ ਹੋਵੇਗਾ ? ਅੱਛਾ, ਜਦੋਂ ਇਹੀ ਤੈਅ ਏ ਕਿ ਮੌਤ ਤੋਂ ਕੋਈ ਛੁਟਕਾਰਾ ਨਹੀਂ ਤਾਂ ਫੇਰ ਮੌਤ ਦਾ ਰੂਪ ਭਾਵੇਂ ਕੋਈ ਵੀ

ਹੋਵੇ-ਸਿੱਟਾ ਤਾਂ ਉਹੀ ਹੁੰਦਾ ਏ। ਜੋ ਹੋਵੇ, ਮੈਨੂੰ ਆਪਣੀ ਅਪੀਲ ਦੇ ਖਾਰਜ ਹੋ ਜਾਣ ਬਾਰੇ ਸੁਣਨ ਲਈ ਹਰ ਤਰ੍ਹਾਂ ਤਿਆਰ ਰਹਿਣਾ ਚਾਹੀਦਾ ਏ।

ਪਰ ਇਹ ਜੋ ਹੋਵੇ ਤੀਕ ਪਹੁੰਚਣ ਦੀ ਤਰਕ-ਪ੍ਰਣਾਲੀ ਨੂੰ ਰਸਤੇ ਵਿਚ ਈ ਭੰਗ ਨਾ ਹੋਣ ਦੇਣਾ, ਕੋਈ ਆਸਾਨ ਕੰਮ ਨਹੀਂ ਸੀ।

ਇਸ ਤਰ੍ਹਾਂ ਜਦੋਂ ਇਹਨਾਂ ਸਾਰੀਆਂ ਸਥਿਤੀਆਂ ਲਈ ਮਨ ਨੂੰ ਤਿਆਰ ਕਰਦਾ ਹੋਇਆ ਮੈਂ ਇਸ ਜਗ੍ਹਾ ਆ ਪਹੁੰਚਦਾ ਉਦੋਂ ਕਿਤੇ ਜਾ ਕੇ ਆਪਣਾ ਇਹ ਅਧਿਕਾਰ ਮੰਨਦਾ, ਯਾਨੀ ਮਨ ਨੂੰ ਏਨੀ ਛੋਟ ਦਿੰਦਾ ਕਿ ਹੁਣ ਦੂਜੀ ਗੱਲ 'ਤੇ ਵਿਚਾਰ ਕਰ ਲਿਆ ਜਾਵੇ ਕਿ ਅੱਛਾ ਮੰਨ ਲਓ ਮੇਰੀ ਅਪੀਲ ਮੰਨ ਲਈ ਗਈ। ਉਸ ਸਮੇਂ ਤਨ ਮਨ ਵਿਚ ਜਿਹੜਾ ਆਨੰਦ ਤੇ ਸੁਖ ਦਾ ਫੁਆਰਾ ਫੁੱਟ ਪਵੇਗਾ, ਅੱਖਾਂ 'ਚੋਂ ਅੱਥਰੂ ਵਹਿਣ ਲੱਗਣਗੇ-ਉਸ ਸਭ ਨੂੰ ਸੰਭਾਲ ਸਕਣਾ ਵੀ ਤਾਂ ਇਕ ਮੁਸੀਬਤ ਹੋਵੇਗੀ। ਪਰ ਭਾਵੇਂ ਜੋ ਵੀ ਹੋਏ, ਪਸਲੀਆਂ ਨੂੰ ਤੋੜ ਕੇ ਬਾਹਰ ਆਉਂਦੇ ਦਿਲ ਉੱਤੇ ਕਾਬੂ ਰੱਖਣ, ਬੇਕਾਬੂ ਹੁੰਦੇ ਮਨ ਨੂੰ ਸੰਭਾਲਨ ਦਾ ਕੰਮ ਤਾਂ ਕਰਨਾ ਈ ਪਵੇਗਾ। ਕਿਉਂਕਿ ਅਪੀਲ ਮੰਨ ਲਓ ਮੰਜੂਰ ਵੀ ਹੋ ਜਾਵੇ-ਫੇਰ ਵੀ ਇਸ ਤਰ੍ਹਾਂ ਦੀ ਸੰਭਾਵਨਾ ਤੀਕ ਆਉਣ ਲਈ ਵਿਚਾਰਾਂ ਨੂੰ ਤਰਤੀਬ-ਬੱਧ ਤਾਂ ਕਰਨਾ ਈ ਚਾਹੀਦਾ ਏ-ਵਰਨਾ ਅਪੀਲ ਖਾਰਜ ਹੋ ਜਾਣ ਵਾਲੀ ਪਹਿਲੀ ਤਰਕ-ਪ੍ਰਣਾਲੀ ਦੇ ਸਾਹਵੇਂ ਇਸ ਉਮੀਦ ਦਾ ਆਧਾਰ ਬੜਾ ਈ ਲੁੱਟਰ ਲੱਗੇਗਾ। ਇਸ ਤਰ੍ਹਾਂ ਜਦੋਂ ਇਸ ਤਰ੍ਹਾਂ ਮਨ ਨੂੰ ਸਮਝਾ ਲੈਂਦਾ ਉਦੋਂ ਕਿਤੇ ਜਾ ਕੇ ਮਨ ਨੂੰ ਸ਼ਾਂਤੀ ਮਿਲਦੀ।

ਸ਼ਾਂਤੀ ਮਿਲਦੀ-ਇਹੀ ਗਨੀਮਤ ਸੀ।

ਇਕ ਵਾਰੀ ਫੇਰ ਜਦੋਂ ਮੈਂ ਪਾਦਰੀ ਨੂੰ ਮਿਲਣ ਤੋਂ ਇਨਕਾਰ ਕੀਤਾ ਸੀ-ਉਹ ਇਸੇ ਸਭ ਉਧੇੜ-ਬੁਣ ਦਾ ਸਮਾਂ ਸੀ। ਮੈਂ ਪਿਆ-ਪਿਆ ਦੇਖ ਰਿਹਾ ਸੀ ਕਿ ਸਾਰੇ ਆਸਮਾਨ ਵਿਚ ਨਰਮ-ਨਰਮ ਸੁਨਹਿਰੀ ਪੈਰਾਂ ਦੇ ਪੰਜੇ ਫ਼ੈਲਾ ਕੇ ਗਰਮੀਆਂ ਦੀ ਠੰਢੀ ਸ਼ਾਮ ਉਤਰਦੀ ਆ ਰਹੀ ਏ। ਮੇਰੀ ਅਪੀਲ ਖਾਰਜ ਹੋ ਚੁੱਕੀ ਸੀ ਤੇ ਮੈਨੂੰ ਇੰਜ ਲੱਗ ਰਿਹਾ ਸੀ ਮੰਨ ਲਓ ਮੇਰੀਆਂ ਨਸਾਂ ਵਿਚ ਦੌੜਦੇ ਖ਼ੂਨ ਦੀ ਗਤੀ ਬੜੀ ਧੀਮੀ ਹੋ ਗਈ ਏ। ਨਹੀਂ, ਮੈਂ ਕਿਸੇ ਪਾਦਰੀ- ਵਾਦਰੀ ਨੂੰ ਨਹੀਂ ਮਿਲਣਾ। ...ਪਤਾ ਨਹੀਂ ਕਿੰਨੇ ਦਿਨ ਹੋ ਗਏ, ਮੈਂ ਕਦੀ ਮੇਰੀ ਬਾਰੇ ਕੁਝ ਨਹੀਂ ਸੋਚਿਆ, ਸੋ ਹੁਣ ਪਤਾ ਨਹੀਂ ਕਿਉਂ ਮੇਰੀ ਦੀਆਂ ਗੱਲਾਂ ਚੇਤੇ ਕਰਨੀਆਂ ਸ਼ੁਰੂ ਕਰ ਦਿੱਤੀਆਂ। ਯੁੱਗ ਬਤੀ ਗਏ—ਉਸਦੀ ਕੋਈ ਚਿੱਠੀ ਨਹੀਂ ਆਈ। ਕੌਣ ਜਾਣੇ ਮੌਤ ਦੀ ਸਜ਼ਾ ਵਾਲੇ ਆਦਮੀ ਦੀ ਪ੍ਰੇਮਿਕਾ ਬਣੀ ਰਹਿਣਾ ਉਸ ਲਈ ਵੀ ਅਸਹਿ ਹੋ ਗਿਆ ਹੋਵੇ...ਜਾਂ ਹੋ ਸਕਦਾ ਏ ਬਿਮਾਰ ਈ ਪੈ ਗਈ ਹੋਵੇ। ਦੁਨੀਆਂ ਵਿਚ ਆਖ਼ਰ ਇਸ ਤਰ੍ਹਾਂ ਦੀਆਂ ਗੱਲਾਂ ਵੀ ਹੋ ਜਾਂਦੀਆਂ ਨੇ। ਪਰ ਮੈਨੂੰ ਪਤਾ ਲੱਗੇ ਤਾਂ ਕਿੰਜ ਲੱਗੇ ? ਸਾਡੇ ਦੋਵਾਂ ਦੇ ਸਰੀਰਾਂ ਨੂੰ ਛੱਡ ਕੇ ਵਿਚਕਾਰ ਕੋਈ ਅਜਿਹਾ ਸੂਤਰ ਵੀ ਤਾਂ ਨਹੀਂ ਏਂ ਜਿਹੜਾ ਦੋਵਾਂ ਨੂੰ ਇਕ ਦੂਜੇ ਦੀ ਯਾਦ ਦਿਵਾਉਂਦਾ ਰਹੇ-ਸੋ ਦੋਵੇਂ ਸਰੀਰ ਹੁਣ ਅਲੱਗ-ਅਲੱਗ ਹੋ ਗਏ ਨੇ। ਹੁਣ ਮੰਨ ਲਓ, ਉਹ ਮਰ ਈ ਗਈ ਹੋਵੇ ਤਾਂ ਉਸਦੀ ਯਾਦ ਨੂੰ ਉੱਤੇ ਲਵਾਂ ਜਾਂ ਹੇਠ ਵਿਛਾਵਾਂ ?

(ਚਲਦਾ)

# ਪੰਜਾਬ ਲੰਮੇ ਸਮੇਂ ਤੋਂ ਖਲਾਅ ਵਿਚ ਜੀਅ ਰਿਹਾ ਹੈ

**ਹਰਫ਼ ਦੇ ਨੂਰ**

**ਅਮਰਜੀਤ ਅਰਪਨ**



ਹੋਰ ਪਿੱਛੇ ਨਾ ਵੀ ਜਾਈਏ ਸੰਨ ਅੱਸੀ ਤੋਂ ਬਾਅਦ ਪੰਜਾਬ ਇਕ ਅੰਨ੍ਹੀਂ ਖੱਡ ਵਿਚ ਚਲਾ ਗਿਆ। ਪੰਜਾਬ ਦੇ ਹਾਲਾਤ ਵਿਗੜੇ, ਨੌਜਵਾਨੀ ਦਾ ਘਾਣ ਹੋਇਆ ਤੇ ਨਾਲ ਹੀ ਪੰਜਾਬ ਦੇ ਇੰਟੈਲੀਜੈਂਸੀਆ ਦੇ ਬੋਲ ਖਤਮ ਕਰ ਦਿੱਤੇ ਜਾਂ ਚੁੱਪ ਕਰਵਾ ਦਿੱਤੇ ਗਏ। ਗੂੰਗਾ ਹੋਇਆ ਪੰਜਾਬ ਗਿਰਝਾਂ ਦੇ ਹਵਾਲੇ ਕਰ ਦਿੱਤਾ ਗਿਆ। ਇਸ ਵੇਲੇ ਦੇਸ਼ ਤੇ ਪੰਜਾਬ ਦੀ ਖ਼ੁੰਗਲ ਹੋ ਚੁੱਕੀ ਰਾਜਨੀਤੀ ਨੇ ਬਲਦੀ ਤੇ ਤੇਲ ਪਾਇਆ। ਆਪਣੇ ਆਪਣੇ ਹਿੱਤ ਸਾਧੇ ਜਾਣ ਲੱਗੇ। ਜੰਗਲ ਬਣ ਚੁੱਕੇ ਪੰਜਾਬ ਦੀ ਆਤਮਾ ਖੇਤੀ ਸੰਕਟ ਵਿਚ ਆ ਗਈ। ਵਿਕਾਸ ਤੇ ਰਾਹ ਪਾਉਣ ਆਲੀ ਇੰਡਸਟਰੀ ਭੱਜ ਖਲੋਤੀ। ਇਕੱਲੀ ਕਿਸਾਨੀ ਕੀ ਕਰੇ? ਸਾਡੇ ਰਾਜਨੀਤੀਵਾਨਾਂ ਨੇ ਨੀਤੀਆਂ ਏਹੋ ਜਿਹੀਆਂ ਵੀ ਨਾ ਬਣਾਈਆਂ ਕਿ ਖੇਤੀ ਨਾਲ ਜੁੜਵੀਂ ਇੰਡਸਟਰੀ ਉਸਾਰਦੇ। ਕਣਕ ਝੋਨੇ ਦੇ ਦੁਸ਼ਚੱਕਰ ਨੇ ਸਾਡੇ ਪੌਣ-ਪਾਣੀ ਦਾ ਭੱਠਾ ਬਹਾ ਦਿੱਤਾ। ਕੋਈ ਵੇਲਾ ਸੀ ਭੁੱਖੇ ਹਿੰਦੁਸਤਾਨ ਨੂੰ ਰੱਜਵੀਂ ਰੋਟੀ ਏਸੇ ਪੰਜਾਬ ਨੇ ਦਿੱਤੀ। ਜਦੋਂ ਖੁਦ ਪੰਜਾਬ ਸੰਕਟ ਵਿਚ ਆਇਆ ਕੇਂਦਰ ਮਨ ਆਈਆਂ ਕਰਨ ਲੱਗ ਪਈ.....ਕੀ ਗੱਲ? ਪੰਜਾਬ ਨਾਲ ਮਿਲਕੇ ਕੇਂਦਰ ਸੰਕਟ ਦਾ ਹੱਲ ਨਹੀਂ ਕਰ ਸਕਦੀ ਸੀ? ਜੀਹਨੇ ਔਖੇ ਵੇਲੇ ਹਿੰਦੁਸਤਾਨ ਨੂੰ ਭੁੱਖ ਵਿਚੋਂ ਕੱਢਿਆ ਸੀ! ਨਹੀਂ ਕੀਤਾ ਇਨ੍ਹਾਂ ਨੇ..ਕਿਉਂਜੋ ਇਹਨਾਂ ਦੀ ਜਿੰਦਜਾਨ ਕੁਰਸੀ ਦੇ ਪਾਵਿਆਂ ਨਾਲ ਬੱਝੀ ਹੋਈ ਹੈ। ਸਿੱਟਾ ਇਹ ਨਿਕਲਿਆ ਕਿ ਪੰਜਾਬ ਵਿੱਚ ਵੱਡਾ ਟੋਹਾ ਪੱਟਿਆ ਗਿਆ ਜੀਹਦੇ ਵਿਚ ਪੰਜਾਬੀ ਲੋਕ ਡਿੱਗਦੇ ਗਏ। ਏਸੇ ਟੋਹੇ ਵਿਚੋਂ ਕੂਕਾਂ ਫਰਿਆਦਾਂ ਦੀਆਂ ਕੰਨ ਪਾੜਵੀਆਂ ਹੂਕਾਂ ਸੁਣਾਈ ਦੇਣ ਲੱਗੀਆਂ। ਇਨ੍ਹਾਂ ਹੀ ਕੂਕਾਂ ਫਰਿਆਦਾਂ ਵਿਚੋਂ ਪੁਲਿਟੀਕਲ ਖਲਾਅ ਪੈਦਾ ਹੁੰਦੈ। ਮਾਕੂਲ ਸਮੇਂ ਦੇ ਆਉਂਦਿਆਂ ਥੋੜੀਆਂ ਜਿਹੀਆਂ ਵੋਟਾਂ ਲੈ ਕੇ ਬੇਅੰਤ ਸਰਕਾਰ ਵੀ ਆਈ, ਬਾਦਲ ਤੇ ਅਮਰਿੰਦਰ ਦੀਆਂ ਸਰਕਾਰਾਂ ਵੀ ਆਈਆਂ। ਅੱਕੇ ਹੋਏ ਲੋਕਾਂ ਨੇ ਆਪ ਪਾਰਟੀ ਨੂੰ ਭਾਰੀ ਗਿਣਤੀ ਵਿੱਚ ਜਿਤਾ ਦਿੱਤਾ।ਆਪ ਦਾ ਭਾਰੀ ਬਹੁਮੱਤ ਨਾਲ ਜਿੱਤਣਾ ਰਾਜਨੀਤਕ ਖਲਾਅ ਦਾ ਸਿੱਟਾ ਹੈ, ਇਹ ਪੰਜਾਬੀਆਂ ਦੇ ਰੋਹ ਦਾ ਸਿੱਟਾ ਹੈ.....ਕੀ ਪਿਛਲੇ ਲੰਮੇ ਦਾ ਪੁੱਟਿਆ ਟੋਹਾ ਆਪ ਆਲੇ ਪੂਰ ਲੈਣਗੇ?.. ਬਿਲਕੁਲ ਵੀ ਨਹੀਂ। ਕਿਉਂ ਜੋ ਅੱਕੇ ਹੋਏ ਲੋਕ ਹੱਥ ਪੈਰ ਮਾਰ ਰਹੇ ਨੇ..ਮਰ ਰਹੇ ਲੋਕਾਂ ਨੂੰ ਫੌਰੀ ਹਲ ਚਾਹੀਦੈ..ਹੁਣ ਆਪ ਆਲਿਆਂ ਕੋਲ ਕੋਈ ਅਲਾਦੀਨ ਦਾ ਚਿਰਾਗ ਤਾਂ ਹੈ ਨਹੀਂ ਕਿ ਡੂੰਗਾ ਟੋਹਾ ਪੂਰ ਦੇਣਗੇ...ਇਨ੍ਹਾਂ ਕੋਲ ਫੌਰੀ ਹਲ ਨਹੀਂ ਹੈ..ਇਹ ਪੰਜਾਬੀ ਕੰਧ ਤੇ ਲਿਖਿਆ ਪੜ੍ਹ ਲੈਣ।

ਐਸ ਵੇਲੇ ਪੰਜਾਬ ਵਿਚ ਬਹੁਤ ਵੱਡੀ ਨਿਰਾਸ਼ਾ ਹੈ। ਪੰਜਾਬੋਂ ਬਾਹਰ ਜਾਣ ਦਾ ਵਰਤਾਰਾ, ਨਸ਼ਿਆਂ ਵਿਚ ਡੁਬ ਮਰਨਾ, ਗੈਂਗਵਾਰ ਇਹ ਸਭ ਸੰਕਟ ਦੀਆਂ ਨਿਸ਼ਾਨੀਆਂ ਨੇ। ਇਹ ਕੋਈ ਪੰਜਾਬੀਆਂ ਦੀ ਆਪ ਸਹੇੜੀ ਵਬਾਅ ਨਹੀਂ ਹੈ। ਇਹ ਤਾਂ ਖੇਤੀ ਸੰਕਟ, ਸਿੱਖਿਆ ਸੰਕਟ, ਸਿਹਤ ਸੰਕਟ, ਮਾਫ਼ੀਆ ਸੰਕਟ ਦਾ ਆਧਾਰ ਕੋਹਜੀ ਰਾਜਨੀਤੀ ਦਾ ਲੱਛਣੀ ਬਦਗੁਣ ਹੈ। ਇਹੀ



ਬਦਗੁਣ ਹੀ ਲੋਕਾਂ ਵਿੱਚ ਨਿਰਾਸ਼ਾ ਪੈਦਾ ਕਰਦੈ। ਨਿਰਾਸ਼ ਹੋਏ ਲੋਕ ਆਪ ਮੁਹਾਰੇ ਤੁਰ ਖਲੋਂਦੇ ਨੇ। ਲੰਮੇ ਸਮੇਂ ਤੋਂ ਇਕੱਠਾ ਹੋਇਆ ਗੁੱਸਾ ਅਮਨ ਕਾਨੂੰਨ ਲਈ ਖਤਰਾ ਬਣਦੈ। ਸੱਤਾ ਦੀ ਮਸ਼ੀਨਰੀ ਅਮਨ ਕਾਨੂੰਨ ਦਾ ਵਾਸਤਾ ਪਾ ਕੇ ਤਿੱਖੇ ਤੇਵਰ ਤੇ ਉਤਰਦੀ ਹੈ। ਮੁਸਤੈਦ ਹੋਈਆਂ ਸੱਤਾ ਅਜੰਸੀਆਂ ਆਪਣਾ ਗੁੱਲ ਖਿਡਾਉਂਦੀਆਂ ਨੇ। ਆਮ ਲੋਕਾਈ ਫੇਰ ਕਾਲੇ ਦੌਰ ਵਿਚ ਜਾ ਗੁਜਰਦੀ ਹੈ। ਨਿਰਾਸ਼ ਹੋਈ ਜਨਤਾ ਤੱਤੀਆਂ ਗੱਲਾਂ ਕਰਦੀ ਹੈ, ਆਤਮ ਹੱਤਿਆ ਕਰਦੀ ਹੈ ਜਾਂ ਫੇਰ ਮਾਰਧਾੜ...ਫੇਰ ਕਿਹਾ ਜਾਂਦੈ ਕਿ ਪੰਜਾਬ ਦੇ ਨੌਜਵਾਨ ਦਾ ਆਪਣੀ ਧਰਤੀ ਨਾਲ ਮੋਹ ਨਹੀਂ ਰਿਹਾ..ਮੋਹ ਕਿਵੇਂ ਰਹਿ ਸਕਦੈ? ਜਿਹੜੀ ਧਰਤੀ ਰੋਟੀ ਦੇਣ ਤੋਂ ਮੁਥਾਜ ਹੋ ਜਾਵੇ..ਓਸ ਧਰਤੀ ਦੀ ਵਾੜ ਹੀ ਖੇਤ ਨੂੰ ਚੱਬਣ ਲੱਗ ਜੇ..ਵੱਖ ਵੱਖ ਭਿਅੰਕਰ ਵਰਤਾਰੇ ਏਸੇ ਸੰਕਟ ਔਰ ਨਿਰਾਸ਼ਾ ਵਿਚੋਂ ਹੀ ਨਿਕਲਦੇ ਨੇ...ਕਿਸੇ ਨੌਜਵਾਨ ਦੀ ਕੀ ਮੱਤ ਮਾਰੀ ਹੈ ਕਿ ਐਥੇ ਇਜ਼ਤ ਤੇ ਰੋਟੀ ਚੰਗੀ ਭਲੀ ਖਾਣ ਨੂੰ ਮਿਲੇ ਤਾਂ ਉਹ ਵਿਦੇਸੀਂ ਧੱਕੇ ਖਾਵੇ। ਚੰਗੀ ਜ਼ਿੰਦਗੀ ਜਿਉਣ ਲਈ ਉਹ ਕਿਤੇ ਤਾਂ ਜਾਊਗਾ ਹੀ ਜਿੱਥੇ ਢੋਈ ਮਿਲੇ।

ਇਹ ਹੈ ਸੰਕਟ ਤਾਂ ਪੁਰਾਣਾ ਓਦੋਂ ਜਦੋਂ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੋਂ ਬਾਅਦ ਅੰਗਰੇਜ਼ੀ ਹਕੂਮਤ ਪੰਜਾਬ ਤੇ ਕਾਬਜ਼ ਹੋ ਗਈ ਤੇ ਫੇਰ ਚੱਲ ਸੋ ਚੱਲ ਅਖੌਤੀ ਸੁਧਾਰਾਂ ਦੇ ਨਾਂ ਤੇ ਪੰਜਾਬ ਦੀ ਖੇਤੀ ਦੀ ਮੁਰੱਬੇਬੰਦੀ ਕਰਕੇ ਖੇਤ ਵੱਖਰੇ ਵੱਖਰੇ ਨਾਂ ਤੇ ਬੋਲਣ ਲੱਗ ਪਏ। ਨਹਿਰਾਂ ਦੀ ਵਿਛਾਈ ਤੋਂ ਬਾਅਦ ਭਾਰੇ ਆਬਿਆਨੇ ਠੋਕੇ ਗਏ ਤੇ ਸਿੱਟਾ ਇਹ ਨਿਕਲਿਆ ਕਿ ਬਸਤੀਵਾਦੀ ਪੰਜਾਬ ਵਿੱਚ ਪੰਜਾਬ ਕਰਜੇ ਨਾਲ ਪੰਗੂ ਬਣਾ ਦਿੱਤਾ ਗਿਆ। ਇਸੇ ਕਰਜੇ ਦੀ ਪੰਡ ਨੇ ਹੀ ਫੌਜ ਦੀ ਨੌਕਰੀ ਤੇ ਫੇਰ ਉਨੀਵੀਂ ਸਦੀ ਦੇ ਸ਼ੁਰੂ ਵਿਚ ਪੰਜਾਬੀ ਅਮਰੀਕਾ ਕਨੇਡਾ ਦੀਆਂ ਧਰਤੀਆਂ ਤੇ ਰੇਲ ਲਾਈਨਾਂ ਦੀ ਵਿਛਾਈ ਤੇ ਆਰਿਆਂ ਤੇ ਫੱਟੇ ਚੀਰਣ ਲਈ ਮਜ਼ਬੂਰ ਹੋਏ। ਇਹੀ ਨਿਰਾਸ਼ਾ ਹੀ ਤਾਂ ਸੀ ਕਿ ਅਮਰੀਕਾ ਵਰਗੇ ਆਜ਼ਾਦ ਮੁਲਕਾਂ ਨੇ ਆਜ਼ਾਦੀ ਦਾ ਅਹਿਸਾਸ ਕਰਵਾਇਆ ਤੇ ਚੰਗੀਆਂ ਭਲੀਆਂ ਦਿਹਾੜੀਆਂ ਕਰਦੇ ਸੋਹਨ ਸਿੰਘ ਭਕਨਾ, ਲਾਲਾ ਹਰਦਿਆਲ ਤੇ ਕਰਤਾਰ ਸਿੰਘ ਸਰਾਭਾ ਦੇ ਯਤਨਾਂ ਨਾਲ ਵਿਦੇਸ਼ੀਂ ਧਰਤੀਆਂ ਤੋਂ ਆਪਣਾ ਦੇਸ਼ ਆਜ਼ਾਦ ਕਰਨ ਤੁਰ ਪਏ....ਇਹ ਸਭ ਕੁੱਝ ਪੰਜਾਬ ਦੇ ਸੰਕਟ ਵਿਚੋਂ ਹੀ ਪੈਦਾ ਹੋਇਆ। ਪੰਜਾਬ ਦੀ ਜ਼ਰਖੇਜ਼ ਜਮੀਨ ਦਾਗੀ ਗਈ। ਅਜ਼ਾਦੀ ਤੋਂ ਬਾਅਦ ਹਰੀ ਕ੍ਰਾਂਤੀ ਨੇ ਥੋੜਾ ਜਿਹਾ ਸੁਖ ਦਾ ਸਾਹ ਦਿੱਤਾ, ਪਰ ਜਲਦੀ ਅੱਸੀ ਤੱਕ ਆਉਂਦੇ ਆਉਂਦੇ ਹਰੀ ਕ੍ਰਾਂਤੀ ਜਿਹੜੀ ਸਿਰ ਦਾ ਮੁਕਟ ਬਣ ਗਈ ਸੀ, ਉਹ ਜਲਦੀ ਗਲ਼ ਦੀ ਫਾਹੀ ਬਣ ਗਈ... ਇਹ ਸਾਡੇ ਰਾਜਨੀਤਕਵਾਨਾਂ ਦੀ ਬੇਈਮਾਨੀ ਹੈ ਕਿ ਇਹਦਾ ਸਮੇਂ ਸਿਰ ਹਲ ਨਹੀਂ ਕੀਤਾ ਗਿਆ। ਇਹੀ ਬੇਈਮਾਨ ਰਾਜਨੀਤੀ ਪੰਜਾਬ ਦੇ ਸੰਕਟ ਵੱਡਾ ਕਾਰਨ ਹੈ, ਇਹਦੇ ਵਿਚੋਂ ਕਈ ਤਰ੍ਹਾਂ ਦੇ ਨੈਗੇਟਿਵ ਨੈਰੇਟਿਵ ਨਿਕਲਦੇ ਨੇ। ਸੱਤਾਸੀਨ ਰਾਜਨੀਤੀ ਬੁਨਿਆਦੀ ਤੌਰ 'ਤੇ ਕਾਰਪੋਰੇਟ ਦੀ ਹਿੱਤਪਾਲਕ ਹੈ। ਜਿੰਨੀ ਦੇਰ ਤੱਕ ਸਾਹਿਤਕਾਰ, ਚਿੰਤਕ, ਅਰਥ ਸ਼ਾਸ਼ਤਰੀ, ਕਿਸਾਨ, ਨੌਜੁਆਨ, ਵਿਦਿਆਰਥੀ ਮਿਲ ਬੈਠ ਕੇ ਚਿੰਤਨ ਮਨਨ ਨਹੀਂ ਕਰਦੇ ਤੇ ਕਿਸੇ ਨਰੋਏ ਸੰਗਠਨ ਅਧੀਨ ਤੋਰ ਤੈਅ ਨਹੀਂ ਕਰਦੇ ਓਦੋਂ ਤੱਕ ਲੋਕਹਿਤੂ ਰਾਜਨੀਤੀ ਦੇ ਪੈਰ ਨਹੀਂ ਜੰਮਣੇ ਤੇ ਪੰਜਾਬ ਹੋਰ ਨਿਰਾਸ਼ਾ ਵਿਚ ਚਲਾ ਜਾਵੇਗਾ।






# ਬੱਚਿਆਂ ਦੀ ਸਰੀਰਕ, ਮਾਨਸਿਕ ਮਜ਼ਬੂਤੀ ਖੇਡਾਂ ਨਾਲ ਹੀ ਸੰਭਵ

ਅਮਨਿੰਦਰ ਸਿੰਘ ਕੁਠਾਲਾ
94633-17199

ਅੱਜ ਦੇਸ਼-ਦੁਨੀਆ ਬਹੁਤ ਤੇਜ਼ ਰਫ਼ਤਾਰ ਨਾਲ ਅੱਗੇ ਵਧ ਰਹੀ ਹੈ। ਤਕਨਾਲੋਜੀ ਦੇ ਯੁੱਗ ਵਿੱਚ ਸਮੇਂ ਦੇ ਹਾਣੀ ਬਣਨ ਲਈ ਬੱਚਿਆਂ ਦਾ ਹਰ ਪੱਖ ਤੋਂ ਸਰਬਪੱਖੀ ਵਿਕਾਸ ਹੋਣਾ ਅਤਿਅੰਤ ਜ਼ਰੂਰੀ ਹੈ। ਸਰਬਪੱਖੀ ਵਿਕਾਸ ਵਿੱਚ ਤੰਦਰੁਸਤੀ ਤੋਂ ਲੈ ਕੇ ਇਨਸਾਨ ਦਾ ਹਰ ਇੱਕ ਪਹਿਲੂ ਆ ਜਾਂਦਾ ਹੈ ਜੋ ਉਸ ਨੂੰ ਤੇਜ਼-ਤਰਾਰ ਸਮੇਂ ਦੇ ਨਾਲ ਭੱਜਣ ਦੇ ਕਾਬਲ ਬਣਾਉਂਦਾ ਹੈ।

ਮਹਾਨ ਕ੍ਰਿਕਟ ਖਿਡਾਰੀ ਸਚਿਨ ਤੇਂਦੁਲਕਰ ਲਿਖਦੇ ਹਨ ਕਿ ਖੇਡਾਂ ਸਭ ਤੋਂ ਚੁਣੌਤੀਪੂਰਨ ਹਾਲਾਤਾਂ ਵਿੱਚ ਵੀ ਉਮੀਦ ਅਤੇ ਆਨੰਦ ਲਿਆਉਂਦੀਆਂ ਹਨ। ਇਸ ਲਈ ਖੇਡਣ ਦੀ ਆਦਤ ਬਣਾਓ, ਆਪਣੇ-ਆਪ ਨੂੰ ਅਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਖੁਸ਼ ਰੱਖੋ। ਪ੍ਰੰਤੂ ਅੱਜ ਦੇ ਸਮੇਂ ਵਿੱਚ ਇਹ ਆਮ ਦੇਖਿਆ ਜਾਂਦਾ ਹੈ ਕਿ ਛੋਟੇ ਬੱਚੇ ਤੋਂ ਲੈ ਕੇ ਵੱਡੇ ਵੀ ਮਾਨਸਿਕ ਤਣਾਅ ਮਹਿਸੂਸ ਕਰਦੇ ਹਨ। ਇਸ ਦਾ ਇੱਕੋ-ਇੱਕ ਕਾਰਨ ਹੈ ਸਰੀਰਕ ਤੌਰ 'ਤੇ ਪੂਰੀ ਤਰ੍ਹਾਂ ਤੰਦਰੁਸਤ ਨਾ ਹੋਣਾ।

ਅੱਜ-ਕੱਲ੍ਹ ਤਕਨਾਲੋਜੀ ਦੇ ਦੌਰ ਵਿੱਚ ਮਾਂ-ਬਾਪ ਬੱਚਿਆਂ ਨੂੰ ਤਕਨੀਕ ਦੇ ਨਾਲ-ਨਾਲ ਜੋੜਦੇ ਹੋਏ ਕਿਤੇ ਨਾ ਕਿਤੇ ਬੱਚਿਆਂ ਦੇ ਸਰੀਰਕ ਵਿਕਾਸ ਨੂੰ ਅੱਖੋਂ-ਪਰੋਖੇ ਕਰ ਰਹੇ ਹਨ। ਆਨਲਾਈਨ ਪੜ੍ਹਾਈ, ਮੁਕਾਬਲੇ, ਕਈ ਤਰ੍ਹਾਂ ਦੀਆਂ ਆਨਲਾਈਨ ਗੇਮਾਂ ਨਾਲ ਜੁੜ ਕੇ ਸਾਡੇ ਬੱਚੇ ਸਰੀਰਕ ਤੌਰ 'ਤੇ ਕਮਜ਼ੋਰ ਹੁੰਦੇ ਜਾ ਰਹੇ ਹਨ। ਪਰੰਤੂ ਇੱਥੇ ਸਭ ਤੋਂ ਪਹਿਲਾਂ ਮਾਂ-ਬਾਪ ਦਾ ਫ਼ਰਜ਼ ਬਣਦਾ ਹੈ ਕਿ ਉਹ ਬਚਪਨ ਦੇ ਵਿੱਚ ਹੀ ਬੱਚਿਆਂ ਦੀ ਖੇਡਾਂ ਪ੍ਰਤੀ ਰੁਚੀ ਪੈਦਾ ਕਰਨ।

ਬੱਚਿਆਂ ਨੂੰ ਪਿਆਰ ਦੇ ਨਾਲ ਬਚਪਨ ਦੇ ਵਿੱਚ ਹੀ ਕਿਸੇ ਸਰੀਰਕ ਖੇਡ ਦੇ ਨਾਲ ਜੋੜਿਆ ਜਾ ਸਕਦਾ ਹੈ। ਪਿਤਾ ਦਾ ਫ਼ਰਜ਼



ਬਣਦਾ ਹੈ ਕਿ ਸ਼ਾਮ ਵੇਲੇ ਬੱਚੇ ਨੂੰ ਕਿਸੇ ਪਾਰਕ ਜਾਂ ਖੇਡ ਦੇ ਮੈਦਾਨ ਵਿੱਚ ਜ਼ਰੂਰ ਲੈ ਕੇ ਜਾਵੇ। ਇਹ ਬਹੁਤ ਹੀ ਚਿੰਤਾ ਦਾ ਵਿਸ਼ਾ ਹੈ ਕਿ ਅੱਜ-ਕੱਲ੍ਹ ਬੱਚੇ ਗਰਾਊਂਡ ਤੋਂ ਬਹੁਤ ਹੀ ਦੂਰ ਹੁੰਦੇ ਜਾ ਰਹੇ ਹਨ। ਇੱਥੋਂ ਤੱਕ ਸਕੂਲਾਂ ਦੇ ਵਿੱਚ ਵੀ ਸਰੀਰਕ ਸਿੱਖਿਆ ਦੇ ਪੀਰੀਅਡ ਲਗਭਗ ਖ਼ਤਮ ਹੀ ਹੁੰਦੇ ਜਾ ਰਹੇ ਹਨ। ਇਹ ਆਮ ਦੇਖਿਆ ਜਾ ਸਕਦਾ ਹੈ ਕਿ ਸਕੂਲਾਂ ਦੇ ਵਿੱਚ ਵੀ ਖੇਡਾਂ ਦੇ ਪੀਰੀਅਡ ਦੇ ਦੌਰਾਨ ਦੂਸਰੇ ਵਿਸ਼ਿਆਂ ਦੇ ਅਧਿਆਪਕ ਆਪਣੇ ਪੀਰੀਅਡ ਸੈੱਟ ਕਰਵਾ ਲੈਂਦੇ ਹਨ।

ਉੱਡਣੇ ਸਿੱਖ ਮਿਲਖਾ ਸਿੰਘ ਨੇ ਅਥਲੈਟਿਕਸ ਕਰੀਅਰ ਤੋਂ ਸੇਵਾਮੁਕਤੀ ਤੋਂ ਬਾਅਦ ਲਗਭਗ 30 ਸਾਲਾਂ ਤੋਂ ਵੱਧ ਸਮੇਂ ਤੱਕ ਪੰਜਾਬ ਸਰਕਾਰ ਵਿੱਚ ਡਿਪਟੀ ਡਾਇਰੈਕਟਰ ਸਪੋਰਟਸ ਅਤੇ ਬਾਅਦ ਵਿੱਚ ਡਾਇਰੈਕਟਰ ਖੇਡਾਂ ਅਤੇ ਸਿੱਖਿਆ ਵਜੋਂ ਕੰਮ ਕੀਤਾ। ਆਪਣੇ ਇਸ ਕਾਰਜਕਾਲ ਦੌਰਾਨ ਉਨ੍ਹਾਂ ਨੇ ਪੰਜਾਬ ਦੇ ਹਰ ਸਕੂਲ ਵਿੱਚ ਖੇਡਾਂ ਦੇ ਪੀਰੀਅਡ ਨੂੰ ਲਾਜ਼ਮੀ ਕਰਨ 'ਤੇ ਜ਼ੋਰ ਦਿੱਤਾ। ਜੋ ਕਿ ਉਨ੍ਹਾਂ ਦਾ ਬਹੁਤ ਹੀ ਮਹੱਤਵਪੂਰਨ ਉਪਰਾਲਾ ਸੀ। ਪ੍ਰੰਤੂ ਅੱਜ ਸਕੂਲ ਪੱਧਰ 'ਤੇ ਹੀ ਬੱਚਿਆਂ ਨੂੰ ਗਰਾਊਂਡ ਤੋਂ ਦੂਰ ਕੀਤਾ ਜਾ ਰਿਹਾ ਹੈ।

ਪਿਛਲੇ ਕਈ ਸਾਲਾਂ ਦੌਰਾਨ ਸਾਡੇ ਪੰਜਾਬ ਦੇ ਵਿੱਚ ਤਕਨਾਲੋਜੀ ਬਹੁਤ ਵੱਡੇ ਪੱਧਰ 'ਤੇ ਫੈਲ ਗਈ ਹੈ ਜਿਸ ਸਦਕਾ ਸਾਡੇ ਬੱਚੇ ਘੋਰ, ਕਾਫ਼ੀ ਹੱਦ ਤੱਕ ਨਾ ਦਿਸਣ ਵਾਲੀ, ਦਲਦਲ ਦੇ ਵਿੱਚ ਫਸਦੇ ਨਜ਼ਰ ਆ ਰਹੇ ਹਨ। ਇਸ ਦੇ ਨਾਲ ਉਨ੍ਹਾਂ ਦਾ ਦਿਮਾਗੀ ਵਿਕਾਸ ਤਾਂ ਕੁਝ ਹੱਦ ਤੱਕ ਹੋਇਆ ਹੈ ਪਰੰਤੂ ਉਹ ਮਾਨਸਿਕ ਅਤੇ ਸਰੀਰਕ ਵਿਕਾਸ ਵਿੱਚ ਫਾਡੀ ਰਹਿ ਰਹੇ ਹਨ।

ਕਦੇ ਸਮਾਂ ਹੁੰਦਾ ਸੀ ਕਿ ਪੰਜਾਬ ਦੇ ਸਕੂਲਾਂ ਵਿੱਚ ਹਾਕੀ, ਕ੍ਰਿਕਟ ਜਾਂ ਫੁੱਟਬਾਲ



ਜਿਹੇ ਮੁਕਾਬਲਿਆਂ ਦੇ ਵਿਚ ਸਕੂਲ ਪੱਧਰ ਤੋਂ ਲੈ ਕੇ ਬਲਾਕ, ਜ਼ਿਲ੍ਹਾ ਜਾਂ ਸੂਬਾ ਪੱਧਰ 'ਤੇ ਤਗੜੇ ਮੁਕਾਬਲੇ ਹੁੰਦੇ ਸਨ। ਵਿਦਿਆਰਥੀ ਆਪਣੀ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿਚ ਵੀ ਵਧ-ਚੜ੍ਹ ਕੇ ਹਿੱਸਾ ਲੈਂਦੇ ਸਨ। ਹਰ ਸਕੂਲ ਦੇ ਵਿੱਚ ਕਿਸੇ ਨਾ ਕਿਸੇ ਖੇਡ ਵੰਨਗੀ ਦੀਆਂ ਟੀਮਾਂ ਬਣੀਆਂ ਹੁੰਦੀਆਂ ਸਨ। ਪੰਜਾਬ ਦੇ ਸਕੂਲਾਂ ਵਿਚ ਲੰਬਾ ਸਮਾਂ ਸਾਡੀ ਰਾਸ਼ਟਰੀ ਖੇਡ ਹਾਕੀ ਮਨਪਸੰਦ ਖੇਡ ਰਹੀ ਹੈ।

ਸਰੀਰਕ ਸਿੱਖਿਆ ਅਧਿਆਪਕ ਵੀ ਰੋਜ਼ਾਨਾ ਬੱਚਿਆਂ ਦੀ ਤਿਆਰੀ ਕਰਵਾਉਂਦੇ ਸਨ। ਪਰੰਤੂ ਅਜੋਕੇ ਸਮੇਂ ਵਿੱਚ ਮੋਬਾਇਲ ਫੋਨਾਂ ਅਤੇ ਵੀਡੀਓ ਗੇਮਾਂ ਨੇ ਖੇਡ ਮੈਦਾਨ ਬੱਚਿਆਂ ਤੋਂ ਸੱਖਣੇ ਹੀ ਕਰ ਦਿੱਤੇ ਹਨ। ਅੱਜ ਹਾਲਾਤ ਇਹੋ-ਜਿਹੇ ਬਣ ਗਏ ਹਨ ਕਿ ਜਿਲ੍ਹਾ ਪੱਧਰ ਦੀ ਤਾਂ ਗੱਲ ਛੱਡ ਹੀ ਦੇਈਏ, ਬਲਾਕ ਪੱਧਰ 'ਤੇ ਵੀ ਟੀਮਾਂ ਦੇ ਕੋਈ ਖਾਸ ਮੁਕਾਬਲੇ ਨਹੀਂ ਹੁੰਦੇ।

ਕਿਉਂਕਿ ਪੰਜਾਬ ਦੇ ਵਿੱਚ ਇਨ੍ਹਾਂ ਮੁਕਾਬਲਿਆਂ ਦੇ ਲਈ ਖਿਡਾਰੀ ਹੀ ਪੈਦਾ ਨਹੀਂ ਹੋ ਰਹੇ। ਅੱਜ ਦੇ ਯੁੱਗ ਵਿਚ ਤਕਨਾਲੋਜੀ ਨੇ ਜਿੱਥੇ ਇੱਕ ਕ੍ਰਾਂਤੀ ਲੈ ਕੇ ਆਉਂਦੀ ਹੈ। ਉੱਥੇ ਹੀ ਕਈ ਤਰ੍ਹਾਂ ਦੇ ਨਕਾਰਾਤਮਕ ਪ੍ਰਭਾਵ ਪੈਦਾ ਕੀਤੇ ਹਨ। ਸਾਡੇ ਬੱਚੇ ਸਰੀਰਕ ਕਸਰਤਾਂ ਤੋਂ ਵਾਂਝੇ ਹੋ ਰਹੇ ਹਨ। ਸਰੀਰਕ ਖੇਡਾਂ ਖੇਡਣ ਦੇ ਨਾਲ ਸਾਡੇ ਸਰੀਰ ਦੀ ਹਰ ਤਰ੍ਹਾਂ ਦੀ ਕਸਰਤ ਵੀ ਹੁੰਦੀ ਹੈ। ਬੱਚਿਆਂ ਦੇ ਵਿੱਚ ਆਤਮ-ਵਿਸ਼ਵਾਸ ਦੀ ਭਾਵਨਾ ਪੈਦਾ ਹੁੰਦੀ ਹੈ। ਜ਼ਿੰਦਗੀ ਦੀਆਂ ਮੁਸ਼ਕਲਾਂ ਨੂੰ ਪਾਰ ਕਰਨ ਦੇ ਲਈ ਦ੍ਰਿੜ੍ਹ ਨਿਸ਼ਚੇ ਦਾ ਅਹਿਸਾਸ ਪੈਦਾ ਹੁੰਦਾ ਹੈ।

ਪ੍ਰੰਤੂ ਜਿਸ ਹਿਸਾਬ ਨਾਲ ਸਕੂਲਾਂ ਦੇ ਮੈਦਾਨ ਖਾਲੀ ਹੋ ਰਹੇ ਹਨ ਇਸ ਹਿਸਾਬ ਨਾਲ ਤਾਂ ਸਾਡੇ ਬੱਚੇ ਖੇਡਾਂ ਦੀਆਂ ਵੰਨਗੀਆਂ ਹੀ ਭੁੱਲ ਜਾਣਗੇ। ਆਪ ਖੇਡਣਾ ਤਾਂ ਦੂਰ ਦੂਜਿਆਂ ਨੂੰ ਖੇਡਦੇ ਦੇਖਣ ਦੀ ਦਿਲਚਸਪੀ ਵੀ ਖ਼ਤਮ ਹੁੰਦੀ ਜਾ ਰਹੀ ਹੈ। ਹਾਕੀ ਅਤੇ ਫੁੱਟਬਾਲ ਜਿਹੀਆਂ ਸਰੀਰਕ ਜ਼ੋਰ ਵਾਲੀਆਂ ਖੇਡਾਂ ਤਾਂ ਪੰਜਾਬ ਦੇ ਸਕੂਲਾਂ ਵਿੱਚ ਅਲੋਪ ਹੋਣ ਦੇ ਕਿਨਾਰੇ ਹਨ। ਸਰਕਾਰਾਂ ਦੀ ਨੀਅਤ ਵੀ ਖੇਡਾਂ ਦੇ ਪ੍ਰਤੀ ਨਿਰਾਸ਼ਾਜਨਕ ਹੀ ਰਹੀ ਹੈ।ਖੇਡ ਵਿਭਾਗ ਪੰਜਾਬ ਦਾ ਇੱਥੇ ਅਹਿਮ ਫ਼ਰਜ਼ ਬਣਦਾ ਹੈ ਕਿ ਉਹ ਪੰਜਾਬ ਦੀਆਂ ਵੱਖ-ਵੱਖ ਖੇਡਾਂ ਲਈ ਨਵੀਂ ਪਨੀਰੀ ਪੈਦਾ ਕਰਨ ਦੇ ਲਈ ਸਕੂਲ ਪੱਧਰ ਤੋਂ ਲੈ ਕੇ ਕਾਲਜ ਪੱਧਰ ਤੱਕ ਆਪਣੀ ਬਾਜ ਅੱਖ ਰੱਖੇ। ਖੇਡਾਂ ਨਾਲ ਸਬੰਧਤ ਅਧਿਆਪਕਾਂ ਦੇ ਉਚੇਚੇ ਤੌਰ 'ਤੇ ਸੈਮੀਨਾਰ ਲਾਏ ਜਾਣ। ਸਕੂਲਾਂ ਦੇ ਮੈਦਾਨਾਂ ਨੂੰ ਨਵੇਂ ਸਿਰੇ ਤੋਂ ਤਿਆਰ ਕਰਕੇ ਖੇਡਾਂ ਦੇ ਸੈਂਟਰ ਬਣਾਏ ਜਾਣ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਇਨ੍ਹਾਂ ਸੈਂਟਰਾਂ ਦਾ ਦੌਰਾ ਕਰਨਾ ਜ਼ਰੂਰੀ ਬਣਾਉਣ। ਸਕੂਲਾਂ ਦੇ ਬੱਚੇ ਖੇਡਾਂ ਅਤੇ ਸਰੀਰਕ ਸਿੱਖਿਆ ਦੇ ਪੀਰੀਅਡ ਲਾਉਣੇ ਅਤਿ ਜ਼ਰੂਰੀ ਬਣਾਏ ਜਾਣ। ਮਾਂ-ਬਾਪ ਵੀ ਮਾਪੇ-ਅਧਿਆਪਕ ਮਿਲਣੀ ਦੌਰਾਨ ਸਕੂਲ ਮੁਖੀ ਤੋਂ ਆਪਣੇ ਬੱਚੇ ਦੀ ਖੇਡਾਂ ਪ੍ਰਤੀ ਰੁਚੀ, ਸ਼ਮੂਲੀਅਤ ਆਦਿ ਬਾਰੇ ਜਾਣਕਾਰੀ ਲੈਂਦੇ ਰਹਿਣ। ਅੰਤ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਮਾਪੇ ਹੀ ਅਸਲ ਵਿੱਚ ਖੇਡਾਂ ਦੇ ਮਾਮਲੇ ਵਿਚ ਬੱਚਿਆਂ ਦੇ ਪਹਿਲੇ ਅਧਿਆਪਕ ਬਣ ਸਕਦੇ ਹਨ।

# ਬੱਚਿਆਂ ਨੂੰ ਚੰਗਾ ਇਨਸਾਨ ਬਣਾਉਣ ਦੀ ਪਹਿਲ

ਰਾਕੇਸ਼ ਕੁਮਾਰ

ਜ਼ਿੰਦਗੀ ਵਿੱਚ ਹਰ ਚੰਗੀ ਗੱਲ ਦਾ ਵਿਸ਼ੇਸ਼ ਮਹੱਤਵ ਹੁੰਦਾ ਹੈ।ਜੋ ਸਾਡੇ ਜੀਵਨ ਨੂੰ ਸਹੀ ਦਿਸ਼ਾ ਪ੍ਰਦਾਨ ਕਰਦੀ ਹੈ।ਚੰਗੀਆਂ ਗੱਲਾਂ ਵਿੱਚੋਂ ਗਿਆਨ ਉਪਜਦਾ ਹੈ ਤੇ ਅਸੀਂ ਉਸ ਗਿਆਨ ਦੇ ਜਰੀਏ ਜ਼ਿੰਦਗੀ ਦੇ ਵੱਡੇ-ਵੱਡੇ ਫੈਸਲੇ ਕਰ ਸਕਦੇ ਹਾਂ। ਬੱਚਿਆਂ ਨੂੰ ਚੰਗੀਆਂ ਗੱਲਾਂ ਬਾਰੇ ਦੱਸਣਾ ਬਹੁਤ ਜ਼ਰੂਰ ਹੈ। ਜਿਸ ਦੀ ਸ਼ੁਰੂਆਤ ਘਰ ਤੋਂ ਹੁੰਦੀ ਹੈ । ਘਰ ਦਾ ਖੁਸ਼ਨੁਮਾ ਮਾਹੌਲ ਬੱਚੇ ਦੇ ਦਿਮਾਗੀ ਵਿਕਾਸ ਲਈ ਬਹੁਤ ਜ਼ਰੂਰੀ ਹੈ। ਜੋ ਗੱਲਾਂ ਬੱਚੇ ਦੇ ਦਿਮਾਗ ਵਿੱਚ ਸ਼ੁਰੂ ਤੋਂ ਬੈਠ ਜਾਣ ਉਨ੍ਹਾਂ ਦਾ ਅਸਰ ਸਾਰੀ ਉਮਰ ਵੇਖਣ ਨੂੰ ਮਿਲਦਾ ਹੈ, ਫਿਰ ਚਾਹੇ ਗੱਲਾਂ ਚੰਗੀਆਂ ਹੋਣ ਜਾਂ ਮਾੜੀਆਂ। ਬੱਚੇ ਦੀਆਂ ਆਦਤਾਂ ਵੱਲ ਧਿਆਨ ਕੇਂਦਰਤ ਰੱਖਣਾ ਮਾਪਿਆਂ ਦਾ ਮੁੱਢਲਾ ਫਰਜ਼ ਹੈ। ਜੋ ਆਦਤਾਂ ਅਸੀਂ ਬੱਚੇ ਨੂੰ ਬਚਪਨ ਤੋਂ ਹੀ ਸਿਖਾ ਦੇਵਾਂਗੇ ਉਹੀ ਆਦਤਾਂ ਉਸ ਦੇ ਚਰਿੱਤਰ ਦਾ ਨਿਰਮਾਣ ਕਰਨਗੀਆਂ। ਆਦਤਾਂ ਦਾ ਪੱਕੇ ਤੌਰ 'ਤੇ ਨਿਰਮਾਣ ਮਾਪਿਆਂ ਦੁਆਰਾ ਸਿਖਾਈਆਂ ਜਾਣ ਵਾਲੀਆਂ ਗੱਲਾਂ ਤੋਂ ਹੁੰਦਾ ਹੈ। ਚੰਗਾ-ਮਾੜਾ, ਸੱਚ-ਝੂਠ ਤੇ ਗ਼ਲਤ-ਸਹੀ ਸਾਰੀਆਂ ਹੀ ਗੱਲਾਂ ਬੱਚਾ ਘਰ ਤੋਂ ਹੀ ਸਿਖਦਾ ਹੈ ਕਿਉਂਕਿ ਬੱਚੇ ਦੇ ਪਹਿਲੇ ਅਧਿਆਪਕ ਮਾਪੇ ਹੀ ਹੁੰਦੇ ਹਨ। ਚੰਗੀਆਂ ਗੱਲਾਂ ਵਿੱਚ ਬੱਚਿਆਂ ਨੂੰ ਸਿੱਖਿਆਦਾਇਕ ਕਹਾਣੀਆਂ ਸੁਣਾ ਸਕਦੇ ਹਾਂ, ਕਿਸੇ ਵਿਅਕਤੀ ਵਿਸ਼ੇਸ਼ ਦੀ ਜੀਵਨੀ ਬਾਰੇ ਜਾਣਕਾਰੀ ਦੇ ਸਕਦੇ ਹਾਂ, ਬੁਝਾਰਤਾਂ ਨਾਲ ਉਸਦਾ ਮਨ ਪਰਚਾਵਾ ਤੇ ਦਿਮਾਗੀ ਕਸਰਤ ਕਰਵਾ ਸਕਦੇ ਹਾਂ। ਚੰਗੀਆਂ ਕਿਤਾਬਾਂ ਪੜ੍ਹਨ ਦੀ ਆਦਤ ਪਾਉਣਾ ਦੇ ਨਾਲ-ਨਾਲ ਆਪਣੇ ਸੱਭਿਆਚਾਰ ਬਾਰੇ ਦੱਸਣਾ ਬਹੁਤ ਜ਼ਰੂਰੀ ਹੈ।

ਬੱਚੇ ਮਾਨਸਿਕ ਰੂਪ ਵਿੱਚ ਆਪਣੇ ਸਮਾਜ ਪ੍ਰਤੀ ਚੰਗੀ ਸੋਚ ਰੱਖਣ ਤਾਂ ਜੋ ਉਹ ਚੰਗੇ ਨਾਗਰਿਕ ਹੋਣ ਦਾ ਫਰਜ਼ ਵੀ ਨਿਭਾ ਸਕਣ। ਘਰ ਬੱਚਿਆਂ ਦਾ ਪਹਿਲਾ ਸਕੂਲ ਹੁੰਦਾ ਹੈ ਅਤੇ ਮਾਪੇ ਅਧਿਆਪਕ ਹੁੰਦੇ ਹਨ। ਬੱਚਿਆਂ ਨੂੰ ਉੱਚ ਆਦਰਸ਼ ਵਾਲਾ ਜੀਵਨ ਜਿਉਣ ਦਾ ਢੰਗ ਦੱਸ ਕੇ ਮਾਪੇ ਬੱਚਿਆਂ ਦੇ ਮਾਰਗ ਦਰਸ਼ਕ ਬਣ ਸਕਦੇ ਹਨ। ਸਮੇਂ ਸਿਰ ਉੱਠਣਾ, ਪੜ੍ਹਾਈ ਦੌਰਾਨ ਗੱਲਾਂ ਨਾ ਕਰਨਾ, ਖਾਣ ਤੋਂ ਪਹਿਲਾ ਤੇ ਬਾਅਦ ਵਿੱਚ ਹੱਥਾਂ ਨੂੰ ਧੋਣਾ, ਟੀ.ਵੀ ਘੱਟ ਦੇਖਣਾ, ਵੱਡਿਆਂ ਦਾ ਸਤਿਕਾਰ ਕਰਨਾ, ਲੜਾਈ ਨਾ ਕਰਨਾ, ਕਿਸੇ ਦੀ ਬੁਰਾਈ ਨਾ ਕਰਨਾ, ਆਪਣੇ ਦੋਸਤਾਂ ਨਾਲ ਚੰਗੇ ਸਬੰਧ ਬਣਾ ਕੇ ਰੱਖਣਾ, ਕਮਜ਼ੋਰਾਂ ਦੀ ਮਦਦ ਕਰਨਾ, ਹਮੇਸ਼ਾ ਸੱਚ ਬੋਲਣਾ ਆਦਿ। ਚੰਗੀਆਂ ਗੱਲਾਂ ਦੱਸਣ ਲਈ ਕਿਸੇ ਵਿਸ਼ੇਸ਼ ਕਲਾਸ ਦੀ ਲੋੜ ਨਹੀਂ ਬਲਕਿ ਮਾਪਿਆਂ ਨੂੰ ਬੱਚਿਆਂ ਦੇ ਸਾਹਮਣੇ ਰੋਲ-ਮਾਡਲ ਬਣ ਕੇ ਸਿਖਾਉਣੀਆਂ ਚਾਹੀਦੀਆਂ ਹਨ। ਜਿਹੜੀਆਂ ਗੱਲਾਂ ਅਸੀਂ ਬੱਚਿਆਂ ਨੂੰ ਸਿਖਾ ਰਹੇ ਹਾਂ ਉਨ੍ਹਾਂ 'ਤੇ ਪਹਿਲਾਂ ਖੁਦ ਨੂੰ ਪਹਿਰਾ ਦੇਣਾ ਚਾਹੀਦਾ ਹੈ ਕਿਉਂਕਿ ਬਹੁਤ ਸਾਰੀਆਂ ਗੱਲਾਂ ਬੱਚੇ ਦੇਖਾ-ਦੇਖੀ ਵਿੱਚ ਸਿੱਖਦੇ ਹਨ।ਸਕੂਲ ਵਿੱਚ ਵੀ ਬੱਚਿਆਂ ਨੂੰ ਅਧਿਆਪਕਾਂ ਦੁਆਰਾ ਕਿਤਾਬੀ ਗਿਆਨ ਦੇ ਨਾਲ-ਨਾਲ ਨੈਤਿਕ ਸਿੱਖਿਆ ਦਿੱਤੀ



ਜਾਂਦੀ ਹੈ। ਇਸ ਲਈ ਜੇਕਰ ਬੱਚੇ ਅਤੇ ਮਾਪੇ ਸ਼ੁਰੂ ਤੋਂ ਹੀ ਕੋਸ਼ਿਸ਼ ਕਰਨ ਤਾਂ ਬੱਚਿਆਂ ਵਿੱਚ ਇੱਕ ਚੰਗਾ ਇਨਸਾਨ ਬਣਨ ਦੇ ਸਾਰੇ ਗੁਣ ਆ ਸਕਦੇ ਹਨ ਤੇ ਉਹ ਆਪ ਮੁਹਾਰੇ ਹੀ ਚੰਗੀਆਂ ਤੇ ਸਹੀ ਗੱਲਾਂ ਨੂੰ ਹੀ ਸੋਚਣ ਦੇ ਕਾਬਲ ਬਣ ਸਕਦੇ ਹਨ, ਜਿਸ ਨਾਲ ਉਹ ਜ਼ਿੰਦਗੀ ਵਿੱਚ ਅੱਗੇ ਜਾ ਕੇ ਆਪਣੇ ਕੈਰੀਅਰ ਨਾਲ ਸਬੰਧਤ ਅਹਿਮ ਫੈਸਲੇ ਲੈ ਸਕਦੇ ਹਨ।

## ਕਰੋਨਾ ਦੀ ਮਹਾਂਮਾਰੀ ਤੋਂ ਬਾਅਦ ਫਰੀਜਨੋ ਕੈਲੀਫੋਰਨੀਆ 'ਚ

# ਪਹਿਲਾ ਅੰਤਰਰਾਸ਼ਟਰੀ ਕਬੱਡੀ ਕੱਪ

## *ਸ਼ਹੀਦ ਉਧਮ ਸਿੰਘ, ਸ਼ਹੀਦ ਭਗਤ ਸਿੰਘ ਸਪੋਰਟਸ ਕਲੱਬਾਂ ਵਲੋਂ ਸਮੂਹ ਖੇਡ ਕਲੱਬਾਂ, ਖੇਡ ਪ੍ਰੇਮੀਆ ਦੇ ਸਹਿਯੋਗ ਨਾਲ*

## 9 ਅਕਤੂਬਰ ਦਿਨ ਐਤਵਾਰ ਨੂੰ



ਕਰੋਨਾਵਾਇਰਸ ਦੀ ਭਿਆਨਕ ਮਹਾਮਾਰੀ ਬਿਮਾਰੀ ਤੋਂ ਬਾਦ ਫਰੀਜਨੋ ਕੈਲੀਫੋਰਨੀਆ ਵਿੱਚ ਪਹਿਲਾ ਅੰਤਰਰਾਸ਼ਟਰੀ ਕਬੱਡੀ ਕੱਪ ਸ਼ਹੀਦ ਉਧਮ ਸਿੰਘ ਸ਼ਹੀਦ ਭਗਤ ਸਿੰਘ ਅਤੇ ਸਮੂਹ ਖੇਡ ਕਲੱਬਾਂ ਖੇਡ ਪ੍ਰੇਮੀਆਂ ਦੇ ਸਹਿਯੋਗ ਨਾਲ 9 ਅਕਤੂਬਰ ਦਿਨ ਐਤਵਾਰ ਨੂੰ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੀ ਅਗਵਾਈ ਵਿੱਚ ਕਰਵਾਇਆ ਜਾ ਰਿਹਾ ਹੈ ਜਿਥੇ ਦੁਨੀਆ ਦੇ ਸੁਪਰ ਸਟਾਰ ਕਬੱਡੀ ਦੇ ਖਿਡਾਰੀ ਭਾਗ ਲੈਣਗੇ। ਇਹ ਅੰਤਰਰਾਸ਼ਟਰੀ ਕਬੱਡੀ ਕੱਪ ਦੁਨੀਆ ਦੀ ਇੱਕ ਆਲੇ ਦਰਜੇ ਦੀ ਗਰਾਊਂਡ Chukchansi Park ਫਰੀਜਨੋ ਕੈਲੀਫੋਰਨੀਆ ਦੇ ਵੱਡੇ ਸਟੇਡੀਅਮ ਵਿੱਚ ਹੋਣਗੇ ਜਿਸਦਾ ਐਡਰੈਸ 1800 Tulare St, Fresno, CA 93721 ਹੈ। ਇਸ ਬਾਰੇ 'ਸਾਡੇ ਲੋਕ' ਅਖਬਾਰ ਨਾਲ ਗੱਲਬਾਤ ਕਰਦੇ ਹੋਏ ਪ੍ਰਬੰਧਕ ਵੀਰਾਂ ਨੇ ਦੱਸਿਆ ਕਿ ਇਹ ਕਰੋਨਾ ਦੀ ਮਹਾਂਮਾਰੀ ਤੋਂ ਬਾਅਦ ਫਰੀਜਨੋ ਵਿੱਚ ਪਹਿਲਾ ਅੰਤਰਰਾਸ਼ਟਰੀ ਕਬੱਡੀ ਕੱਪ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਯੂ ਐਸ ਏ ਦੀ ਅਗਵਾਈ 'ਚ ਸ਼ਹੀਦ ਉਧਮ ਸਿੰਘ, ਸ਼ਹੀਦ ਭਗਤ ਸਿੰਘ ਸਪੋਟਸ ਕਲੱਬਾਂ ਵਲੋਂ ਸਮੂਹ ਖੇਡ ਕਲੱਬਾਂ, ਖੇਡ ਪ੍ਰੇਮੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ।




ਅਮਰੀਕਾ ਦੇ ਕੈਲੀਫੋਰਨੀਆ ਵਿਖੇ ਇਸ ਸਟੇਡੀਅਮ ਵਿਚ ਇਹ ਅੰਤਰਰਾਸ਼ਟਰੀ ਕਬੱਡੀ ਕੱਪ ਖੇਡਿਆ ਜਾਵੇਗਾ।

## ਹੋਰ ਜਾਣਕਾਰੀ ਲਈ ਸੰਪਰਕ ਕਰੋ 559-479-1804

**1800 Tulare St, Fresno, CA 93721**

## ਸਿੱਖ ਬੁੱਧੀਜੀਵੀ ਤੇ ਕੌਮੀ ਘੱਟਗਿਣਤੀ ਕਮਿਸ਼ਨ

ਇਹ ਐਸਜੀਪੀਸੀ ਦੇ ਮਾਮਲਿਆਂ ਵਿੱਚ ਕੇਂਦਰੀ ਦਖਲਅੰਦਾਜ਼ੀ ਨੂੰ ਖ਼ਤਮ ਕਰਨ ਦਾ ਇੱਕ ਮੌਕਾ ਹੈ ਅਤੇ ਸੁਪਰੀਮ ਕੋਰਟ ਦਾ ਫੈਸਲਾ ਇਸ ਲਈ ਰਾਹ ਪੱਧਰਾ ਕਰਦਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਿੱਖ ਗੁਰਦੁਆਰਾ ਮਾਮਲਿਆਂ 'ਤੇ ਕੇਂਦਰੀ ਕੰਟਰੋਲ ਨੂੰ ਖ਼ਤਮ ਕਰਨ ਲਈ ਬਿਲਕੁਲ ਵੀ ਗੰਭੀਰ ਨਹੀਂ ਹੈ।

ਸਾਬਕਾ ਆਈਏਐਸ ਅਧਿਕਾਰੀ ਅਤੇ ਉੱਘੇ ਸਿੱਖ ਲੇਖਕ ਗੁਰਤੇਜ ਸਿੰਘ ਆਈਏਐਸ ਨੇ ਵੀ ਕਿਹਾ ਕਿ ਹਰਿਆਣਾ ਦੇ ਸਿੱਖ ਆਪਣੇ ਰਾਜ ਵਿੱਚ ਗੁਰਦੁਆਰਿਆਂ ਦੇ ਮਾਮਲਿਆਂ ਦਾ ਪ੍ਰਬੰਧ ਕਰਨ ਦੇ ਅਧਿਕਾਰ ਰੱਖਦੇ ਹਨ। ਇਹ ਪੰਜਾਬ ਅਸੈਂਬਲੀ ਐਕਟ ਅਨੁਸਾਰ ਹੀ ਸੀ ਅਤੇ ਕੇਂਦਰ ਸਰਕਾਰ ਦਾ ਦਖਲ 1966 ਵਿਚ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਹੀ ਸ਼ੁਰੂ ਹੋਇਆ ਸੀ। ਹੁਣ ਇਹ ਕੇਂਦਰੀ ਦਖਲਅੰਦਾਜ਼ੀ ਨੂੰ ਖਤਮ ਕਰਨ ਅਤੇ ਸ਼੍ਰੋਮਣੀ ਕਮੇਟੀ ਨਾਲ ਸਬੰਧਤ ਸਾਰੇ ਮਾਮਲਿਆਂ ਨੂੰ ਪੰਜਾਬ ਵਿਧਾਨ ਸਭਾ ਅਤੇ ਪੰਜਾਬ ਸਰਕਾਰ ਕੋਲ ਲਿਆਉਣ ਦਾ ਯੋਗ ਮੌਕਾ ਹੈ।

ਉੱਘੇ ਸਿੱਖ ਲੇਖਕ ਹਰਸਿਮਰਨ ਸਿੰਘ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਹੁਣ ਭਾਈਚਾਰੇ ਅਤੇ ਇਸ ਦੇ ਆਗੂਆਂ ਨੂੰ ਅੱਗੇ ਵਧਣ ਦਾ ਰਾਹ ਲੱਭਣਾ ਚਾਹੀਦਾ ਹੈ। ਉਨ੍ਹਾਂ ਦਲੀਲ ਦਿੱਤੀ ਕਿ ਹਰਿਆਣਾ ਨੂੰ ਵੱਖਰੀ ਕਮੇਟੀ ਮਿਲਣ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਮਾਮਲਿਆਂ ਵਿੱਚ ਕੇਂਦਰੀ ਦਖ਼ਲਅੰਦਾਜ਼ੀ ਦਾ ਕੋਈ ਮਤਲਬ ਨਹੀਂ ਰਹਿ ਜਾਂਦਾ।

ਦੂਸਰੇ ਪਾਸੇ ਵੱਖਰੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਐਕਟ ਨੂੰ ਰੱਦ ਕਰਵਾਉਣ ਦੀ ਮੰਗ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਸ੍ਰੀ ਦਰਬਾਰ ਸਾਹਿਬ ਤੋਂ ਸਥਾਨਕ ਡਿਪਟੀ ਕਮਿਸ਼ਨਰ ਦਫ਼ਤਰ ਤੱਕ ਕਾਲੀਆਂ ਦਸਤਾਰਾਂ ਸਜਾ ਕੇ ਵਿਸ਼ਾਲ ਰੋਸ ਮਾਰਚ ਕੱਢਿਆ ਗਿਆ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਮ ਮੰਗ ਪੱਤਰ ਸੌਂਪਿਆ ਗਿਆ। ਡਿਪਟੀ ਕਮਿਸ਼ਨਰ ਵਲੋਂ ਮੰਗ ਪੱਤਰ ਲੈਣ ਲਈ ਉਪਲਬਧ ਨਾ ਹੋਣ ਕਾਰਨ ਅਤੇ ਵਧੀਕ ਡਿਪਟੀ ਕਮਿਸ਼ਨਰ ਸੁਰਿੰਦਰ ਸਿੰਘ ਨੂੰ ਮੰਗ ਪੱਤਰ ਸੌਂਪਣ ਤੋਂ ਇਨਕਾਰ ਕਰਨ ਉਪਰੰਤ ਸ਼੍ਰੋਮਣੀ ਕਮੇਟੀ ਅਹੁਦੇਦਾਰਾਂ, ਮੈਂਬਰਾਂ ਤੇ ਕਰਮਚਾਰੀਆਂ ਨੂੰ ਡੀ. ਸੀ. ਦਫ਼ਤਰ ਸਾਹਮਣੇ ਕਰੀਬ ਡੇਢ ਘੰਟੇ ਤੱਕ ਰੋਸ ਧਰਨਾ ਵੀ ਦੇਣਾ ਪਿਆ ਤੇ ਡੀ. ਸੀ. ਹਰਪ੍ਰੀਤ ਸਿੰਘ ਸੂਦਨ ਵਲੋਂ ਮੰਗ ਪੱਤਰ ਲੈਣ ਲਈ ਖ਼ੁਦ ਧਰਨੇ ਵਾਲੀ ਥਾਂ 'ਤੇ ਆਉਣ ਤੋਂ ਬਾਅਦ ਹੀ ਧਰਨਾ ਸਮਾਪਤ ਕੀਤਾ ਗਿਆ। ਦੂਜੇ ਪਾਸੇ ਰੋਸ ਮਾਰਚ 'ਚ ਸ਼੍ਰੋਮਣੀ ਕਮੇਟੀ ਦੇ ਕੇਵਲ 48 ਦੇ ਕਰੀਬ ਮੈਂਬਰ ਹੀ ਸ਼ਾਮਿਲ ਹੋਏ, ਜਦੋਂਕਿ ਦੂਜੇ ਪਾਸੇ ਸ਼੍ਰੋਮਣੀ ਕਮੇਟੀ ਦੇ ਵੱਡੀ ਗਿਣਤੀ ਵਿਚ ਅਧਿਕਾਰੀਆਂ ਤੇ ਕਰਮਚਾਰੀਆਂ ਤੋਂ ਇਲਾਵਾ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਜਥਿਆਂ ਵੀ ਨੇ ਕਾਲੀਆਂ ਦਸਤਾਰਾਂ ਸਜਾ ਕੇ ਸ਼ਮੂਲੀਅਤ ਕੀਤੀ। ਰੋਸ ਧਰਨੇ ਦੌਰਾਨ ਪ੍ਰਧਾਨ ਐਡਵੋਕੇਟ ਧਾਮੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਸੁਪਰੀਮ ਕੋਰਟ ਵਲੋਂ ਹਰਿਆਣਾ ਲਈ ਵੱਖਰੇ ਗੁਰਦੁਆਰਾ ਐਕਟ 2014 ਨੂੰ ਮਾਨਤਾ ਦੇਣ ਕਾਰਨ ਸਿੱਖ ਜਗਤ ਅੰਦਰ ਭਾਰੀ ਰੋਸ ਹੈ ਅਤੇ ਇਹ ਫ਼ੈਸਲਾ ਸਿੱਖਾਂ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਤੋੜਨ ਵਾਲਾ ਹੈ ਪਰ ਕਿਸੇ ਵੀ ਕੀਮਤ 'ਤੇ ਇਸ ਨੂੰ ਵੰਡਣ ਨਹੀਂ ਦਿੱਤਾ ਜਾਵੇਗਾ। ਇਸੇ ਦੌਰਾਨ ਐਡਵੋਕੇਟ ਧਾਮੀ ਨੇ ਦੱਸਿਆ ਕਿ ਕਿ ਸ਼੍ਰੋਮਣੀ ਕਮੇਟੀ ਤੋੜਨ ਵਿਰੁੱਧ ਉਲੀਕੇ ਅਗਲੇ ਪ੍ਰੋਗਰਾਮ ਤਹਿਤ 7 ਅਕਤੂਬਰ ਨੂੰ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ, ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਅਤੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਪਾਤਸ਼ਾਹੀ ਛੇਵੀਂ ਅੰਬਾਲਾ ਹਰਿਆਣਾ ਤੋਂ ਤਿੰਨ ਪੰਥਕ ਰੋਸ ਮਾਰਚ ਕੱਢੇ ਜਾਣਗੇ ਤੇ ਇਸੇ ਦਿਨ ਸ਼ਾਮ ਨੂੰ ਇਨ੍ਹਾਂ ਰੋਸ ਮਾਰਚਾਂ ਵਿਚ ਸ਼ਾਮਿਲ ਸੰਗਤਾਂ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚ ਕੇ ਸੰਘਰਸ਼ ਦੀ ਕਾਮਯਾਬੀ ਲਈ ਅਰਦਾਸ ਕੀਤੀ ਜਾਵੇਗੀ।

### ਕੌਮੀ ਘੱਟਗਿਣਤੀ ਕਮਿਸ਼ਨ ਦਾ ਪੱਖ

ਗੁਰਦੁਆਰਿਆਂ ਦੇ ਪ੍ਰਬੰਧ ਅਤੇ ਮਰਿਆਦਾ ਵਿਚ ਇਕਸਾਰਤਾ ਅਤੇ ਭਾਈਚਾਰੇ ਵਿਚ ਇਕਸੁਰਤਾ ਪ੍ਰਾਪਤ ਕਰਨ ਵਿਚ ਮਦਦ ਕਰ ਸਕਦਾ ਹੈ। ਹਾਲਾਂਕਿ, ਕੁਝ ਲੋਕ ਆਪਣੇ ਕੰਟਰੋਲ ਨੂੰ ਜਾਰੀ ਰੱਖਣ ਲਈ ਛੋਟੀਆਂ ਕਮੇਟੀਆਂ ਤੋਂ ਖੁਸ਼ ਹੋਣਗੇ। ਉਨ੍ਹਾਂ ਕਿਹਾ ਕਿ ਕਈ ਵਾਰ ਬਾਹਰਲੇ ਸਿੱਖ ਦੁਖੀ ਹੁੰਦੇ ਹਨ ਕਿਉਂਕਿ ਉਨ੍ਹਾਂ ਦੀ ਸ਼੍ਰੋਮਣੀ ਕਮੇਟੀ ਵਿਚ ਕੋਈ ਸੁਣਵਾਈ ਨਹੀਂ, ਨਾ ਰਾਜਨੀਤੀ ਵਿਚ। ਜੇਕਰ ਕੌਮ ਦੀ ਆਲ ਇੰਡੀਆ ਪੱਧਰ ਦੀ ਵੱਡੀ ਸੰਸਥਾ ਹੋਵੇ ਤਾਂ ਉਨ੍ਹਾਂ ਦੀ ਪਿੱਠ 'ਤੇ ਵੀ ਚੰਗੀ ਤਾਕਤ ਆ ਸਕਦੀ ਹੈ। ਆਲ ਇੰਡੀਆ ਐਕਟ ਪਾਸ ਕਰਵਾਉਣ ਲਈ ਕੇਂਦਰ ਸਰਕਾਰ ਨਾਲ ਸੰਪਰਕ ਕਰਨ ਦਾ ਸਮਾਂ ਆ ਗਿਆ ਹੈ। ਯਾਦ ਰਹੇ ਕਿ ਤਤਕਾਲੀ ਚੀਫ ਕਮਿਸ਼ਨਰ ਗੁਰਦੁਆਰਾ ਚੋਣਾਂ ਦੇ ਚੀਫ ਜਸਟਿਸ ਹਰਬੰਸ ਸਿੰਘ (ਸੇਵਾਮੁਕਤ) ਨੇ 1999 ਵਿੱਚ ਆਪਣਾ ਖਰੜਾ ਭੇਜਿਆ ਸੀ, ਐਸਜੀਪੀਸੀ ਨੇ ਜਸਟਿਸ ਕੇ ਐਸ ਟਿਵਾਣਾ ਦੀ ਅਗਵਾਈ ਵਿੱਚ ਇੱਕ 'ਸਕ੍ਰੀਨਿੰਗ ਸਬ-ਕਮੇਟੀ' ਬਣਾਈ ਸੀ ਜਿਸ ਨੇ 2002 ਵਿੱਚ ਐਸਜੀਪੀਸੀ ਨੂੰ ਬਿੱਲ ਦਾ ਸੋਧਿਆ ਖਰੜਾ ਸੌਂਪਿਆ ਸੀ।

ਐਸਜੀਪੀਸੀ ਦੇ ਮੌਜੂਦਾ ਪ੍ਰਧਾਨ ਐਚਐਸ ਧਾਮੀ ਵੀ ਪੈਨਲ ਦੇ ਮੈਂਬਰ ਸਨ। ਧਾਮੀ ਨੇ ਹਾਲ ਹੀ ਵਿੱਚ ਦੱਸਿਆ ਕਿ ਸ਼੍ਰੋਮਣੀ ਕਮੇਟੀ ਨੇ ਇਸਦੀ ਪੈਰਵੀ ਕੀਤੀ ਸੀ ਪਰ ਉਸ ਸਮੇਂ ਕੇਂਦਰ (ਵਾਜਪਾਈ) ਸਰਕਾਰ ਨੇ ਕੋਈ ਯੋਗ ਹੁੰਗਾਰਾ ਨਹੀਂ ਦਿਤਾ ਸੀ।

ਐਡਵੋਕੇਟ ਧਾਮੀ ਨੇ ਕਿਹਾ ਕਿ ਸਿੱਖਾਂ ਦੀ ਮਹਾਨ ਸੰਸਥਾ ਸ਼੍ਰੋਮਣੀ ਕਮੇਟੀ ਦੀ ਸਲਾਮਤੀ ਲਈ ਸਮੁੱਚੇ ਖ਼ਾਲਸਾ ਪੰਥ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ 'ਚ ਇਕਜੁੱਟ ਹੋ ਕੇ ਸੰਘਰਸ਼ ਲੜਿਆ ਜਾਵੇਗਾ। ਉਨ੍ਹਾਂ ਕਿਹਾ ਕਿ ਵੱਖਰੀ ਹਰਿਆਣਾ ਕਮੇਟੀ ਕਾਨੂੰਨ ਨੂੰ ਮਾਨਤਾ ਸ਼੍ਰੋਮਣੀ ਕਮੇਟੀ ਦੇ 102 ਸਾਲਾ ਇਤਿਹਾਸ ਅਤੇ ਸਾਡੀ ਰੂਹ 'ਤੇ ਕੀਤਾ ਗਿਆ ਵਾਰ ਹੈ ਪਰ ਸਿੱਖ ਸ਼ਕਤੀ ਨੂੰ ਕਮਜ਼ੋਰ ਕਰਨ ਵਾਲੀਆਂ ਧਿਰਾਂ ਕਾਂਗਰਸ, ਆਰ. ਐਸ. ਐਸ. ਦੀ ਅਗਵਾਈ ਵਾਲੀ ਭਾਜਪਾ ਤੇ ਆਮ ਆਦਮੀ ਪਾਰਟੀ ਦੀਆਂ ਚਾਲਾਂ ਸਫ਼ਲ ਨਹੀਂ ਹੋਣ ਦਿੱਤੀਆਂ ਜਾਣਗੀਆਂ। ਉਨ੍ਹਾਂ ਦਸਿਆ ਕਿ ਇਜਲਾਸ ਦੌਰਾਨ ਆਪਣੇ ਵਲੋਂ ਵਿਸ਼ੇਸ਼ ਮਤਾ ਲਿਆਉਂਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਅਪੀਲ ਕੀਤੀ ਸੀ ਕਿ ਉਹ ਇਸ ਅਹਿਮ ਮਾਮਲੇ 'ਤੇ ਸਮੁੱਚੀਆਂ ਸਿੱਖ ਸੰਪ੍ਰਦਾਵਾਂ, ਸਭਾ ਸੁਸਾਇਟੀਆਂ, ਕਾਰ ਸੇਵਾ ਸੰਪਰਦਾਵਾਂ, ਗੁਰਮਤਿ ਟਕਸਾਲਾਂ, ਨਿਹੰਗ ਸਿੰਘ ਜਥੇਬੰਦੀਆਂ, ਸੇਵਾ ਪੰਥੀਆਂ, ਨਿਰਮਲਿਆਂ ਸਮੇਤ ਦੇਸ਼-ਵਿਦੇਸ਼ ਦੇ ਪ੍ਰਮੁੱਖ ਸਿੱਖਾਂ ਦੀ ਇਕ ਵਿਸ਼ੇਸ਼ ਇਕੱਤਰਤਾ ਬੁਲਾਉਣ ਅਤੇ ਇਸ ਤੋਂ ਬਾਅਦ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ 'ਚ ਠੋਸ ਫ਼ੈਸਲਾ ਲੈਣ।

***

## ਆਈਜੀਪੀ ਛੀਨਾ ਦੀ ਅਗਵਾਈ 'ਚ ਚਾਰ ਮੈਂਬਰੀ ਐੱਸਆਈਟੀ ਬਣੀ

ਮੁਲਜ਼ਮ ਤੇ ਸ਼ਾਰਪ ਸ਼ੂਟਰ ਦੀਪਕ ਟੀਨੂੰ ਕੁਛ ਸਮਾਂ ਪਹਿਲਾਂ ਤੜਕੇ ਤਿੰਨ ਵਜੇ ਮਾਨਸਾ ਸੀਆਈਏ ਹਿਰਾਸਤ ਵਿਚੋਂ ਫ਼ਰਾਰ ਹੋ ਗਿਆ ਸੀ। ਸੂਤਰਾਂ ਅਨੁਸਾਰ ਉਸ ਨੂੰ ਗੋਇੰਦਵਾਲ ਦੀ ਜੇਲ੍ਹ ਵਿਚੋਂ ਕਿਸੇ ਪੁੱਛ-ਪੜਤਾਲ ਲਈ ਇਥੇ ਲਿਆਂਦਾ ਗਿਆ ਸੀ ਅਤੇ ਉਹ ਸੀਆਈਏ ਦੀ ਹਿਰਾਸਤ ਵਿਚੋਂ ਫ਼ਰਾਰ ਹੋ ਗਿਆ। ਉਹ ਲਾਰੈਂਸ ਬਿਸ਼ਨੋਈ ਗੈਂਗ ਦਾ ਨਜ਼ਦੀਕੀ ਹੈ। ਪੰਜਾਬ ਪੁਲੀਸ ਨੇ ਪੰਜਾਬ ਅਤੇ ਹਰਿਆਣਾ ਵਿੱਚ ਵੀ ਤਲਾਸ਼ੀ ਮੁਹਿੰਮ ਚਲਾ ਦਿੱਤੀ ਹੈ। ਟੀਨੂੰ, ਮੂਸੇਵਾਲਾ ਕਤਲ ਕੇਸ ਵਿੱਚ ਚਾਰਜਸ਼ੀਟ ਕੀਤੇ 24 ਮੁਲਜ਼ਮਾਂ ਵਿੱਚੋਂ ਇੱਕ ਹੈ। 4 ਜੁਲਾਈ ਨੂੰ ਪੰਜਾਬ ਪੁਲਿਸ ਟੀਨੂੰ ਨੂੰ ਮੂਸੇਵਾਲਾ ਕਤਲ ਕੇਸ ਵਿੱਚ ਗ੍ਰਿਫ਼ਤਾਰ ਕਰਨ ਤੋਂ ਬਾਅਦ ਪ੍ਰੋਡਕਸ਼ਨ ਵਾਰੰਟਾਂ 'ਤੇ ਤਿਹਾੜ ਜੇਲ੍ਹ ਤੋਂ ਲੈ ਕੇ ਆਈ ਸੀ। ਮਾਨਸਾ ਪੁਲਿਸ ਵੱਲੋਂ ਦਾਇਰ ਚਾਰਜਸ਼ੀਟ ਅਨੁਸਾਰ ਟੀਨੂੰ ਗੈਂਗਸਟਰਾਂ ਲਾਰੈਂਸ ਬਿਸ਼ਨੋਈ ਅਤੇ ਜੱਗੂ ਭਗਵਾਨਪੁਰੀਆ ਦਾ ਨਜ਼ਦੀਕੀ ਹੈ ਅਤੇ ਉਹ ਵੱਖ-ਵੱਖ ਜੇਲ੍ਹਾਂ ਵਿੱਚ ਉਨ੍ਹਾਂ ਨਾਲ ਬੰਦ ਸੀ। ਪਿਛਲੇ ਮਹੀਨੇ ਜੇਲ੍ਹ ਵਿੱਚ ਉਸ ਕੋਲੋਂ ਮੋਬਾਈਲ ਫੋਨ ਬਰਾਮਦ ਹੋਇਆ ਸੀ। ਦਿਲਚਸਪ ਗੱਲ ਇਹ ਹੈ ਕਿ ਮੋਬਾਈਲ ਫ਼ੋਨ ਬਰਾਮਦ ਹੋਣ ਤੋਂ ਕਰੀਬ ਤਿੰਨ ਹਫ਼ਤੇ ਬਾਅਦ ਪੁਲੀਸ ਹਿਰਾਸਤ ਵਿੱਚੋਂ ਫਰਾਰ ਹੋਣ ਵਿੱਚ ਕਾਮਯਾਬ ਹੋ ਗਿਆ ਹੈ। ਸੂਚਨਾ ਅਨੁਸਾਰ ਟੀਨੂੰ 2017 ਵਿਚ ਵੀ ਪੁਲਿਸ ਹਿਰਾਸਤ ਵਿਚੋਂ ਫ਼ਰਾਰ ਹੋ ਗਿਆ ਸੀ। ਉਸ ਨੂੰ ਦਸੰਬਰ ਵਿੱਚ ਭਿਵਾਨੀ ਪੁਲਿਸ ਨੇ ਬੰਗਲੌਰ ਤੋਂ ਗ੍ਰਿਫਤਾਰ ਕੀਤਾ ਸੀ।

ਮਾਨਸਾ ਦੇ ਸੀਆਈਏ ਇੰਚਾਰਜ ਪ੍ਰਿਤਪਾਲ ਸਿੰਘ ਨੂੰ ਦੀਪਕ ਟੀਨੂੰ ਦੇ ਫ਼ਰਾਰ ਹੋਣ ਕਾਰਨ ਗ੍ਰਿਫ਼ਤਾਰ ਕਰਕੇ ਮੁਅੱਤਲ ਕਰ ਦਿੱਤਾ ਗਿਆ ਸੀ। ਦੀਪਕ ਟੀਨੂੰ ਨੂੰ ਭਜਾਉਣ ਦੇ ਦੋਸ਼ 'ਚ ਬਰਖ਼ਾਸਤ ਕੀਤੇ ਸੀ.ਆਈ.ਏ. ਸਟਾਫ਼ ਮਾਨਸਾ ਦੇ ਸਾਬਕਾ ਇੰਚਾਰਜ ਪ੍ਰਿਤਪਾਲ ਸਿੰਘ ਦੀ ਅਣ-ਅਧਿਕਾਰਤ ਰਿਹਾਇਸ਼ ਵਿਚੋਂ 2 ਪਿਸਤੌਲ 32 ਬੋਰ ਤੇ 9 ਐਮ.ਐਮ. ਅਤੇ 1 ਨਾਜਾਇਜ਼ ਰਿਵਾਲਵਰ ਬਰਾਮਦ ਕੀਤੇ ਗਏ ਸਨ। ਇਸੇ ਦੌਰਾਨ ਉਸ ਵਲੋਂ ਗੈਂਗਸਟਰ ਨੂੰ ਭਜਾਉਣ ਸਮੇਂ ਵਰਤੀ ਬਰੀਜਾ ਕਾਰ ਵੀ ਫੜੀ ਗਈ ਸੀ।

**ਟੀਨੂੰ ਦੇ ਵਿਦੇਸ਼ ਭੱਜਣ ਦਾ ਖ਼ਦਸ਼ਾ :** ਉੱਧਰ ਪੁਲਿਸ ਨੂੰ ਖ਼ਦਸ਼ਾ ਹੈ ਕਿ ਕਥਿਤ ਦੋਸ਼ੀ ਵਿਦੇਸ਼ 'ਚ ਨਾ ਭੱਜ ਜਾਵੇ ਕਿਉਂਕਿ ਉਹ ਮੂਸੇਵਾਲਾ ਕਤਲ ਕਾਂਡ ਦੇ ਸਾਜ਼ਿਸ਼ਘਾੜੇ ਤੇ ਵਿਦੇਸ਼ ਬੈਠੇ ਗੈਂਗਸਟਰ ਗੋਲਡੀ ਬਰਾੜ ਦੇ ਸੰਪਰਕ ਵਿਚ ਸੀ। ਭਾਵੇਂ ਟੀਨੂੰ ਖ਼ਿਲਾਫ਼ ਬੀਤੇ ਦਿਨੀਂ ਹੀ ਲੁੱਕ ਆਊਟ ਨੋਟਿਸ ਜਾਰੀ ਕਰ ਦਿੱਤਾ ਸੀ ਪਰ ਹੁਣ ਤਕ ਵੀ ਪੁਲਿਸ ਦੇ ਹੱਥ ਖ਼ਾਲੀ ਹਨ।

**ਗੈਂਗਸਟਰ ਨੂੰ ਮਿਲਣ ਆਈ ਲੜਕੀ ਕੌਣ ਸੀ ?:** ਲੰਘੀ 1-2 ਅਕਤੂਬਰ ਦੀ ਦਰਮਿਆਨੀ ਰਾਤ ਨੂੰ ਜਦੋਂ ਸੀ.ਆਈ.ਏ. ਸਟਾਫ਼ ਦਾ ਇੰਚਾਰਜ ਆਪਣੀ ਨਿੱਜੀ ਗੱਡੀ ਵਿਚ ਗੈਂਗਸਟਰ ਦੀਪਕ ਟੀਨੂੰ ਨੂੰ ਰਿਹਾਇਸ਼ 'ਤੇ ਲੈ ਕੇ ਆਇਆ ਸੀ, ਮੌਕੇ ਉਸ ਦੀ ਮੁਲਾਕਾਤ ਇੱਕ ਲੜਕੀ ਨਾਲ ਵੀ ਕਰਵਾਈ ਗਈ ਸੀ। ਲੜਕੀ ਟੀਨੂੰ ਦੀ ਦੋਸਤ ਸੀ ਜਾਂ ਕੁਝ ਹੋਰ ਦਾ ਭੇਦ ਬਣਿਆ ਹੋਇਆ ਹੈ। ਇਹ ਗੱਲ ਤਾਂ ਪੱਕੀ ਹੈ ਕਿ ਟੀਨੂੰ ਇੱਥੇ ਲੜਕੀ ਨੂੰ ਮਿਲਾਉਣ ਲਈ ਲਿਆਂਦਾ ਗਿਆ ਸੀ ਅਤੇ ਉਹ ਆਪਣੀ ਯੋਜਨਾ ਅਨੁਸਾਰ ਫ਼ਰਾਰ ਹੋਣ ਵਿਚ ਸਫਲ ਹੋ ਗਿਆ। ਇਲੈਕਟ੍ਰੋਨਿਕ ਤੇ ਸੋਸ਼ਲ ਮੀਡੀਆ ਵਿਚ ਚਰਚਾ ਚੱਲ ਰਹੀ ਹੈ ਕਿ ਗੈਂਗਸਟਰ ਨੂੰ ਮਿਲਣ ਵਾਲੀ ਮੁਟਿਆਰ ਪੰਜਾਬ ਪੁਲਿਸ ਦੀ ਕਾਂਸਟੇਬਲ ਹੈ ਪ੍ਰੰਤੂ ਇਸ ਸੰਬੰਧੀ ਕੋਈ ਪੁਖ਼ਤਾ ਤੱਥ ਨਹੀਂ ਮਿਲ ਰਹੇ। ਪੁਲਿਸ ਅਧਿਕਾਰੀ ਇਸ ਨੂੰ ਜਾਂਚ ਦਾ ਵਿਸ਼ਾ ਦੱਸ ਰਹੇ ਹਨ। ਐਸ.ਐਸ.ਪੀ. ਸ੍ਰੀ ਗੌਰਵ ਤੂਰਾ ਨੂੰ ਪੁੱਛਣ 'ਤੇ ਉਨ੍ਹਾਂ ਦੱਸਿਆ ਕਿ ਮਾਮਲਾ ਜਾਂਚ ਅਧੀਨ ਹੈ।

ਓਧਰ, ਦੀਪਕ ਟੀਨੂੰ ਦੇ ਫਰਾਰ ਹੋਣ ਤੋਂ ਬਾਅਦ ਲਾਰੈਂਸ ਨੇ ਸੋਸ਼ਲ ਮੀਡੀਆ ਪੋਸਟ ਰਾਹੀਂ ਪੰਜਾਬ ਤੇ ਹਰਿਆਣਾ ਪੁਲਿਸ ਨੂੰ ਧਮਕੀ ਦਿੱਤੀ ਕਿ ਉਹ ਕੋਈ ਵੀ ਨਾਜਾਇਜ਼ ਕੰਮ ਨਾ ਕਰਨ।

**ਵਿਰੋਧੀ ਧਿਰ ਨੇ ਪੰਜਾਬ ਸਰਕਾਰ ਨੂੰ ਘੇਰਿਆ:** ਕਾਂਗਰਸੀ ਆਗੂ ਪਰਗਟ ਸਿੰਘ ਨੇ ਲਿਖਿਆ ਹੈ ਕਿ ਸਿੱਧੂ ਮੂਸੇਵਾਲਾ ਕਤਲ ਕੇਸ ਵਿੱਚ ਫੜਿਆ ਗੈਂਗਸਟਰ ਦੀਪਕ ਮਾਨਸਾ ਪੁਲਿਸ ਦੀ ਹਿਰਾਸਤ ਤੋਂ ਭੱਜ ਗਿਆ ਹੈ। ਇਹ ਪੰਜਾਬ ਪੁਲਿਸ ਦਾ ਅਕਸ ਖ਼ਰਾਬ ਕਰ ਰਿਹਾ ਹੈ ਅਤੇ ਇਸੇ ਦੌਰਾਨ ਪੰਜਾਬ ਦੇ ਬੇਫਿਕਰ ਮੁੱਖ ਮੰਤਰੀ ਭਗਵੰਤ ਮਾਨ ਗੁਜਰਾਤ ਵਿੱਚ ਗਰਬਾ ਕਰ ਰਹੇ ਹਨ।

ਇਸੇ ਤਰ੍ਹਾਂ ਅਕਾਲੀ ਦਲ ਦੇ ਆਗੂ ਹਰਸਿਮਰਤ ਕੌਰ ਬਾਦਲ ਗੁਜਰਾਤ ਵਿੱਚ ਗਰਬਾ ਕਰ ਰਹੇ ਹਨ ਤਾਂ ਦੀਪਕ ਸਿੱਧੂ ਮੂਸੇਵਾਲਾ ਦਾ ਕਾਤਲ ਦੀਪਕ ਟੀਨੂੰ ਪੁਲਿਸ ਹਿਰਾਸਤ ਵਿੱਚੋਂ ਭੱਜ ਗਿਆ ਹੈ।

ਜਦੋਂ ਇੱਕ ਨਿੱਜੀ ਕਾਰ ਵਿੱਚ ਬਿਨਾਂ ਹੱਥਕੜੀਆਂ ਦੇ ਲਿਜਾਇਆ ਜਾ ਰਿਹਾ ਸੀ ਅਤੇ ਉਸ ਨੂੰ ਫ਼ੋਨ ਇਸਤੇਮਾਲ ਕਰਨ ਦੀ ਖੁੱਲ੍ਹ ਦਿੱਤੀ ਗਈ ਸੀ। ਕੋਈ ਹੈਰਾਨੀ ਨਹੀਂ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੇ ਥੱਲੇ ਗੈਂਗਸਟਰ ਰਾਜ ਚੱਲ ਰਿਹਾ ਹੈ।

***

## ਸਵੱਛਤਾ ਸਰਵੇਖਣ 'ਚ ਭਾਰਤ ਵਿਚੋਂ

ਸਵੱਛਤਾ ਸਰਵੇਖਣ 2022 ਵਿਚ ਕੁੱਲ 4354 ਸ਼ਹਿਰਾਂ ਨੇ ਭਾਗ ਲਿਆ ਸੀ। ਉਨ ੍ਹਾਂ ਦੱਸਿਆ ਕਿ ਕੁੱਲ 4645.10 ਅੰਕ ਹਾਸਲ ਕਰ ਕੇ ਫ਼ਿਰੋਜ਼ਪੁਰ ਨੇ ਪੰਜਾਬ ਭਰ 'ਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਫ਼ਿਰੋਜ਼ਪੁਰ ਸ਼ਹਿਰ ਨੇ ਪੰਜਾਬ ਦੇ ਕਈ ਵੱਡੇ ਸ਼ਹਿਰਾਂ ਜਿਵੇਂ ਮੁਹਾਲੀ, ਬਠਿੰਡਾ, ਜਲੰਧਰ ਤੇ ਪਠਾਨਕੋਟ ਵਰਗੇ 13 ਸ਼ਹਿਰਾਂ ਨੂੰ ਪਛਾੜਿਆ ਹੈ।

## ਅਸੀਂ ਸੰਤ ਭਿੰਡਰਾਂਵਾਲਿਆਂ ਦੀ

ਅੰਮ੍ਰਿਤਪਾਲ ਸਿੰਘ ਇੱਕ ਮੀਡੀਆ ਇੰਟਰਵਿਊ ਵਿੱਚ ਦੱਸਦੇ ਹਨ ਕਿ ਉਨ੍ਹਾਂ ਦਾ ਜਨਮ ਤੇ ਪਾਲਣ-ਪੋਸ਼ਣ ਅੰਮ੍ਰਿਤਸਰ ਦੇ ਜੱਦੂਖੇੜ੍ਹਾ ਪਿੰਡ ਵਿੱਚ ਹੋਇਆ ਹੈ।

ਉਥੇ ਹੀ ਸਕੂਲੀ ਪੜ੍ਹਾਈ ਤੋਂ ਬਾਅਦ ਅੰਮ੍ਰਿਤਪਾਲ ਸਿੰਘ ਦੇ ਦੱਸਣ ਮੁਤਾਬਕ ਉਹ ਰੁਜ਼ਗਾਰ ਦੀ ਭਾਲ ਵਿੱਚ ਦੁਬਈ ਚਲੇ ਗਏ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਜਲਦੀ ਕਿਤੇ ਲੋਕਾਂ ਵਿੱਚ ਘੁਲਦੇ ਮਿਲਦੇ ਨਹੀਂ ਹਨ ਅਤੇ ਨਾ ਹੀ ਉਨ੍ਹਾਂ ਦੇ ਬਹੁਤ ਜਿਆਦਾ ਦੋਸਤ ਹਨ। ਪੜ੍ਹਨ ਬਾਰੇ ਉਹ ਦੱਸਦੇ ਹਨ ਕਿ ਸਕੂਲ ਦੌਰਾਨ ਪੜ੍ਹਾਈ ਵਿੱਚ ਦਿਲਚਸਪੀ ਨਹੀਂ ਸੀ ਅਤੇ ਉਸ ਤੋਂ ਬਾਅਦ ਦੁਬਈ ਚਲੇ ਗਏ ਅਤੇ ਫਿਰ ਵਖਤ ਨਹੀਂ ਮਿਲਿਆ। ਉਹ ਕਹਿੰਦੇ ਹਨ, 'ਕੰਠ (ਗੁਰੂ ਗ੍ਰੰਥ ਸਾਹਿਬ) ਹੋਣਾ ਤਾਂ ਬਹੁਤ ਜਿਹੜੀਆਂ ਉੱਚੀਆਂ ਰੂਹਾਂ ਨੇ, ਉਨ੍ਹਾਂ ਨੂੰ ਹੁੰਦਾ ਹੈ। ਅਸੀਂ ਤਾਂ ਬਾਣੀ ਸ਼ੁੱਧ ਪੜ੍ਹ ਲਈਏ ਉਹੀ ਬਹੁਤ ਹੈ। ਗੁਰ ਇਤਿਹਾਸ, ਸਿੱਖ ਇਤਿਹਾਸ ਬਾਰੇ ਪੜ੍ਹਿਆ ਹੈ, ਉਹ ਵੀ ਸੀਮਤ ਪੜ੍ਹਿਆ ਹੈ ਪਰ ਜਿਹੜਾ ਪੜ੍ਹਿਆ, ਉਹ ਸਤਿਗੁਰੂ ਦੀ ਕ੍ਰਿਪਾ ਨਾਲ ਸਮਝ ਆ ਗਿਆ ਸੀ।' ਅੰਮ੍ਰਿਤਪਾਲ ਸਿੰਘ ਦਾ ਜਨਮ ਤੇ ਪਾਲਣ-ਪੋਸ਼ਣ ਅੰਮ੍ਰਿਤਸਰ ਦੇ ਜੱਦੂਖੇੜ੍ਹਾ ਪਿੰਡ ਵਿੱਚ ਹੋਇਆ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਤਿੰਨ ਸਾਲ ਇੰਜੀਨੀਅਰਿੰਗ ਦੀ ਪੜ੍ਹਾਈ ਕੀਤੀ ਪਰ ਕਦੇ ਡਿਗਰੀ ਨਹੀਂ ਮਿਲੀ। ਉਹ ਕਹਿੰਦੇ ਹਨ, 'ਪੰਜਾਬੀ ਬਹੁਤ ਜਿਆਦਾ ਡਾਇਸਪੋਰਾ ਵਿੱਚ ਹਨ। ਉਸ ਪ੍ਰਸੰਗ ਵਿੱਚ ਗੁਲਾਮੀ ਨੂੰ ਸਮਝਣ ਦਾ ਯਤਨ ਕੀਤਾ ਹੈ।'

ਉਨ੍ਹਾਂ ਦਾ ਕਹਿਣਾ ਹੈ, 'ਇੱਕ ਤਾਂ ਸਾਡੀ ਨਸਲਕੁਸ਼ੀ ਹੋਈ ਹੈ ਅਤੇ ਫਿਰ ਉਸ ਨਸਲਕੁਸ਼ੀ ਦੀ ਚਰਚਾ ਨੂੰ ਵੀ ਟੈਬੂ ਬਣਾ ਦਿੱਤਾ ਜਾਵੇ। ਅਜਿਹੇ ਵਿੱਚ ਜਦੋਂ ਅਸੀਂ ਉਸਦੀ ਚਰਚਾ ਕਰਦੇ ਹਾਂ ਤਾਂ ਲੋਕਾਂ ਨੂੰ ਲਗਦਾ ਹੈ ਕਿ ਇਹ ਆਪ ਨਹੀਂ ਕਰ ਸਕਦਾ ਸਗੋਂ ਕੋਈ ਕਰਵਾ ਰਿਹਾ ਹੈ।' ਉਹ ਆਪਣੇ ਮੁਖਾਲਫ਼ਤ ਬਾਰੇ ਕਹਿੰਦੇ ਹਨ, 'ਵਿਰੋਧੀਆਂ ਨੇ ਤਾਂ ਵਿਰੋਧ ਕਰਨਾ ਹੈ। ਜਿਹੜੇ ਲੋਕ ਕਹਿੰਦੇ ਸਨ ਕਿ ਦੀਪ ਸਿੱਧੂ ਦਾ 'ਪਾਜ ਉੱਘੜ ਜਾਵੇਗਾ', ਅੱਜ ਉਨ੍ਹਾਂ ਕੋਲ ਜਵਾਬ ਨਹੀਂ ਹੈ। ਇਨ੍ਹਾਂ ਲੋਕਾਂ ਨੇ ਇੱਕ ਪੈਟਰਨ ਬਣਾ ਰੱਖਿਆ ਹੈ ਕਿ ਜਿਹੜਾ ਬੰਦਾ ਮੌਕੇ ਉੱਤੇ ਹੈ, ਉਸ ਦਾ ਵਿਰੋਧ ਕਰੋ ਅਤੇ ਜਿਹੜਾ ਸ਼ਹੀਦ ਹੋ ਗਿਆ ਉਸ ਨੂੰ ਸਵੀਕਾਰ ਕਰ ਲਓ।'

ਅੰਮ੍ਰਿਤਪਾਲ ਸਿੰਘ ਦਾ ਇੱਕ ਸਿਰ ਮੰਗਣ ਦਾ ਬਿਆਨ ਚਰਚਾ ਵਿੱਚ ਆਇਆ ਸੀ। ਉਸ ਬਾਰੇ ਉਹ ਕਹਿੰਦੇ ਹਨ ਕਿ, 'ਸਿੱਖੀ ਤਾਂ ਪਹਿਲਾਂ ਸਿਰ ਮੰਗਦੀ ਹੈ। ਜਦੋਂ ਤੱਕ ਤੁਸੀਂ ਪੂਰਾ ਸਰੰਡਰ ਨਹੀਂ ਕਰਦੇ ਉਦੋਂ ਤੱਕ ਗੱਲ ਨਹੀਂ ਬਣਦੀ।' ਅੰਮ੍ਰਿਤਪਾਲ ਸਿੰਘ ਕਹਿੰਦੇ ਹਨ ਕਿ ਪੁਰਾਣੀਆਂ ਜੱਥੇਬੰਦੀਆਂ ਨਵੇਂ ਬੰਦੇ ਖਾਸ ਕਰਕੇ ਅਜਾਦ ਖਿਆਲ ਨੂੰ ਥਾਂ ਨਹੀਂ ਦਿੰਦੀਆਂ।

ਅਕਾਲੀ ਦਲ ਬਾਰੇ ਉਹ ਕਹਿੰਦੇ ਹਨ ਕਿ ਅਕਾਲੀ ਦਲ ਪੰਥ ਦਾ ਹੈ ਨਾ ਕਿਸੇ ਇੱਕ ਪਰਿਵਾਰ ਦਾ ਤਾਂ ਨਹੀਂ? ਸਪੁਰਦ ਕਰ ਦੇਣ ਤਾਂ ਅਸੀਂ ਮੰਨ ਲਵਾਂਗੇ ਕਿ ਵਾਕਈ ਉਨ੍ਹਾਂ ਨੇ ਆਪਣੇ ਕੀਤੇ ਉੱਤੇ ਪਛਤਾਵਾ ਕੀਤਾ ਹੈ। 'ਬਾਦਲ ਦਲ ਦੀ ਲੀਡਰਸ਼ਿਪ ਬਾਰੇ ਕਹਿੰਦੇ ਹਨ,' ਜਿਹੜੇ ਬੰਦਿਆਂ ਦਾ ਕੌਮ ਵਿੱਚ ਵੱਕਾਰ ਗੁਆਚ ਜਾਵੇ, ਉਨ੍ਹਾਂ ਨੂੰ ਫਿਰ ਸੇਵਾ ਦੇ ਰਾਹ ਉੱਪਰ ਚੱਲਣਾ ਚਾਹੀਦਾ ਹੈ। ਘੱਟੋ-ਘੱਟ ਗੁਨਾਹ ਦੀ ਮੁਆਫੀ ਤਾਂ ਮੰਗ ਲੈਣੀ ਚਾਹੀਦੀ ਹੈ। ਮੁਆਫੀ ਮਹਾਰਾਜ ਨੇ ਦੇਣੀ ਹੈ। ਪਰ ਜੇ ਉਹ ਸੋਚਣ ਕਿ ਦੁਨੀਆਂ ਸ਼ਾਇਦ ਮੂਰਖ ਹੈ ਅਤੇ ਪੰਥ ਨੂੰ ਕੁਝ ਪਤਾ ਹੀ ਨਹੀਂ, ਇਸ ਗੱਲ ਤੋਂ ਸਾਨੂੰ ਇਤਰਾਜ ਹੈ।'

ਉਹ ਕਹਿੰਦੇ ਹਨ, 'ਭਾਵੇਂ ਕਿੰਨੀਆਂ ਵੀ ਜਥੇਬੰਦੀਆਂ ਹੋ ਜਾਣ ਪਰ ਪੰਥਕ ਏਕਤਾ ਖ਼ੁਦਮੁਖਤਿਆਰੀ ਦੇ ਮੁੱਦੇ ਉੱਪਰ ਹੀ ਹੋ ਸਕਦੀ ਹੈ। ਜਦੋਂ ਮਕਸਦ ਵੱਡਾ ਹੋ ਜਾਵੇ ਤਾਂ ਬੰਦੇ ਛੋਟੇ ਹੋ ਜਾਂਦੇ ਹਨ। ਹਾਲਾਤ ਅਜਿਹੇ ਬਣ ਜਾਂਦੇ ਹਨ ਕਿ ਏਕਤਾ ਕਰਨੀ ਪੈਂਦੀ ਹੈ। ਇਹ ਵੀ ਮਜਬੂਰੀ ਵਿੱਚ ਹੀ ਹੁੰਦੀ ਹੈ। 'ਮੀਡੀਆ ਨਾਲ ਗੱਲਬਾਤ ਦੌਰਾਨ ਅੰਮ੍ਰਿਤਪਾਲ ਨੇ ਕਿਹਾ, 'ਸਿੱਖ ਪ੍ਰਭੂਸੱਤਾ ਸੰਭਵ ਹੈ। ਅਸੀਂ ਇਸਦੀ ਹਮਾਇਤ ਕਰਦੇ ਹਾਂ ਅਤੇ ਇਸ ਵਿੱਚ ਕੋਈ ਸੱਕ ਨਹੀਂ ਹੈ।' ਇਸ ਵਿੱਚ ਸਭ ਤੋਂ ਵੱਡੀ ਅੜਚਨ ਤਾਂ ਸਿੱਖ ਹੋਮਲੈਂਡ ਜਾਂ ਰਾਜ ਦੇ ਖਿਲਾਫ ਖੜ੍ਹਾ ਕੀਤਾ ਗਿਆ ਟੈਬੂ ਹੈ। ਇੱਕ ਝੂਠਾ ਸੰਵਾਦ ਖੜ੍ਹਾ ਕੀਤਾ ਗਿਆ ਕਿ ਸਿੱਖ ਆਪਣੇ-ਆਪ ਬਚੇ ਨਹੀਂ ਰਹਿ ਸਕਣਗੇ ਜਾਂ ਆਪਣਾ ਰਾਜ ਨਹੀਂ ਚਲਾ ਸਕਣਗੇ। ਉਨ੍ਹਾਂ ਨੇ ਕਿਹਾ ਕਿ ਸਾਡਾ ਸੰਗਠਨ ਹਰੇਕ ਪਿੰਡ ਤੱਕ ਪਹੁੰਚ ਬਣਾਏਗਾ।'

***

## ਆਓ ਆਪਾਂ ਸਾਰੇ ਇਕੱਠੇ ਹੋ ਕੇ ਪੰਜਾਬ ਦੇ ਹੱਕਾਂ ਲਈ ਲੜੀਏ

ਉੱਥੇ ਜਾ ਕੇ ਵੀ ਕੀ ਕਰੋਗੇ? ਕੀ ਤੁਸੀਂ ਆਪਣੀ ਪਛਾਣ ਕਾਇਮ ਰੱਖ ਸਕੋਗੇ? ਵੈਸੇ ਮੁੰਡਿਆਂ ਨੂੰ ਬਾਹਰ ਜਾਣ ਤੋਂ ਰੋਕਣ ਲਈ ਉੱਘੇ ਨਾਵਲਕਾਰ ਜਸਵੰਤ ਸਿੰਘ ਕੰਵਲ ਅਤੇ ਹੋਰ ਕਈ ਲੇਖਕ ਜਜ਼ਬਿਆਂ ਨਾਲ ਲੱਦੀ ਦੁਹਾਈ ਦਿੰਦੇ ਰਹੇ ਹਨ। ਪਰ ਉਹ ਲਿਖਤਾਂ ਨੌਜਵਾਨਾਂ ਨੂੰ ਟੁੰਬਦੀਆਂ ਨਹੀਂ ਸਨ। ਪਰ ਅੰਮ੍ਰਿਤਪਾਲ ਦੀ ਅੱਜ ਦੀ ਤਕਰੀਰ ਵਿਚ ਜਿਵੇਂ ਰੂਹਾਨੀ ਵੰਗਾਰਾਂ ਹਨ। ਉਸ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਸਹਿਜੇ ਸਹਿਜੇ ਬਾਹਰ ਜਾਣ ਦੀ ਜਿਦ ਤੇ ਦੌੜ ਮੱਠੀ ਹੋ ਜਾਵੇਗੀ। ਅੱਜ ਦੇ ਇਕੱਠ ਤੋਂ ਕਈ ਚੈਨਲ ਇਸ ਤਰ੍ਹਾਂ ਦੀਆਂ ਟਿੱਪਣੀਆਂ ਕਰ ਰਹੇ ਸਨ ਜਿਨ੍ਹਾਂ ਤੋਂ ਉਹ ਸਰਕਾਰ ਨੂੰ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਦੀਆਂ ਸਰਗਰਮੀਆਂ ਵਿਰੁੱਧ ਭੜਕਾ ਕੇ ਪੰਜਾਬ ਦੇ ਹਾਲਾਤ ਨੂੰ ਖਰਾਬ ਕਰਨ ਦਾ ਰੋਲ ਨਿਭਾ ਰਹੇ ਜਾਪਦੇ ਹਨ। ਜਾਪਦਾ ਹੈ ਮੀਡੀਆ ਅਤੇ ਅਖਬਾਰਾਂ ਨੇ ਬੀਤੇ ਤੋਂ ਕੋਈ ਸਬਕ ਨਹੀਂ ਸਿੱਖਿਆ ਅਤੇ ਉਹ ਇਸ ਤਰ੍ਹਾਂ ਦੇ ਬਿਰਤਾਂਤ ਸਿਰਜ ਰਹੇ ਹਨ ਜਿਹੜੇ ਘਸੇ ਪਿਟੇ ਹਨ। ਖ਼ਾਲਸਾ ਰਾਜ ਕਾਇਮ ਕਰਨ ਦੀ ਰੀਝ ਅਤੇ ਤਮੰਨਾ ਦੇ ਵਲਵਲੇ ਵੀ ਨਾਅਰਿਆਂ ਦੀ ਸ਼ਕਲ ਵਿੱਚ ਅਜ ਦੇ ਸਮਾਗਮ ਵਿੱਚ ਬਾਰ ਬਾਰ ਗੂੰਜਾਂ ਪਾਉਂਦੇ ਰਹੇ। ਪਰ ਅੰਮ੍ਰਿਤਪਾਲ ਸਿੰਘ ਦੀ ਤਕਰੀਰ ਦੇ ਭਿੰਨ ਭਿੰਨ ਵਿਸ਼ਲੇਸ਼ਣ ਵੀ ਬੌਧਿਕ ਹਲਕਿਆਂ ਵਿੱਚ ਵੱਡੀਆਂ ਬਹਿਸਾਂ ਦਾ ਕੇਂਦਰ ਬਣਨਗੇ।

***

## ਅਸੀਂ ਉਂਕਾਰ ਦੇ ਬੱਚੇ...

ਜਸਵੀਰ ਮੰਗੂਵਾਲ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਪ੍ਰਿੰ: ਗੁਰਮੀਤ ਸਿੰਘ ਪਲਾਹੀ ਅਤੇ ਇੰਦਰਜੀਤ ਕੌਰ ਸਿੱਧੂ ਨੇ ਆਪਣੇ ਪੇਪਰ ਪੜ੍ਹੇ। ਵਕਤਿਆਂ ਦਾ ਵਿਚਾਰ ਸੀ ਕਿ ਸਾਹਿਤ ਨੂੰ ਰਾਜਨੀਤੀ ਤੋਂ ਅਲੱਗ ਨਹੀਂ ਸਮਝਿਆ ਜਾ ਸਕਦਾ। ਉਨ੍ਹਾਂ ਦਾ ਇਹ ਵਿਚਾਰ ਸੀ ਕਿ ਰਾਜਨੀਤੀ ਲੋਕਾਂ 'ਤੇ ਸਾਸ਼ਨ ਕਰਨ ਦੀ ਗੱਲ ਕਰਦੀ ਹੈ ਪਰ ਸਾਹਿਤ ਲੋਕਾਂ ਦੇ ਹਿੱਤ ਵਿਚ ਭੁਗਤਦਾ ਹੈ।

ਸਮਾਗਮ ਵਿੱਚ ਦੋਵੇਂ ਦਿਨ ਕਵੀ ਦਰਬਾਰ ਕਰਵਾਇਆ ਗਿਆ, ਜਿਸ ਵਿੱਚ ਲਗਭਗ ਦੋ ਦਰਜਨ ਸਥਾਨਕ ਕੈਨੇਡੀਅਨ ਕਵੀਆਂ ਅਤੇ ਅਮਰੀਕਾ ਤੋਂ ਪੁੱਜੇ ਰਵਿੰਦਰ ਸਹਿਰਾਅ, ਗੁਰਦਿਆਲ ਰੌਸ਼ਨ ਨੇ ਖ਼ਾਸ ਤੌਰ 'ਤੇ ਹਿੱਸਾ ਲਿਆ। ਸਮਾਗਮ ਵਿਚ ਦੋ ਦਰਜਨ ਤੋਂ ਵੱਧ ਪੁਸਤਕਾਂ ਰਲੀਜ਼ ਕੀਤੀਆਂ ਗਈਆਂ। ਨਾਟਕ ਸੰਮਾ ਵਾਲੀ ਡਾਂਗ(ਡਾ: ਸਾਹਿਬ ਸਿੰਘ) ਅਤੇ ਨਾਟਕ ਦਿੱਲੀ ਰੋਡ 'ਤੇ ਇੱਕ ਹਾਦਸਾ (ਅਨੀਤਾ ਸ਼ਬਦੀਸ਼) ਖੇਡੇ ਗਏ। ਪੰਜਾਬੀ ਭਵਨ ਸਲਾਨਾ ਸਮਾਗਮ ਦੌਰਾਨ ਡਾ. ਸਾਧੂ ਸਿੰਘ ਅਤੇ ਸਵਰਨ ਕੌਰ ਨੂੰ ਇਸ ਵਰ੍ਹੇ ਦਾ ਸਨਮਾਨ ਭੇਟ ਕੀਤਾ ਗਿਆ। ਸਮਾਗਮ ਦੀ ਸਟੇਜ ਸਕੱਤਰੀ ਕੁਲਵਿੰਦਰ ਚਾਂਦ ਅਤੇ ਅਮਰੀਕ ਪਲਾਹੀ ਨੇ ਕੀਤੀ।

**

## ਕਰਮ: ਜ਼ਿੰਦਗੀ ਦੇ ਰੰਗ

ਜਵਾਕਾਂ ਨਾਲ ਆਪਣੇ ਪੇਕੇ ਜਾ ਬੈਠੀ ਸੀ, ਜਦੋਂ ਕਿ ਉਸਦਾ ਛੋਟਾ ਭਾਈ ਕੈਲਾ ਤਾਂ ਵਿਆਹ ਹੋਣ ਤੋਂ ਬਾਅਦ ਹੀ ਸ਼ਹਿਰ ਰਹਿਣ ਲੱਗ ਗਿਆ ਸੀ। ਕੈਲਾ ਜਿਉਂ ਹੀ ਨਹਾ ਕੇ ਬਾਹਰ ਨਿਕਲਿਆ ਤਾਂ ਉਸਨੂੰ ਉਸ ਵੱਲ ਚੋਰੀ ਚੋਰੀ ਦੇਖਦੇ ਪੋਤਾ ਪੋਤੀ ਦੀਆਂ ਅੱਖਾਂ 'ਚ ਅੱਜ ਓਹੀ ਤੂਫ਼ਾਨ ਦਿਖਿਆ ਜਿਹੜਾ ਕਦੇ ਉਸਨੇ ਆਪਣੇ ਜਵਾਕਾਂ ਦੀਆਂ ਅੱਖਾਂ 'ਚ ਉਨ੍ਹਾਂ ਦੇ ਦਾਦੇ ਦਾਦੀ ਪ੍ਰਤੀ ਦੇਖਿਆ ਸੀ, ਇਹ ਦੇਖ ਕਿ ਉਹ ਛਿੜੀ ਕੰਬਣੀ ਨਾਲ ਮਸਾਂ ਹੀ ਡਿਗਣੋਂ ਬਚਿਆ। ਜਦੋਂ ਆਪਣੇ ਕਮਰੇ ਵਿਚ ਪਹੁੰਚ ਉਸਨੇ ਟੀਵੀ ਦਾ ਬਟਨ ਆਨ ਕੀਤਾ ਤਾਂ 'ਤੂੰ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ।' ਦੇ ਰਸ ਭਿੰਨੇ ਕੀਰਤਨ ਨੇ ਉਸਨੂੰ ਆਪਣੇ ਪਰਿਵਾਰ 'ਚ ਬੈਠਕੇ ਦਿਲ ਦੀ ਗੱਲ ਸਾਂਝੀ ਕਰਨ ਦਾ ਹੌਸਲਾ ਬਖ਼ਸ਼ ਦਿੱਤਾ। ਕੈਲਾ ਆਥਣੇ ਦੀ ਰੋਟੀ ਖਾਣ ਤੋਂ ਬਾਅਦ ਆਪਣੇ ਪਰਿਵਾਰ ਕੋਲ ਉਸ ਵੱਲੋਂ ਆਪਣੇ ਮਾਂ ਬਾਪ ਨਾਲ ਕੀਤੀਆਂ ਗਲਤੀਆਂ ਦੀ ਭੁੱਲ ਮੰਨ ਆਪਣੇ ਪਰਿਵਾਰ ਨੂੰ ਗੁਰਬਾਣੀ ਲੜ ਲੱਗ ਸਹੀ ਰਸਤਾ ਚੁਣਨ ਦੀ ਅਰਜੋਈ ਕਰ ਰਿਹਾ ਸੀ। ਆਪਣੇ ਦਿਲ ਦਾ ਭਾਰ ਹੌਲਾ ਕਰਕੇ ਕੈਲੇ ਦੇ ਚਿਹਰੇ ਦੀ ਰੌਣਕ ਤੋਂ ਲੱਗ ਰਿਹਾ ਸੀ ਜਿਵੇਂ ਉਸ ਬੇਘਰੇ ਨੂੰ ਫਿਰ ਤੋਂ ਰੈਣ-ਬਸੇਰਾ ਮਿਲ ਗਿਆ ਹੋਵੇ ਅਤੇ ਬਾਕੀ ਸਾਰੇ ਪਰਿਵਾਰ ਦੇ ਚਿਹਰੇ ਦਾ ਸਕੂਨ ਵੀ ਏਦਾਂ ਲੱਗ ਰਿਹਾ ਸੀ ਜਿਵੇਂ ਕਿਸੇ ਭੁੱਖੇ ਨੂੰ ਕਈ ਦਿਨਾਂ ਬਾਅਦ ਰੱਬ ਨੇ ਰਿਜ਼ਕ ਬਖ਼ਸ਼ਿਆ ਹੋਵੇ।

***

## ਸਾਹਿਬ ਸ੍ਰੀ ਗੁਰੂ ਰਾਮਦਾਸ ਜੀ

ਕੋਲ ਸੀ, ਜੋ ਗੁਰੂ ਦਾ ਸੰਦੇਸ਼ ਸੰਗਤਾਂ ਤੱਕ ਪਹੁੰਚਾਉਂਦੇ। ਉਹ ਗੁਰੂ ਅਤੇ ਸੰਗਤਾਂ ਵਿਚ ਇਕ ਪੁਲ ਦਾ ਕੰਮ ਕਰਦੇ ਸਨ।

ਸੱਚਖੰਡ ਵਾਪਸੀ ਦਾ ਸਮਾਂ ਜਾਣ ਕੇ ਗੁਰੂ ਰਾਮਦਾਸ ਜੀ ਨੇ ਗੁਰਗੱਦੀ ਦੀ ਚੋਣ ਆਪਣੇ ਤਿੰਨ ਸਾਹਿਬਜ਼ਾਦਿਆਂ ਵਿਚੋਂ ਕਰਨ ਦੀ ਸੋਚੀ। ਉਹ ਪਰਿਵਾਰ ਸਮੇਤ ਗੋਇੰਦਵਾਲ ਚਲੇ ਗਏ, ਕਿਉਂਕਿ ਪ੍ਰਿਥੀ ਚੰਦ ਦਾ ਗੁਰਗੱਦੀ ਦੇ ਹੱਕ ਵਿਚ ਵਿਰੋਧ ਜਾਰੀ ਸੀ। ਪਰ ਆਪ ਜੀ 1 ਸਤੰਬਰ 1581 ਨੂੰ ਗੁਰਗੱਦੀ ਗੁਰੂ ਅਰਜਨ ਦੇਵ ਜੀ ਨੂੰ ਸੌਂਪ ਕੇ ਜੋਤੀ ਸਮਾ ਗਏ।

ਅੰਤਿਕਾ : ਮ.੪ ॥ ਜੋ ਮਨੁੱਖ ਸਤਿਗੁਰ ਦਾ ਸੱਚਾ ਸਿੱਖ ਅਖਵਾਉਂਦਾ ਹੈ ਭਾਵ ਜਿਸ ਨੂੰ ਲੋਕ ਸੱਚਾ ਸਿੱਖ ਆਖਦੇ ਹਨ, ਉਹ ਰੋਜ਼ ਸਵੇਰੇ ਉੱਠ ਕੇ ਹਰਿ-ਨਾਮ ਦਾ ਸਿਮਰਨ ਕਰਦਾ ਹੈ। ਹਰ ਰੋਜ਼ ਉਦਮ ਕਰਦਾ ਹੈ। ਇਸ਼ਨਾਨ ਕਰਦਾ ਹੈ। ਫਿਰ ਨਾਮ ਰੂਪ ਅੰਮ੍ਰਿਤ ਦੇ ਸਰੋਵਰ ਵਿਚ ਟੁੱਭੀ ਲਾਉਂਦਾ ਹੈ। ਸਤਿਗੁਰ ਦੇ ਉਪਦੇਸ਼ ਦੁਆਰਾ ਪ੍ਰਭੂ ਦੇ ਨਾਮ ਦਾ ਜਾਪ ਜਪਦਾ ਹੈ ਤੇ ਇਸ ਤਰ੍ਹਾਂ ਉਸ ਦੇ ਸਾਰੇ ਪਾਪ ਵਿਕਾਰ ਲਹਿ ਜਾਂਦੇ ਹਨ। ਫਿਰ ਦਿਨ ਚੜ੍ਹੇ ਸਤਿਗੁਰੂ ਦੀ ਬਾਣੀ ਦਾ ਕੀਰਤਨ ਕਰਦਾ ਹੈ ਅਤੇ ਦਿਹਾੜੀ ਬਹਿੰਦਿਆਂ ਉਠਦਿਆਂ ਭਾਵ ਕਾਰ ਕਿਰਤ ਕਰਦਿਆਂ ਪ੍ਰਭੂ ਦਾ ਨਾਮ ਸਿਮਰਦਾ ਹੈ। ਸਤਿਗੁਰੂ ਦੇ ਮਨ ਵਿਚ ਉਹ ਸਿੱਖ ਚੰਗਾ ਲਗਦਾ ਹੈ ਜੋ ਪਿਆਰੇ ਪ੍ਰਭੂ ਨੂੰ ਹਰ ਦਮ ਯਾਦ ਕਰਦਾ ਹੈ।-ਅੰਗ 305

***

## ਕੀ 'ਆਪ' ਕਾਂਗਰਸ ਨੂੰ ਪਿੱਛੇ ਛੱਡ ਜਾਏਗੀ ?

ਇਸੇ ਕਰਕੇ 'ਆਪ' ਨੇ ਕਾਂਗਰਸ ਨੂੰ ਨੁਕਰੇ ਲਾਉਣ ਲਈ ਗੁਜਰਾਤ ਵਿੱਚ ਹੀ ਨਹੀਂ, ਦੇਸ਼ ਭਰ ਵਿਚ ਕਾਂਗਰਸ ਦੇ ਵੋਟ ਬੈਂਕ ਨੂੰ ਨਿਸ਼ਾਨਾ ਬਣਾਇਆ ਅਤੇ ਇਸ ਨਿਸ਼ਾਨੇ ਦੀ ਪੂਰਤੀ ਲਈ ਅੱਗੇ ਵਧ ਰਹੀ ਹੈ।

ਕਾਂਗਰਸ ਦੇ ਵੋਟਰ ਪਿਛਲੇ ਇੱਕ ਦਹਾਕੇ ਤੋਂ ਬਦਲ ਲੱਭ ਰਹੇ ਹਨ। ਆਂਧਰਾ ਪ੍ਰਦੇਸ਼ 'ਚ ਤਿਲੰਗਾਨਾ ਅਤੇ ਮਹਾਰਾਸ਼ਟਰ ਵਿੱਚ ਵੀ ਇਹ ਕਹਾਣੀ ਦੁਹਰਾਈ ਜਾ ਰਹੀ ਹੈ। ਬੰਗਾਲ 'ਚ ਮਮਤਾ ਬੈਨਰਜੀ ਨੇ ਕਾਂਗਰਸ ਦੀ ਥਾਂ ਲੈ ਲਈ ਅਤੇ ਕਾਂਗਰਸ ਨੂੰ ਲਗਭਗ ਖ਼ਤਮ ਹੀ ਕਰ ਦਿੱਤਾ ਹੈ। ਦਿੱਲੀ ਅਤੇ ਪੰਜਾਬ 'ਚ ਕਾਂਗਰਸ ਦਾ ਸਫਾਇਆ 'ਆਪ' ਨੇ ਕਰ ਦਿੱਤਾ ਹੈ। ਸੋ ਦੇਸ਼ ਭਰ ਵਿਚ ਕਾਂਗਰਸ ਦੇ ਠੋਸ ਵੋਟਰਾਂ ਲਈ ਮੈਦਾਨ ਖੁਲ੍ਹਾ ਪਿਆ ਹੈ। 'ਆਪ' ਹੀ ਇੱਕ ਇਹੋ ਜਿਹੀ ਪਾਰਟੀ ਹੈ, ਜੋ ਇਨ੍ਹਾਂ ਵੋਟਰਾਂ ਦੇ ਪਿੱਛੇ ਪਈ ਹੋਈ ਹੈ।

ਉਹ ਭਾਜਪਾ ਨਾਲ ਸਿੱਧੀ ਟੱਕਰ ਨਹੀਂ ਲੈਣਾ ਚਾਹੁੰਦੀ। ਉਹ ਭਾਜਪਾ 'ਤੇ ਸਵਾਲ ਉਠਾਵੇਗੀ, ਉਸਦੀ ਅਲੋਚਨਾ ਕਰੇਗੀ, ਪਰ ਭਾਜਪਾ ਦੀਆਂ ਵੋਟਾਂ ਨੂੰ ਨਿਸ਼ਾਨਾ ਬਨਾਉਣ ਲਈ ਉਹ ਸਮਾਂ ਬਰਬਾਦ ਨਹੀਂ ਕਰੇਗੀ। ਜੇਕਰ 'ਆਪ' ਇਨ੍ਹਾਂ ਰਾਜਾਂ 'ਚ ਕਾਂਗਰਸ ਦੀਆਂ ਵੋਟਾਂ 'ਤੇ ਕਬਜ਼ਾ ਕਰ ਲਵੇ ਤਾਂ ਉਹ 2024 ਅਤੇ ਉਸ ਤੋਂ ਅੱਗੇ ਚੋਣਾਂ ਵਿਚ ਆਪਣੀ ਨੀਂਹ ਤਿਆਰ ਕਰ ਲਵੇਗੀ।

ਇਸ ਪਾਸੇ ਵੱਲ ਵਧਦੇ 'ਆਪ' ਦੇ ਕਦਮ ਉਸਨੂੰ ਉੱਚੇ ਮੰਚ ਅਤੇ ਵੱਡੀ ਜਮਾਤ 'ਚ ਸ਼ਾਮਲ ਕਰ ਦੇਣਗੇ। ਗੁਜਰਾਤ ਨੂੰ ਜਿੱਤਣ ਦੀ ਉਸਨੂੰ ਜ਼ਰੂਰਤ ਨਹੀਂ ਹੈ, ਉਥੇ ਜੇਕਰ ਉਹ 10-15 ਸੀਟਾਂ ਜਿੱਤ ਲੈਂਦੀ ਹੈ ਤਾਂ ਉਹ ਇੱਕ ਉਭਰਦੀ ਹੋਈ ਸਿਆਸੀ ਦਲ ਦਾ ਦਾਅਵਾ ਮਜ਼ਬੂਤ ਕਰ ਲਵੇਗੀ।

ਭਾਜਪਾ, 1980 'ਚ ਜਨਸੰਘ ਦੀ ਛਾਇਆ ਤੋਂ ਬਾਹਰ ਨਿਕਲੀ ਸੀ, ਇਸ ਲਈ ਉਸ ਨੂੰ ਸਟਾਰਟ ਅੱਪ ਨਹੀਂ ਕਿਹਾ ਜਾ ਸਕਦਾ, ਇਸੇ ਤਰ੍ਹਾਂ ਕਾਂਗਰਸ (ਆਈ) ਮੂਲ ਕਾਂਗਰਸ ਵਿਚੋਂ ਨਿਕਲੀ ਸੀ, ਜਨਤਾ ਦਲ ਸੰਯੁਕਤ, ਵਿਧਾਇਕ ਦਲ ਅਤੇ ਲੋਹੀਆਬਾਦੀ ਸਮਾਜਵਾਦੀਆਂ ਦੇ ਟੁਕੜੇ 1977-80 ਦੇ ਦੌਰ ਵਿੱਚ ਜਨਤਾ ਪਾਰਟੀ ਵਿਚੋਂ ਨਿਕਲੇ। ਬਾਕੀ ਦੂਜੇ ਦਲ ਆਪਣੇ -ਆਪਣੇ ਸੂਬਿਆਂ 'ਚ ਜੰਮੇ ਰਹੇ। ਗੁਜਰਾਤ ਵਿੱਚ ਦਰਜਨ ਭਰ ਸੀਟਾਂ ਅਤੇ ਹਿਮਾਚਲ 'ਚ ਗਿਣਤੀ ਲਾਇਕ ਸੀਟਾਂ ਆਪ ਲਈ ਸੋਨੇ ਤੇ ਸੁਹਾਗੇ ਜਿਹੀਆਂ ਹੋਣਗੀਆਂ ਅਤੇ ਨਵੀਂ ਅਖਿਲ ਭਾਰਤੀ ਪਾਰਟੀ ਬਨਣ ਦਾ ਉਸਦਾ ਸੁਪਨਾ ਪੂਰਾ ਕਰਨਗੀਆਂ।

ਮੋਦੀ ਭਾਜਪਾ ਦੇ ਆਲੋਚਕ, 'ਆਪ' ਦੀ ਖੁਲ੍ਹਕੇ ਤਾਰੀਫ਼ ਨਹੀਂ ਕਰ ਰਹੇ, ਉਸਦਾ ਕਾਰਨ ਹੈ ਕਿ ਉਹ ਇਹ ਸਮਝਦੇ ਹਨ ਕਿ 'ਆਪ' ਦੀ ਵਿਚਾਰਧਾਰਾ ਵਿੱਚ ਸਪੱਸ਼ਟਤਾ ਨਹੀਂ ਹੈ, ਖ਼ਾਸ ਤੌਰ 'ਤੇ ਧਰਮ ਨਿਰਪੱਖਤਾ ਦੇ ਸਵਾਲ 'ਤੇ।

ਆਮ ਆਦਮੀ ਪਾਰਟੀ ਦਾ ਭਾਵੇਂ ਦੇਸ਼ ਦੀ ਲੋਕ ਸਭਾ 'ਚ ਕੋਈ ਮੈਂਬਰ ਨਹੀਂ ਹੈ, ਪਰ ਰਾਜ ਸਭਾ 'ਚ ਉਸਦੇ 10 ਮੈਂਬਰ ਹਨ ਅਤੇ ਤਿੰਨ ਵਿਧਾਨ ਸਭਾਵਾਂ ਦਿੱਲੀ, ਪੰਜਾਬ, ਗੋਆ ਵਿੱਚ ਉਸਦੇ 156 ਵਿਧਾਇਕ ਹਨ। ਭਾਵ 31 ਰਾਜਾਂ ਅਤੇ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਵਿੱਚੋਂ ਦੋ ਉਤੇ ਇਹ ਪਾਰਟੀ ਕਾਬਜ ਹੈ।

**

## ਲਖੀਮਪੁਰ ਖੀਰੀ ਭਗਵੀਂ ਹਿੰਸਾ ਦਾ ਮਾਮਲਾ

ਘਟਨਾ ਵਾਪਰ ਗਈ। ਅੱਜ ਤੱਕ ਅਸੀਂ ਇਸ ਗੱਲ ਦੀ ਉਡੀਕ ਕਰ ਰਹੇ ਹਾਂ ਕਿ ਇਹ ਸ਼ਬਦ ਉਨ੍ਹਾਂ ਦੇ ਮੂੰਹੋਂ ਨਿਕਲ ਸਕਣਗੇ ਜਾਂ ਨਹੀਂ ? ਇਨਸਾਫ਼ ਦੀ ਉਮੀਦ ਦੇ ਸਵਾਲ 'ਤੇ ਜਗਦੀਪ ਦਾ ਕਹਿਣਾ ਹੈ ਕਿ ਉਮੀਦ ਸਿਰਫ਼ ਸੁਪਰੀਮ ਕੋਰਟ ਤੋਂ ਹੀ ਹੈ।

ਤਿਕੂਨੀਆ ਹਿੰਸਾ ਵਿੱਚ ਆਪਣੇ 18 ਸਾਲਾ ਇਕਲੌਤੇ ਪੁੱਤਰ ਲਵਪ੍ਰੀਤ ਸਿੰਘ ਨੂੰ ਗੁਆਉਣ ਵਾਲੇ ਪਿਤਾ ਸਤਨਾਮ ਸਿੰਘ ਕਿਸਾਨ ਹੈ,ਦਾ ਕਹਿਣਾ ਹੈ ਕਿ ਤਿੰਨ ਅਕਤੂਬਰ ਤੋਂ ਬਾਅਦ ਸਾਡੀ ਜ਼ਿੰਦਗੀ ਬਹੁਤ ਬਦਲ ਗਈ ਹੈ, ਪਰ ਅਸੀਂ ਜੋ ਇਨਸਾਫ਼ ਮੰਗ ਰਹੇ ਸੀ, ਉਹ ਨਹੀਂ ਮਿਲਿਆ। ਲਵਪ੍ਰੀਤ ਸਿੰਘ ਦੇ ਪਿਤਾ ਨੇ ਦੱਸਿਆ ਕਿ ਹੁਣ ਧੀਆਂ ਉੱਪਰ ਅਸ਼ਲੀਲ ਟਿੱਪਣੀਆਂ ਕਰਕੇ ਉਨ੍ਹਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਸਤਨਾਮ ਸਿੰਘ ਨੇ ਕੁਝ ਦਿਨ ਪਹਿਲਾਂ ਪਾਲੀਆ ਥਾਣੇ ਵਿੱਚ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਆਈਟੀ ਐਕਟ ਤਹਿਤ ਕੇਸ ਦਰਜ ਕਰਵਾਇਆ ਹੈ। ਜਿਸ ਵਿੱਚ ਉਨ੍ਹਾਂ ਦੀਆਂ ਧੀਆਂ ਬਾਰੇ ਅਸ਼ਲੀਲ ਟਿੱਪਣੀਆਂ ਬਾਰੇ ਸ਼ਿਕਾਇਤ ਹੈ। ਸਤਨਾਮ ਸਿੰਘ ਨੇ ਅੱਗੇ ਕਿਹਾ, ਹੁਣ ਸਾਨੂੰ ਬਦਨਾਮ ਕਰਨ ਲਈ ਸੋਸ਼ਲ ਮੀਡੀਆ 'ਤੇ ਅਸ਼ਲੀਲ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ।

ਇਸ ਪਿੱਛੇ ਵੀ ਭਗਵਿਆਂ ਦੇ ਲੋਕ ਲੱਗੇ ਹੋਏ ਹਨ, ਉਨ੍ਹਾਂ ਨੂੰ ਅਜੇ ਤੱਕ ਨੌਕਰੀ ਵੀ ਨਹੀਂ ਮਿਲੀ, ਸਰਕਾਰੀ ਲਈ ਗੱਲ ਹੋਈ ਸੀ, ਪਰ ਸਹਿਕਾਰੀ ਦੇਣ ਲਈ ਕਿਹਾ ਤਾਂ ਅਸੀਂ ਸਾਰਿਆਂ ਨੇ ਮਨ੍ਹਾਂ ਕਰ ਦਿੱਤਾ। ਇਨਸਾਫ਼ ਦੀ ਆਸ ਲਾਈ ਬੈਠੇ ਹਾਂ।'

ਤਿਕੂਨੀਆ ਕਾਂਡ ਵਿੱਚ ਕਿਸਾਨਾਂ 'ਤੇ ਹਮਲੇ ਤੋਂ ਬਾਅਦ ਹਿੰਸਾ ਵਿੱਚ ਮਾਰੇ ਗਏ ਭਾਜਪਾ ਵਰਕਰ ਸ਼ਿਆਮ ਸੁੰਦਰ ਨਿਸ਼ਾਦ ਦਾ ਪਰਿਵਾਰ ਅਜੇ ਵੀ ਰਾਸ਼ਨ ਕਾਰਡ ਲਈ ਤਰਸ ਰਿਹਾ ਸੀ। ਸ਼ਿਆਮ ਸੁੰਦਰ ਦੀ ਮਾਂ ਫੂਲਮਤੀ ਬੇਟੇ ਦੀ ਤਸਵੀਰ ਦੇਖਦੇ ਹੋਏ ਰੋਣ ਲੱਗਦੀ ਹੈ।ਉਨ੍ਹਾਂ ਨੇ ਦੱਸਿਆ, 'ਕਾਲਜੇ ਦਾ ਟੁਕੜਾ ਸੀ ਚਲਾ ਗਿਆ। ਬਹੂ ਦੇ ਨਾਮ 'ਤੇ 45 ਲੱਖ ਰੁਪਏ ਦਾ ਚੈੱਕ ਮਿਲਿਆ ਸੀ, ਪਰ ਬਹੂ ਚੈੱਕ ਲੈ ਕੇ ਪੇਕੇ ਘਰ ਚਲੇ ਗਈ, ਦੀਵਾਲੀ ਤੋਂ ਉਹ ਵਾਪਸ ਹੀ ਨਹੀਂ ਆਈ।'

ਚਾਰ ਭੈਣਾਂ ਅਤੇ ਦੋ ਭਰਾਵਾਂ ਵਾਲੇ ਪਰਿਵਾਰ ਵਿੱਚ ਸ਼ਿਆਮ ਸੁੰਦਰ ਹੀ ਘਰ ਵਿੱਚ ਇਕੱਲਾ ਹੀ ਕਮਾਉਣ ਵਾਲਾ ਸੀ। ਉਸ ਦੀ ਮਾਂ ਦਾ ਦਾਅਵਾ ਹੈ, 'ਕਦੇ ਕਦੇ ਮੋਨੂੰ ਭਰਾ ਘਰ ਆਉਂਦਾ ਸੀ, ਪਰ ਜਦੋਂ ਤੋਂ ਭਰਾ ਚਲਾ ਗਿਆ, ਕੋਈ ਦੇਖਣ ਵੀ ਨਹੀਂ ਆਇਆ, ਨਾ ਮੰਤਰੀ ਨਾ ਕੋਈ ਹੋਰ। ਮੋਨੂੰ ਭਰਾ ਤਾਂ ਜੇਲ੍ਹ ਵਿੱਚ ਹਨ।' ਮਾਂ ਕਹਿੰਦੀ ਹੈ ਕਿ ਨਾ ਤਾਂ ਰਾਸ਼ਨ ਕਾਰਡ ਹੈ ਜੋ ਅਨਾਜ ਵਗੈਰਾ ਮਿਲ ਜਾਵੇ ਅਤੇ ਨਾ ਹੀ ਕੋਈ ਨੌਕਰੀ ਮਿਲੀ ਹੈ। ਉਹ ਸਿਸਕਦੇ ਹੋਏ ਕਹਿੰਦੀ ਹੈ ਕਿ ਮਦਦ ਨਹੀਂ ਮਿਲੀ ਤਾਂ ਬੇਟੀ ਦਾ ਵਿਆਹ ਕਿਵੇਂ ਹੋਵੇਗਾ।

ਯਾਦ ਰਹੇ ਕਿ ਉੱਤਰ ਪ੍ਰਦੇਸ਼ ਦੇ ਤਰਾਈ ਦੇ ਸਭ ਤੋਂ ਵੱਡੇ ਜ਼ਿਲ੍ਹੇ ਲਖੀਮਪੁਰ ਖੀਰੀ ਵਿੱਚ 3 ਅਕਤੂਬਰ 2021 ਨੂੰ ਤਿਕੂਨੀਆ ਵਿੱਚ ਥਾਰ ਨਾਲ ਕੁਚਲਣ ਅਤੇ ਉਸ ਦੇ ਬਾਅਦ ਦੀ ਹਿੰਸਾ ਵਿੱਚ ਚਾਰ ਕਿਸਾਨ, ਇੱਕ ਪੱਤਰਕਾਰ ਅਤੇ ਤਿੰਨ ਭਾਜਪਾ ਵਰਕਰਾਂ ਦੀ ਮੌਤ ਹੋਈ ਸੀ।

ਥਾਰ ਨਾਲ ਰੌਂਦਣ ਨਾਲ ਬਹਿਰਾਈਚ ਜ਼ਿਲ੍ਹੇ ਦੇ ਬੰਜਾਰਾ ਟਾਂਡਾ ਨਿਵਾਸੀ 37 ਸਾਲ ਦੇ ਕਿਸਾਨ ਦਲਜੀਤ ਸਿੰਘ ਅਤੇ ਮੋਹਰਨੀਆ ਨਿਵਾਸੀ 20 ਸਾਲਾ ਗੁਰਵਿੰਦਰ ਸਿੰਘ ਦੀ ਮੌਤ ਹੋ ਗਈ। ਪਲਿਆ ਦੇ ਚੌਖੜਾ ਫਾਰਮ ਨਿਵਾਸੀ ਸਤਨਾਮ ਸਿੰਘ ਦੇ 18 ਸਾਲਾ ਪੁੱਤਰ ਲਵਪ੍ਰੀਤ ਸਿੰਘ, ਧੌਰਹਰਾ ਤਹਿਸੀਲ ਦੇ 60 ਸਾਲਾ ਕਿਸਾਨ ਨਛੱਤਰ ਸਿੰਘ ਅਤੇ ਨਿਘਾਸਨ ਨਿਵਾਸੀ ਪੱਤਰਕਾਰ ਰਮਨ ਕਸ਼ਿਅਪ ਨੂੰ ਵੀ ਕਾਰ ਨਾਲ ਰੌਂਦ ਦਿੱਤਾ ਗਿਆ। ਖੀਰੀ ਜ਼ਿਲ੍ਹੇ ਦੇ ਸਿੰਗਹਾ ਦੇ ਜੈਪਰਾ ਪਿੰਡ ਨਿਵਾਸੀ ਭਾਜਪਾ ਦੇ ਬਲਾਕ ਪ੍ਰਧਾਨ ਰਹੇ ਸ਼ਿਆਮ ਸੁੰਦਰ, ਲਖੀਮਪੁਰ ਸ਼ਹਿਰ ਦੇ ਸ਼ਿਵਪੁਰੀ ਮੁਹੱਲੇ ਦੇ ਬੂਥ ਪ੍ਰਧਾਨ ਸ਼ੁਭਮ ਮਿਸ਼ਰਾ ਅਤੇ ਟੈਨੀ ਦੇ ਡਰਾਈਵਰ ਹਰੀਓਮ ਮਿਸ਼ਰਾ ਦੀ ਘਟਨਾ ਦੇ ਬਾਅਦ ਉਪਜੀ ਹਿੰਸਾ ਵਿੱਚ ਭੀੜ ਨੇ ਕੁੱਟ ਕੁੱਟ ਕੇ ਹੱਤਿਆ ਕਰ ਦਿੱਤੀ ਸੀ।

ਦੋਵੇਂ ਪਾਸਿਆਂ ਤੋਂ ਤਿਕੂਨੀਆ ਵਿੱਚ ਐੱਫਆਈਆਰ ਦਰਜ ਕਰਾਈ ਗਈ। ਕਿਸਾਨਾਂ ਵੱਲੋਂ ਦਰਜ ਐੱਫਆਈਆਰ ਵਿੱਚ ਮੁੱਖ ਮੁਲਜ਼ਮ ਕੇਂਦਰੀ ਗ੍ਰਹਿ ਰਾਜ ਮੰਤਰੀ ਦੇ ਬੇਟੇ ਆਸ਼ੀਸ਼ ਮਿਸ਼ਰਾ ਮੋਨੂੰ ਸਮੇਤ 13 ਮੁਲਜ਼ਮ ਜੇਲ੍ਹ ਵਿੱਚ ਬੰਦ ਹਨ, ਉੱਥੇ ਹੀ ਆਸ਼ੀਸ਼ ਮਿਸ਼ਰ ਦੇ ਸਾਥੀ ਸੁਮਿਤ ਜਾਇਸਵਾਲ ਦੀ ਐੱਫਆਈਆਰ ਵਿੱਚ ਚਾਰ ਕਿਸਾਨ ਜੇਲ੍ਹ ਵਿੱਚ ਬੰਦ ਹਨ।

***

## ਸਾਨੂੰ 93 ਵੋਟਾਂ ਪਈਆਂ : ਭਗਵੰਤ ਮਾਨ

ਪੰਜਾਬ ਵਿਧਾਨ ਸਭਾ ਅੰਦਰ ਸਰਕਾਰ ਵਲੋਂ ਭਰੋਸਗੀ ਮਤਾ ਪੇਸ਼ ਕਰਨ ਮਗਰੋਂ ਅਕਾਲੀ ਦਲ ਤੇ ਬਸਪਾ ਦੀ ਵੋਟ 'ਤੇ ਵਿਵਾਦ ਛਿੜਨ ਮਗਰੋਂ, ਦੋਵੇਂ ਵਿਧਾਇਕਾਂ ਵਲੋਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਨਾਲ ਮੁਲਾਕਾਤ ਕੀਤੀ ਗਈ। ਅਕਾਲੀ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਤੇ ਬਸਪਾ ਵਿਧਾਇਕ ਡਾ. ਨਛੱਤਰਪਾਲ ਵਲੋਂ ਸਪੀਕਰ ਨੂੰ ਮਿਲ ਕੇ ਆਪਣਾ ਇਤਰਾਜ਼ ਜਤਾਇਆ ਗਿਆ। ਉਨ੍ਹਾਂ ਲਿਖਤੀ ਤੌਰ 'ਤੇ ਸਪੀਕਰ ਕੋਲ ਆਪਣਾ ਇਤਰਾਜ਼ ਦਰਜ ਕਰਾਇਆ। ਬਾਹਰ ਆ ਕੇ ਦੋਵੇਂ ਵਿਧਾਇਕਾਂ ਨੇ ਕਿਹਾ ਕਿ ਅਸੀਂ ਸਪੀਕਰ ਕੋਲ ਆਪਣਾ ਇਤਰਾਜ਼ ਦਰਜ ਕਰਵਾ ਦਿੱਤਾ ਹੈ ਅਤੇ ਕਿਹਾ ਹੈ ਕਿ ਇਸ ਨੂੰ ਰਿਕਾਰਡ ਵਿਚ ਦਰੁਸਤ ਕੀਤਾ ਜਾਵੇ। ਦੋਵਾਂ ਵਿਧਾਇਕਾਂ ਨੇ ਸਪੀਕਰ ਨੂੰ ਕਿਹਾ ਕਿ ਕਿਸੇ ਗ਼ਲਤਫ਼ਹਿਮੀ ਦੇ ਚਲਦਿਆਂ ਉਨ੍ਹਾਂ ਦੀ ਵੋਟ ਨੂੰ ਸਰਕਾਰ ਦੇ ਮਤੇ ਦੇ ਹੱਕ ਵਿਚ ਗਿਣ ਲਿਆ ਗਿਆ, ਜਿਸ ਨੂੰ ਤੁਰੰਤ ਰਿਕਾਰਡ ਵਿਚ ਦਰੁਸਤ ਕਰ ਲਿਆ ਜਾਵੇ। ਡਾ. ਨਛੱਤਰਪਾਲ ਨੇ ਕਿਹਾ ਕਿ ਸਦਨ ਦੇ ਅੰਦਰ ਸਾਰੇ ਪੰਜਾਬ ਦੀਆਂ ਸਮੱਸਿਆਵਾਂ ਨੂੰ ਲੈ ਕੇ ਚਰਚਾ ਕੀਤੀ ਜਾਣੀ ਚਾਹੀਦੀ ਸੀ। ਇਨ੍ਹਾਂ ਵਿਧਾਇਕਾਂ ਨੇ ਪੁੱਛੇ ਜਾਣ 'ਤੇ ਕਿਹਾ ਕਿ ਇਸ ਵਿਚ ਸ਼ਰਾਰਤ ਵੀ ਲਗਦੀ ਹੈ ਤੇ ਭੁਲੇਖਾ ਵੀ ਹੋ ਸਕਦਾ ਹੈ। ਦੋਵਾਂ ਵਿਧਾਇਕਾਂ ਨੇ ਕਿਹਾ ਕਿ 'ਆਪ' ਕੋਲ 92 ਵਿਧਾਇਕ ਹਨ, ਛੇ ਮਹੀਨੇ ਹੋਏ ਹਨ ਕਿਸੇ ਨੇ ਚੈਲੰਜ ਨਹੀਂ ਕੀਤਾ, ਅਜਿਹਾ ਕਰਨ ਦੀ ਕੋਈ ਜ਼ਰੂਰਤ ਨਹੀਂ ਸੀ।

LETTER to the EDITOR

### ਪਾਠਕਾਂ ਦਾ ਨਜ਼ਰੀਆ

# 'ਪਰਵਾਸ' ਦਾ ਸੁਪਨਾ ਲੈਂਦੇ ਪਰਵਾਸੀ

ਕੈਨੇਡਾ ਵੱਲ ਇਹ ਮੇਰਾ ਤੀਜਾ ਗੇੜਾ ਹੈ। ਕੋਰੋਨਾ ਨਾ ਆਉਂਦਾ ਤਾਂ ਸ਼ਾਇਦ ਪੰਜਵਾਂ-ਛੇਵਾਂ ਹੁੰਦਾ। ਹਰ ਗੇੜੇ ਕੈਨੇਡਾ ਦਾ ਤਲਿਸਮ ਮੱਧਮ ਪੈ ਰਿਹਾ ਹੈ। ਜਿਹੜੀਆਂ ਗੱਲਾਂ ਕਰਕੇ ਇਹ ਮੁਲਕ ਸੁਪਨਾ ਲੱਗਦਾ ਸੀ, ਪੰਜਾਬ ਬੈਠਿਆਂ ਨੂੰ ਆਪਣੇ ਵੱਲ ਖਿੱਚਦਾ ਸੀ, ਉਹ ਗੱਲਾਂ ਹੁਣ ਛੋਟੀਆਂ ਲੱਗਣ ਲੱਗੀਆਂ ਹਨ। ਇੱਥੇ ਹੰਢਾਏ ਜਾ ਰਹੇ ਅਨੁਭਵਾਂ ਦੀ ਚੀਸ ਵੱਡੀ ਲੱਗਦੀ ਹੈ। ਕੋਰੋਨਾ ਦੌਰਾਨ ਜਦੋਂ ਪੜ੍ਹਦੇ, ਸੁਣਦੇ ਸਾਂ ਕਿ ਕੈਨੇਡਾ ਸਰਕਾਰ ਘਰ ਬੈਠਿਆਂ ਨੂੰ ਦੋ-ਦੋ ਹਜ਼ਾਰ ਡਾਲਰ ਦੇ ਰਹੀ ਹੈ ਤਾਂ ਟਰੂਡੋ ਉੱਪਰ ਰਸ਼ਕ ਆਉਂਦਾ ਸੀ। ਆਪਣੇ ਦੇਸ਼ ਦੀ ਹਕੂਮਤ ਨੂੰ ਲਾਹਨਤਾਂ ਪਾਉਂਦੇ ਸਾਂ। ਇੱਥੇ ਆ ਕੇ ਪਤਾ ਲੱਗਾ ਹੈ ਕਿ ਉਸ ਖੈਰਾਤ ਨੂੰ ਹਕੂਮਤ ਮੰਡੀ ਦੀ ਗੁੱਝੀ ਜੁਗਤ ਰਾਹੀਂ ਵਸੂਲ ਕਰ ਰਹੀ ਹੈ। ਨਿੱਤ ਵਰਤੋਂ ਦੀ ਹਰ ਚੀਜ਼ ਦੀ ਕੀਮਤ ਡਿਉੜੀ-ਦੁੱਗਣੀ ਹੋ ਗਈ ਹੈ। ਗਰੌਸਰੀ ਕਰਦਿਆਂ ਕਾਰ ਦੀ ਡਿੱਗੀ ਵਿਚ ਜਿਹੜੀ ਰੌਣਕ ਸੌ-ਡੇਢ ਸੌ ਡਾਲਰ ਖ਼ਰਚ ਕੇ ਆ ਜਾਂਦੀ ਸੀ ਉਹ ਹੁਣ ਦੋ ਸੌ ਡਾਲਰ ਖ਼ਰਚ ਕੇ ਵੀ ਨਹੀਂ ਆਉਂਦੀ। ਸਭ ਤੋਂ ਵੱਡੀ ਮਾਰ ਪਈ ਹੈ ਪ੍ਰਾਪਰਟੀ ਨੂੰ। ਕੋਰੋਨਾ ਦੌਰਾਨ ਪਤਲੀ ਪੈ ਗਈ ਵਿੱਤੀ ਹਾਲਤ ਨੂੰ ਸੁਧਾਰਨ ਲਈ ਬੈਂਕਾਂ ਨੇ ਕਰਜ਼ੇ ਉੱਪਰ ਵਿਆਜ ਦਰਾਂ ਦੋ ਪਰਸੈਂਟ ਤੋਂ ਵੀ ਹੇਠਾਂ ਲੈ ਆਂਦੀਆਂ। ਨਤੀਜਾ ਇਹ ਹੋਇਆ ਕਿ ਪਹਿਲਾਂ ਹੀ ਪੂੰਜੀਪਤੀ ਹੋਏ ਲੋਕਾਂ ਨੇ ਹੋਰ ਨਵੇਂ ਘਰ ਖ਼ਰੀਦਣੇ ਸ਼ੁਰੂ ਕਰ ਦਿੱਤੇ। ਨਵੇਂ-ਨਵੇਂ ਪੀਆਰ ਹੋਏ ਬੱਚਿਆਂ ਲਈ ਘਰ ਖ਼ਰੀਦਣੇ ਤਾਂ ਮੁਸ਼ਕਲ ਹੋਏ ਹੀ ਹਨ, ਕਿਰਾਏ 'ਤੇ ਰਹਿਣਾ ਵੀ ਔਖਾ ਹੋ ਗਿਆ। ਇਸ ਦਾ ਨਤੀਜਾ ਇਹ ਹੋਇਆ ਕਿ ਲੋਕਾਂ ਦਾ ਇਸ ਮੁਲਕ ਨਾਲੋਂ ਮੋਹ ਭੰਗ ਹੋਣਾ ਸ਼ੁਰੂ ਹੋ ਗਿਆ। ਲੋਕਾਂ ਨੇ ਇੱਥੋਂ ਕਿਸੇ ਹੋਰ ਦੇਸ਼ ਵਿਚ ਜਾਣ ਬਾਰੇ ਸੋਚਣਾ ਸ਼ੁਰੂ ਕਰ ਦਿੱਤਾ ਹੈ। ਇਕ ਨਵੇਂ ਸਰਵੇਖਣ ਮੁਤਾਬਕ ਤੀਹ ਫ਼ੀਸਦੀ ਨੌਜਵਾਨ ਪਰਵਾਸੀਆਂ ਨੇ ਅਗਲੇ ਦੋ ਸਾਲਾਂ ਦੌਰਾਨ ਕੈਨੇਡਾ ਛੱਡਣ ਦਾ ਮਨ ਬਣਾ ਲਿਆ ਹੈ। ਇਹ ਸਰਵੇਖਣ ਕੈਨੇਡੀਅਨ ਨਾਗਰਿਕਤਾ ਸਬੰਧੀ ਸੰਸਥਾ ਲੀਗਰ ਵੱਲੋਂ ਕਰਵਾਇਆ ਗਿਆ ਹੈ। ਇਸ ਸਰਵੇਖਣ ਮੁਤਾਬਕ 18-34 ਸਾਲ ਉਮਰ ਵਰਗ ਦੇ ਤੀਹ ਪ੍ਰਤੀਸ਼ਤ ਨਵੇਂ ਬਣੇ ਕੈਨੇਡੀਅਨ ਅਤੇ 23 ਪ੍ਰਤੀਸ਼ਤ ਯੂਨੀਵਰਸਿਟੀ ਪੜ੍ਹਾਕੂ ਅਗਲੇ ਦੋ ਸਾਲਾਂ ਦੌਰਾਨ ਕਿਸੇ ਹੋਰ ਦੇਸ਼ ਜਾਣ ਦਾ ਮਨ ਬਣਾਈ ਬੈਠੇ ਹਨ। ਇਨ੍ਹਾਂ ਹਾਲਤਾਂ ਦੇ ਚੱਲਦਿਆਂ ਵੀ ਕੈਨੇਡਾ ਦਾ ਯੂਥ ਇਹ ਸਮਝਦਾ ਹੈ ਕਿ ਕੈਨੇਡਾ ਨੇ ਪਰਵਾਸੀਆਂ ਨੂੰ ਬਿਹਤਰ ਜੀਵਨ ਜਿਊਣ ਦੀਆਂ ਸਹੂਲਤਾਂ ਦਿੱਤੀਆਂ ਹਨ ਪਰ ਨਵੇਂ ਸਰਵੇਖਣ ਇਹ ਸੰਕੇਤ ਦੇ ਰਹੇ ਹਨ ਕਿ ਕੈਨੇਡਾ ਵਿਚ ਆਪਣਾ ਭਵਿੱਖ ਵੇਖਣ ਵਾਲਿਆਂ ਦਾ ਵਿਸ਼ਵਾਸ ਡਗਮਗਾਇਆ ਹੈ ਅਤੇ ਇਹ ਓਟਾਵਾ ਲਈ ਖ਼ਤਰੇ ਦੀ ਘੰਟੀ ਹੈ। ਇਸ ਰੁਝਾਨ ਦਾ ਸਭ ਤੋਂ ਵੱਡਾ ਕਾਰਨ ਇੱਥੇ ਜਿਊਣਾ ਮਹਿੰਗਾ ਹੋ ਗਿਆ ਹੈ। ਵਧਦੀਆਂ ਕੀਮਤਾਂ ਦਾ ਮਤਲਬ ਦੁਨੀਆ ਵਿਚ ਕਿਸੇ ਹੋਰ ਸਥਾਨ ਦੀ ਭਾਲ ਜਿੱਥੇ ਰਹਿਣਾ, ਖਾਣਾ-ਪੀਣਾ, ਜੀਵਨ ਦੀਆਂ ਸਾਧਾਰਨ ਸੁੱਖ-ਸਹੂਲਤਾਂ ਨੂੰ ਮਾਣਨਾ ਆਸਾਨ ਹੋਵੇ। ਜੇਬ ਵਿਚ ਛਣਕਦੀ ਭਾਨ ਹੋਵੇ ਅਤੇ ਜਿਊਣ ਦੇ ਸਬੱਬ ਖ਼ਰੀਦਣ ਦੀ ਔਕਾਤ ਹੋਵੇ। ਤੰਗੀਆਂ-ਤੁਰਸ਼ੀਆਂ ਜਿਨ੍ਹਾਂ ਨੂੰ ਗਲੋਂ ਲਾਹੁਣ ਲਈ ਉਨ੍ਹਾਂ ਆਪਣੀ ਜਨਮ ਭੋਇੰ ਛੱਡੀ ਹੈ, ਆਪਣਾ ਵਤਨ ਛੱਡਿਆ ਹੈ, ਆਪਣੀ ਹੋਂਦ ਨਾਲ ਜੁੜੇ ਬਹੁਤ ਸਾਰੇ ਸਵਾਲ ਛੱਡੇ ਹਨ, ਮੁੜ ਉਨ੍ਹਾਂ ਲਈ ਵੰਗਾਰ ਨਾ ਬਣ ਜਾਣ। ਪਰਵਾਸ ਹਮੇਸ਼ਾ ਬਿਹਤਰ ਜੀਵਨ ਹਾਲਤਾਂ ਦੀ ਤਲਾਸ਼ ਵਿਚ ਨਿਕਲੇ ਲੋਕਾਂ ਦਾ ਸੁਪਨਾ ਹੁੰਦਾ ਹੈ। ਜਦੋਂ ਇਹ ਸੁਪਨਾ ਟੁੱਟਦਾ ਹੈ ਤਾਂ ਤਲਾਸ਼ ਵੀ ਨਵੇਂ ਰਾਹ ਲੱਭਦੀ ਹੈ। ਜਦ ਘਰੋਂ ਨਿਕਲ ਹੀ ਤੁਰੇ ਤਾਂ ਫਿਰ ਇੱਥੇ ਕੀ ਤੇ ਉੱਥੇ ਕੀ। ਨਵੀਆਂ ਰਾਹਾਂ ਪਿਛਲੀਆਂ ਥਾਵਾਂ ਦੇ ਚੇਤਿਆਂ ਨੂੰ ਵੀ ਪੈੜਾਂ ਦਾ ਹਮਸਫ਼ਰ ਬਣਾ ਲੈਂਦੀਆਂ ਹਨ। ਮਲਟੀਕਲਚਰਡ ਸੱਭਿਅਤਾ ਲਈ ਵਿਕਾਸ ਦੀ ਗਤੀ ਦਾ ਹੁਸਨ ਨੌਜਵਾਨ ਇਰਾਦਿਆਂ ਦਾ ਮੁਥਾਜ ਹੁੰਦਾ ਹੈ। ਪਰਵਾਸੀਆਂ ਦਾ ਇਕ ਹੋਰ ਪਰਵਾਸ 'ਤੇ ਤੁਰ ਜਾਣ ਦਾ ਇਰਾਦਾ ਹਕੂਮਤਾਂ ਲਈ ਪਰੇਸ਼ਾਨੀ ਦਾ ਸਬੱਬ ਵੀ ਬਣਦਾ ਹੈ। ਪਰਵਾਸੀ ਦਾ ਇਰਾਦਾ ਹੀ ਉਸ ਦਾ ਸਰਮਾਇਆ ਹੁੰਦਾ ਹੈ। ਕਠਿਨ ਹਾਲਤਾਂ 'ਚੋਂ ਨਿਕਲ ਕੇ ਆਪਣੀ ਮਿਹਨਤ, ਜਜ਼ਬੇ ਅਤੇ ਇਰਾਦੇ ਨਾਲ ਨਵੀਆਂ ਮੰਜ਼ਿਲਾਂ ਸਰ ਕਰਨੀਆਂ ਭਾਵ ਆਪਣੇ ਲਈ ਇਕ ਨਵੀਂ ਦੁਨੀਆ ਸਿਰਜਣੀ ਉਸ ਦਾ ਸੁਪਨਾ ਹੁੰਦਾ ਹੈ। ਪਰਵਾਸ ਨੰਗੇ ਪੈਰੀਂ ਤਪਦੇ ਥਲ ਨੂੰ ਗਾਹੁੰਦਾ ਨਖ਼ਲਿਸਤਾਨ ਹੁੰਦਾ ਹੈ। ਉਹ ਪੀੜ੍ਹੀਆਂ ਦੀ ਗ਼ੁਰਬਤ ਧੋਣ ਲਈ ਬੇਘਰ ਹੋ ਕੇ ਘਰ ਦੀ ਤਲਾਸ਼ 'ਚ ਨਿਕਲੀ ਆਸ ਹੁੰਦਾ ਹੈ। ਆਸਰਾ ਦਿੱਤੇ ਮੁਲਕ ਨੇ ਇਨ੍ਹਾਂ ਗੱਲਾਂ ਦਾ ਲਾਹਾ ਖੱਟਦਿਆਂ ਹਰ ਤਰ੍ਹਾਂ ਦੇ ਵਿਕਾਸ ਨੂੰ ਗਤੀ ਦੇਣ ਲਈ ਇਨ੍ਹਾਂ ਪਰਵਾਸੀਆਂ ਦੀ ਊਰਜਾ ਨੂੰ ਵਰਤਣਾ ਹੁੰਦਾ ਹੈ। ਸਰਵੇ ਦੱਸਦੇ ਹਨ ਕਿ ਅੱਜ ਮਹਿੰਗਾਈ ਦੀ ਇਸ ਮਾਰ ਦਾ ਡੰਗ ਪਿਛਲੇ ਤੀਹਾਂ ਸਾਲਾਂ 'ਚ ਸਭ ਤੋਂ ਵੱਧ ਹੈ। ਅਰਥ ਸ਼ਾਸਤਰੀ ਇਸ ਰੁਝਾਨ ਦੇ ਹੋਰ ਵਧਣ ਦੀ ਚੇਤਾਵਨੀ ਦੇ ਰਹੇ ਹਨ।



ਕੈਨੇਡਾ ਨਾਲੋਂ ਮੋਹ-ਭੰਗ ਹੋਣ ਦੇ ਹੋਰ ਕਾਰਨਾਂ ਵਿਚ ਪਰਵਾਸੀਆਂ ਲਈ ਇੱਜ਼ਤ-ਮਾਣ ਵਾਲੀਆਂ ਨੌਕਰੀਆਂ ਦੀ ਥੁੜ ਵੀ ਹੈ। ਵੇਅਰ-ਹਾਊਸ ਦੀ ਜੌਬ ਉਹ ਵੀ ਘੱਟ ਤਨਖ਼ਾਹਾਂ 'ਤੇ ਕਰਨ ਲਈ ਮਜਬੂਰ ਹੋਣਾ, ਆਪਣੀ ਯੋਗਤਾ ਦੇ ਅਨੁਕੂਲ ਜੌਬ ਨਾ ਮਿਲਣੀ, ਕੋਈ ਸਤਿਕਾਰਤ ਸਮਾਜਿਕ ਰੁਤਬਾ ਨਾ ਮਿਲਣਾ ਆਦਿ ਵੀ ਇਕ ਵੱਡਾ ਕਾਰਨ ਹੈ ਕਿ ਲੋਕ ਇੱਥੋਂ ਚਲੇ ਜਾਣ ਦਾ ਸੋਚ ਰਹੇ ਹਨ। ਯੂਨੀਵਰਸਿਟੀ ਦੀ ਪੜ੍ਹਾਈ ਮੁਕੰਮਲ ਕਰ ਚੁੱਕੇ ਸਿਰਫ਼ ਤੀਹ ਪ੍ਰਤੀਸ਼ਤ ਪਰਵਾਸੀਆਂ ਦਾ ਹੀ ਮੰਨਣਾ ਹੈ ਕਿ ਉਨ੍ਹਾਂ ਨੂੰ ਚੰਗੀ ਜੌਬ ਅਤੇ ਉੱਚਿਤ ਤਨਖ਼ਾਹ ਮਿਲ ਰਹੀ ਹੈ। ਬਹੁਤੇ ਟਰੱਕ ਡਰਾਈਵਰ ਬਣਨ ਨੂੰ ਤਰਜੀਹ ਦਿੰਦੇ ਹਨ ਕਿਉਂਕਿ ਓਥੇ ਪੈਸੇ ਵੱਧ ਬਣਦੇ ਹਨ। ਉਂਜ ਜਿਸ ਸਿਸਟਮ ਦੀ ਸ਼ਲਾਘਾ ਕਰਦੇ ਅਸੀਂ ਇੱਥੇ ਆ ਵਸੇ ਹਾਂ ਉਸ ਸਿਸਟਮ ਨੂੰ ਬਣਾਈ ਰੱਖਣਾ ਵੀ ਸਾਡਾ ਫ਼ਰਜ਼ ਹੈ। ਸਿਸਟਮ ਵਿਚ ਪੈਦਾ ਹੋ ਰਹੇ ਵਿਗਾੜ ਵਿਚ ਸਾਨੂੰ ਆਪਣੀ ਭੂਮਿਕਾ ਦਾ ਲੇਖਾ-ਜੋਖਾ ਵੀ ਕਰਨਾ ਬਣਦਾ ਹੈ। ਅਸੀਂ ਇਸ ਫ਼ਰਜ਼ ਨਾਲ ਕਿੰਨੀ ਕੁ ਵਫ਼ਾਦਾਰੀ ਪਾਲ ਰਹੇ ਹਾਂ, ਇਸ ਫ਼ਿਕਰ ਬਾਰੇ ਕਦੇ ਫਿਰ ਗੱਲ ਕਰਾਂਗੇ।

**ਮਲਵਿੰਦਰ**
**ਮੋ. 97795-91344**

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ

ਜਾਣੋ ਪਲ ਪਲ ਦੀ ਖਬਰ




ON

jus PUNJABI HD sling

CREDIBILITY RELIABILITY

Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com